# ਸਮਤਾ

ਮਈ 1981 (ਅੰਕ 12)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸ਼ੈਲੇਸ਼ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

12

# ਸਮਤਾ

ਮਈ, 1981

## ਇਸ ਅੰਕ ਵਿਚ :


ਸੰਪਾਦਕੀ ਟਿਪਣੀਆਂ :

ਸਿਧਾਂਤ ਤੇ ਅਮਲ : ਮਾਰਕਸਵਾਦੀ ਫਲਸਫੇ ਦੀ ਸਾਨੂੰ ਦੇਣ ।

ਬੰਧਕ ਮਜ਼ਦੂਰ : ਸੜਕ ਅਤੇ ਭੱਠਾ ਮਜ਼ਦੂਰਾਂ ਬਾਰੇ ।

ਪੰਜਾਬ ਦਾ ਵਿਦਿਆਰਥੀ ਵਰਗ : ਵਿਦਿਆਰਥੀ ਜਥੇਬੰਦੀਆਂ ਬਾਰੇ ।

ਸ਼ੋਸ਼ੇ : ਖਾਲਿਸਤਾਨ ਅਤੇ ਸਿੱਖ ਕੌਮ ।

ਕਰਨੈਲ ਬਾਗੀ : ਵਿਛੜੇ ਦੋਸਤ ਦੀ ਯਾਦ ਵਿਚ ।

ਕਮਿਊਨਿਸਟਾਂ ਦਾ ਪਬਲਿਕ ਵਰਤਾਰਾ : ਸਾਥੀ ਅਨੰਦ ਦੀ ਇਕ ਚਿੱਠੀ ਬਾਰੇ ।

ਕਹਾਣੀ : ਅਦਨਾ ਇਨਸਾਨ, ਅਤਰਜੀਤ ।

ਇਕ ਸਕੈਚ : ਜੇਲ੍ਹ ਦੀ ਜ਼ਿੰਦਗੀ ਬਾਰੇ—ਸਭ ਅੱਛਾ ਹੈ—ਕੰਵਲਜੀਤ ਖੰਨਾ ।

ਪੁਸਤਕ ਰੀਵੀਊ : ਦਲੀਪ ਕੌਰ ਟਿਵਾਣਾ ਦਾ ਨਾਵਲ "ਪੀਲਿਆਂ ਪੱਤਿਆਂ ਦੀ ਦਾਸਤਾਨ" —ਸੋਹਣ ਸਿੰਘ ਜੋਸ਼

ਆਸਾਮ ਬਾਰੇ : ਪ੍ਰੋਫੈਸਰ ਭਾਰਦਵਾਜ ਦਾ ਇਕ ਖੋਜ ਭਰਿਆ ਲੇਖ ।

ਇੰਦਰ ਸਿੰਘ ਖਾਮੋਸ਼ ਦਾ ਨਾਵਲ "ਚਾਨਣ ਦਾ ਜੰਗਲ" —ਜਸਵੰਤ ਸਿੰਘ ਕੰਵਲ

ਪਾਠਕ ਲੇਖਕ ਫੋਰਮ : ਅਧਿਆਪਕ ਵਰਗ ਬਾਰੇ—ਹੀਰਾ ਸਿੰਘ, ਸੁਰਜੀਤ ਬਰਾੜ

ਆਈ. ਜੀ. ਪੁਲੀਸ ਦਾਨੇਵਾਲੀਆ ਦੀ ਚਿੱਠੀ—ਨਵਕਿਰਨਜੀਤ ਤੇ ਇਕ ਹੋਰ ਪਾਠਕਾ

ਸਮਤਾ ਦੇ ਮੈਟਰ ਬਾਰੇ : ਕੁਲਬੀਰ ਸਿੰਘ, ਗੁਰਬਖਸ਼ ਜਸ, ਹਰਭਜਨ ਸਿੰਘ ਹੁੰਦਲ, ਫਕੀਰ ਚੰਦ ਸ਼ੁਕਲਾ

ਵਿਰਸੇ ਬਾਰੇ : ਨਿਰਮਲ ਕੌਰ

ਜ਼ਾਤ ਕੁਜ਼ਾਤ ਦਾ ਮਸਲਾ—ਸ਼ਹਿਰਯਾਰ

ਤਾਜਪੋਸ਼ੀ : ਕਰਨੈਲ ਬਾਗੀ


ਮੁਲ ਦੋ ਰੁਪਏ

# ਸੰਪਾਦਕੀ ਟਿਪਣੀਆਂ

—ਗੁਰਸ਼ਰਨ ਸਿੰਘ

## 1. ਸਿਧਾਂਤ ਤੇ ਅਮਲ

ਕਮਿਊਨਿਸਟ ਫਲਸਫਾ ਇਕ ਸਰਗਰਮ ਐਕਸ਼ਨ ਦਾ ਫਲਸਫਾ ਹੈ। ਮਾਰਕਸ ਨੇ ਕਮਿਊਨਿਸਟ ਮੈਨੀਫੈਸਟੋ ਦੇ ਮੁੱਢਲੇ ਸ਼ਬਦਾਂ ਵਿਚ ਹੀ ਕਿਹਾ ਹੈ, ਫਿਲਾਸਫਰਾਂ ਨੇ ਸਮਾਜ ਬਾਰੇ ਅਪਣੀ ਵਿਆਖਿਆ ਦਿਤੀ ਹੈ ਪਰ ਅਸਲ ਲੋੜ ਇਸ ਦੀ ਵਿਆਖਿਆ ਦੀ ਨਹੀਂ, ਇਸਨੂੰ ਬਦਲਨ ਦੀ ਹੈ, ਸਾਫ ਹੈ ਕਿ ਕਮਿਊਨਿਸਟਾਂ ਦਾ ਇਕ ਫਰਜ਼ ਜਿਥੇ ਅਪਣੇ ਆਲੇਦੁਆਲੇ ਦੇ ਸਮਾਜ ਦੀ ਵਿਗਿਆਨਿਕ ਵਿਆਖਿਆ ਦਾ ਹੈ, ਉਥੇ ਵਡਾ ਫਰਜ਼ ਇਸਨੂੰ ਬਦਲਨ ਦਾ ਹੈ। ਹਿੰਦੋਸਤਾਨ ਦੇ ਕਮਿਊਨਿਸਟਾਂ ਬਾਰੇ ਇਹ ਸੌਖਿਆਂ ਹੀ ਕਿਹਾ ਜਾ ਸਕਦਾ ਹੈ ਕਿ ਉਹਨਾਂ ਨੇ ਪਹਿਲਾ ਫਰਜ਼ ਤਾਂ ਬੜਾ ਗੱਜ ਵੱਜ ਕੇ ਨਿਭਾਇਆ ਹੈ ਅਤੇ ਟਨਾਂ ਦੇ ਟਨ ਸਾਹਿਤ ਇਸ ਵਿਆਖਿਆ ਦੇ ਲਿਖੇ ਹਨ, ਪਰ ਜਦੋਂ ਕੋਈ [illegible] ਕਦਮ ਚੁਕਣ ਦੀ ਵਾਰੀ ਆਈ ਹੈ, ਉਥੇ ਉਹ [illegible] ਭੰਬਲ ਭੂਸਿਆਂ ਵਿਚ ਹੀ ਫਸੇ ਰਹੇ ਹਨ। ਇਸਦਾ ਇਕ ਕਾਰਨ ਤਾਂ ਕਮਿਊਨਿਸਟ ਲੀਡਰ-ਸ਼ਿਪ ਵਿਚ ਬੁਰਜੂਆ ਅਨਸ਼ ਦਾ ਭਾਰੂ ਹੋਣਾ ਹੈ, ਜੋ ਕਰਮਖੇਤਰ ਤੋਂ ਦੂਰ ਹਰ ਕਿਸਮ ਦੀ ਬਹਿਸ ਤਾਂ ਬਹੁਤ ਵਧੀਆ ਅਤੇ ਬਾਦਲੀਲ ਕਰ ਸਕਦੇ ਹਨ, ਪਰ ਕਰਮ-ਖੇਤਰ ਵਿਚ ਉਹਨਾਂ ਦੀ ਭੂਮਿਕਾ ਹਮੇਸ਼ਾਂ 'ਪੂਛਲ' ਦੀ ਹੁੰਦੀ ਹੈ। ਭਾਵੇਂ ਆਸਾਮ ਅੰਦੋਲਨ ਹੋਵੇ, ਭਾਵੇਂ ਗੁਜਰਾਤ ਅੰਦੋਲਨ ਹੋਵੇ, ਅਲੋਗੜ ਦੇ ਫਸਾਦ ਹੋਣ ਜਾਂ ਅਲੀਗੜ੍ਹ ਯੂਨੀਵਰਸਟੀ ਵਿਚ ਕਿਸੇ ਪਰਗਤੀਵਾਦੀ ਪ੍ਰੋਫੈਸਰ ਦੀ ਤੌਹੀਨ ਦਾ ਮਸਲਾ ਹੋਵੇ। ਕਮਿਊਨਿਸਟਾਂ ਕੋਲ ਇਹਨਾਂ ਮਸਲਿਆਂ ਦੀ ਵਿਆਖਿਆ ਜ਼ਰੂਰ ਹੈ, ਪਰ ਰਣ ਖੇਤਰ ਵਿਚ ਜਿਥੇ ਇਹਨਾਂ ਮਸਲਿਆਂ ਤੇ ਜ਼ਿੰਦਗੀ ਮੌਤ ਦੀ ਲੜਾਈ ਹੋ ਰਹੀ ਹੋਵੇ, ਕਿਧਰੇ ਵੀ ਪਹਿਲ ਕਦਮੀ ਜਾਂ ਮੋਰਚਾਬੰਦੀ ਜਾਂ ਲਾਮਬੰਦੀ ਕਮਿਊਨਿਸਟਾਂ ਦੇ ਹੱਥ ਨਹੀਂ ਹੁੰਦੀ, ਹਾਲਾਂ ਕਿ ਸਿਧਾਂਤਕ ਵਿਆਖਿਆ ਸਾਡੇ ਕੋਲ ਸਾਰਿਆਂ ਨਾਲੋਂ ਵੱਧ ਕੇ ਦਰੁਸਤ ਹੁੰਦੀ ਹੈ। ਸਾਨੂੰ ਇਸਦਾ ਕਾਰਨ ਲਭਣਾ ਚਾਹੀਦਾ ਹੈ। ਇਕ ਕਾਰਨ ਦਾ ਮੈਂ ਉਤੇ ਸੰਕੇਤ ਕੀਤਾ ਹੈ ਕਿ ਕਮਿਊਨਿਸਟ ਲਹਿਰ ਵਿਚ (ਇਸ ਵਿਚ ਸੀ. ਪੀ. ਆਈ., ਸੀ. ਪੀ. ਐਮ ਅਤੇ ਨਕਸਲਬਾੜੀ ਸਭ ਆਂਦੇ ਹਨ) ਬੁਰਜੂਆ ਲੀਡਰਸ਼ਿਪ ਦਾ ਭਾਰੂ ਹੋਣਾ ਹੈ, ਪਰ ਦੂਜਾ ਵਡਾ ਕਾਰਨ ਜਿਹੜਾ ਸਾਨੂੰ ਹਰਕਤ ਵਿਚ ਆਉਣ ਤੋਂ ਰੋਕਦਾ ਹੈ, ਉਹ ਸਾਡੀ ਉਹ ਦਿਮਾਗੀ ਸੋਚ ਹੈ ਕਿ ਅਸੀਂ ਹਰ ਇਕ ਭੈੜ ਨੂੰ ਸਿਸਟਮ ਦੀ ਦੇਣ ਕਹਿ ਕੇ ਟਾਲ ਦੇਂਦੇ ਹਾਂ। ਇਸ ਵਿਚ ਸਰ-ਗਰਮ ਦਖਲਅੰਦਾਜ਼ੀ ਕਰਨ ਤੋਂ ਸੰਕੋਚ ਕਰਦੇ ਹਾਂ। ਜ਼ਾਤਪਾਤ ਦਾ ਮਸਲਾ ਹੈ।

"ਸਾਥੀ ਜੀ, ਤੁਹਾਡਾ ਇਸ ਬਾਰੇ ਕੀ ਵਿਚਾਰ ਹੈ?"

"ਕਾਮਰੇਡ, ਇਹ ਸਰਮਾਏਦਾਰੀ ਸਿਸਟਮ ਦੀ ਦੇਣ ਹੈ, ਬਗ਼ੈਰ ਇਨਕਲਾਬ ਦੇ ਇਸਦਾ ਕੋਈ ਹਲ ਨਹੀਂ।"

"ਹੱਛਾ?"

"ਪਰ ਕਾਮਰੇਡ, ਤੁਰ ਕਿਧਰ ਪਿਆ ਏਂ?"

"ਉੱਚ ਜਾਤੀ ਦੇ ਗੁੰਡਿਆਂ ਨੇ ਅਜ ਸਾਡੀਆਂ ਬਸਤੀਆਂ ਤੇ ਹਮਲਾ ਕਰਨ ਦੀ ਵਿਉਂਤ ਬਣਾਈ ਹੈ, ਕੁਝ ਤੇ ਉਪਰਾਲਾ ਕਰਨਾ ਹੈ"

"ਪਰ........."

"ਪਰ ਕੀ? ਸਾਥੀ ਜੀ, ਅਸੀਂ ਤੁਹਾਡਾ ਇਨਕ-ਲਾਬ ਥੋੜੇ ਉਡੀਕਦੇ ਰਹਿਣਾ ਏ?"

ਸਾਥੀ ਜੀ ਖਲੋਤਾ ਉਥੇ ਮੂੰਹ ਵੇਖ ਰਿਹਾ ਹੈ। ਹਰੀਜਨਾਂ ਦਾ ਇਕ ਚੌਧਰੀਨੁਮਾ ਬੰਦਾ ਜਿਹੜਾ ਉਤਨਾ ਹੀ ਵਡਾ ਗੁੰਡਾ ਹੈ, ਜਿਤਨੇ ਉੱਚੀ ਜਾਤ ਵਾਲੇ ਚੌਧਰੀ ਗੁੰਡੇ ਨੇ, ਜਿਹੜਾ ਇਖਲਾਕੀ ਕਦਰਾਂ ਕੀਮਤਾਂ ਵਲੋਂ ਉਤਨਾਂ ਹੀ ਘੱਟੀਆ ਹੈ, ਜਿਤਨੇ ਉਚੀ ਜਾਤ ਵਾਲੇ ਗੁੰਡੇ ਹਨ। ਉਹ ਹਰੀਜਨਾਂ ਦਾ ਆਗੂ ਬਣ ਜਾਂਦਾ ਹੈ। ਉਹਨਾਂ ਦੇ ਹੱਥ ਡੰਡੇ ਆਦਿਕ ਪਕੜਾ ਕੇ ਉਹਨਾਂ ਨੂੰ ਰਣਖੇਤਰ ਵਿਚ ਲੈ ਆਂਦਾ ਹੈ। ਨਤੀਜਾ ਮਸਲੇ ਨੂੰ ਹੋਰ ਗੁੰਝਲਦਾਰ ਬਨਾਉਣ ਤੋਂ ਸਿਵਾ ਹੋਰ ਕੁਝ ਨਹੀਂ ਨਿਕਲਦਾ। ਇਸ ਗੁੰਝਲ ਦੀ ਵਿਆਖਿਆ ਲਈ ਸਾਥੀ ਵੀਰ ਨੂੰ ਮਾਰਕਸ, ਲੈਨਿਨ, ਮਾਓ ਦੇ ਗਰੰਥ ਫਰੋਲਨੇ ਪੈਂਦੇ ਹਨ, ਪਰ ਉਹ ਵਿਆਖਿਆ ਮਿਲਦੀ ਨਹੀਂ, ਕਿਉਂਕਿ ਜਰਮਨੀ, ਇੰਗਲੈਂਡ; ਫਰਾਂਸ, ਰੂਸ, ਚੀਨ ਵਿਚ ਕਿਧਰੇ ਵੀ ਹਰੀਜਨ ਨਾਂ ਦੀ ਕੋਈ ਚੀਜ਼ ਨਹੀਂ ਸੀ।

ਰੋਜ਼ ਦੀ ਜ਼ਿੰਦਗੀ ਵਿਚ ਭ੍ਰਿਸ਼ਟਾਚਾਰ ਹੈ। ਕਾਮ-ਰੇਡਾਂ ਦੀ ਅਪਣੀਆਂ ਯੂਨੀਅਨਾਂ ਦੇ ਅਹੁਦੇਦਾਰ ਭ੍ਰਿਸ਼ਟਾ-ਚਾਰੀ ਹਨ। ਇਸ ਭੈੜ ਨੂੰ ਅਖੋਂ ਪਰੋਖੇ ਇਹ ਕਹਿਕੇ ਕਰ ਦਿਤਾ ਜਾਂਦਾ ਹੈ:

"ਕਾਮਰੇਡ ਇਹ ਸਿਸਟਮ ਦੀ ਦੇਣ ਹਨ। ਭ੍ਰਿਸ਼ਟਾਚਾਰ ਦਾ ਇਲਾਜ ਤਾਂ ਇਨਕਲਾਬ ਹੀ ਕਰ ਸਕਦਾ ਹੈ। ਐਵੇਂ ਭਾਵੁਕ ਹੋਣ ਦਾ ਕੀ ਫਾਇਦਾ?"

ਇਕ ਕਮਿਊਨਿਸਟ ਜਿਸਨੂੰ ਸਮਾਜ ਦੇ ਹਰ ਖੇਤ ਵਿਚ ਹਰ ਮਸਲੇ ਬਾਰੇ ਸਰਗਰਮ ਹੋਣਾ ਚਾਹੀਦਾ ਹੈ, ਉਹ ਇਸ ਸੋਚ ਨਾਲ ਇਕ ਤਮਾਸ਼ਬੀਨ ਤੋਂ ਸਿਵਾ ਕੁਝ ਨਹੀਂ ਰਹਿੰਦਾ। ਰਾਸ਼ਨ ਡਿਪੂ ਵਿਚ ਘੱਟ ਤੋਲਿਆ ਜਾ ਰਿਹਾ ਹੈ। ਹਸਪਤਾਲ ਵਿਚ ਕਮਿਊਨਿਸਟ ਪੱਖੀ ਡਾਕਟਰਾਂ ਦੇ ਨੱਕ ਥਲੇ ਮਰੀਜ਼ਾਂ ਨੂੰ ਨਾਜਾਇਜ਼ ਤੌਰ ਤੇ ਤੰਗ ਕੀਤਾ ਜਾ ਰਿਹਾ ਹੈ। ਪਟਵਾਰੀ ਕਮਿਊਨਿਸਟ ਸਰਪੰਚਾਂ ਦੇ ਸਹਿਯੋਗ

ਨਾਲ ਲੋਕਾਂ ਦੀ ਛਿੱਲ ਲਾਹ ਰਿਹਾ ਹੈ। ਉਸਦੀ ਇਸ ਹਰਕਤ ਨੂੰ ਇਹ ਵਿਆਖਿਆ ਦੇਕੇ ਨਜ਼ਰ ਅੰਦਾਜ਼ ਕਰ ਦਿਤਾ ਜਾਂਦਾ ਹੈ "ਵਿਚਾਰਾ ਛੋਟਾ ਮੁਲਾਜ਼ਮ ਹੈ, ਵਡੇ ਮਗਰਮੱਛ ਤਾਂ ਉਪਰ ਬੈਠੇ ਹਨ।"

ਇਹ ਇਕ ਰੁੱਚੀ ਬਣ ਗਈ ਹੈ ਕਿ ਹਰ ਇਕ ਕੋਹੜ ਨੂੰ ਨਜ਼ਰਅੰਦਾਜ਼ ਕੀਤਾ ਜਾਏ ਕਿ ਇਹ ਸਿਸਟਮ ਦੀ ਦੇਣ ਹੈ। ਟੀਚਰ ਬੱਚਿਆਂ ਨੂੰ ਪੜ੍ਹਾਉਂਦਾ ਨਹੀਂ, ਸ਼ਰਾਬ ਪੀਂਦਾ ਹੈ, ਨਕਲ ਮਰਵਾਉਂਦਾ ਹੈ, ਹਰ ਇਕ ਸਮਾਜ ਦੁਸ਼ਮਣ ਹਰਕਤ ਕਰਦਾ ਹੈ, ਉਸਨੂੰ ਕੁਝ ਨਾਂ ਕਵੋ, ਸਿਸਟਮ ਦੀ ਦੇਣ ਹੈ, ਅਸਲ ਮੁਜਰਿਮ ਤਾਂ ਵਡੀ ਬਿਉਰੋਕਰੇਸੀ ਹੈ। ਇਹ ਗਲਾਂ ਕਹਿ ਕੇ ਸਰਗਰਮ ਫਲਸਫੇ ਦੇ ਲੋਕ ਹੁਣ ਤਮਾਸ਼ਾਈ ਦੀ ਭੂਮਿਕਾ ਨਿਭਾ ਰਹੇ ਹਨ। ਇਸ ਰੁੱਚੀ ਨੂੰ ਬੜੀ ਸਖਤੀ ਨਾਲ ਠੱਲ ਪਾਉਣ ਦੀ ਲੋੜ ਹੈ। ਅਪਣੇ ਲੋਕਾਂ ਦੇ ਹਰ ਸਮਾਜਕ, ਆਰਥਕ ਅਤੇ ਰਾਜਸੀ ਮਸਲਿਆਂ ਵਿਚ ਸਾਡੀ ਸਰਗਰਮ ਦਖਲ-ਅੰਦਾਜ਼ੀ ਦੀ ਲੋੜ ਹੈ, ਭਾਵੇਂ ਉਹ ਮਸਲਾ ਕਿਨਾਂ ਹੀ ਛੋਟਾ ਹੋਵੇ। ਨਿਕੇ ਨਿਕੇ ਕੰਮਾਂ ਵਿਚੋਂ ਹੀ ਵਡੇ ਕੰਮ ਨਿਕਲਣਗੇ ਅਤੇ ਇਹੀ ਸਾਡੀ ਇਨਕਲਾਬ ਪ੍ਰਤੀ ਅਸਲੀ ਸੇਵਾ ਹੋਵੇਗੀ। ਜੇ ਅਸੀਂ ਨਹੀਂ ਕਰਾਂਗੇ ਤਾਂ ਹੋਰ ਇਸ ਖੇਤ੍ਰ ਵਿਚ ਆ ਜਾਣਗੇ, ਜਿਨ੍ਹਾਂ ਦਾ ਸਿਧਾਂਤ ਜੇਕਰ ਇਨ-ਕਲਾਬ ਦੁਸ਼ਮਣ ਹੋਵੇਗਾ ਤਾਂ ਉਹਦਾ ਨਤੀਜਾ ਵੀ ਇਨ-ਕਲਾਬ ਦੁਸ਼ਮਣੀ ਵਿਚ ਹੀ ਨਿਕਲੇਗਾ। ਸਮੇਂ ਦੀ ਇਸ ਲੋੜ ਨੂੰ ਪਛਾਣਨਾਂ ਸਾਡਾ ਫਰਜ਼ ਹੈ।

o

## 2. ਬੰਧਕ ਮਜ਼ਦੂਰ

ਹਰਿਆਣਾ ਵਿਚ, ਪੰਜਾਬ ਵਿਚ ਸਾਨੂੰ ਸੜਕਾਂ ਤੇ, ਇਟਾਂ ਬਨਾਉਣ ਵਾਲੇ ਭਠਿਆਂ ਤੇ ਮਜ਼ਦੂਰੀ ਕਰਦੇ ਲੋਕ ਦਿਸਦੇ ਹਨ, ਜਿਨਾਂ ਨੂੰ ਆਮ ਤੌਰ ਤੇ ਰਾਜਸਥਾਨੀ ਲੇਬਰ ਕਹਿੰਦੇ ਹਾਂ ਭਾਵੇਂ ਇਹਨਾਂ ਵਿਚ ਉਹ ਟੱਬਰ ਵੀ ਹਨ, ਜਿਹੜੇ ਰਾਜਸਥਾਨ ਤੋਂ ਨਹੀਂ ਆਏ। ਜਾਨਵਰਾਂ ਵਰਗਿਆਂ ਘੁਰਨਿਆਂ ਵਿਚ ਜਾਂ ਦਰਖਤਾਂ ਥੱਲੇ ਹੀ ਨੀਲੇ ਅਸਮਾਨ ਨੂੰ ਛਤ ਮੰਨਕੇ ਵੀਹਵੀਂ ਸਦੀ ਵਿਚ ਵੀ ਇਹ ਲੋਕ ਜਾਨਵਰਾਂ ਤੋਂ ਨੀਵੀਂ ਪਧਰ ਦੀ ਜ਼ਿੰਦਗੀ ਜੀ ਰਹੇ ਹਨ। ਇਹ ਲੋਕ ਟੱਬਰਾਂ ਦੇ ਟੱਬਰ ਹੀ ਕੰਮ ਕਰਦੇ ਹਨ। ਸਾਡਿਆਂ ਵਿਚੋਂ ਬਹੁਤਿਆਂ ਦਾ ਇਹ ਖਿਆਲ ਹੈ ਕਿ ਇਹ ਲੋਕ ਐਸੇ ਜੀਵਨ ਨਾਲ ਸੰਤੁਸ਼ਟ ਹਨ ਪਰ ਇਹ ਗੱਲ ਇਸ ਤਰ੍ਹਾਂ ਨਹੀਂ। ਸਵਾਮੀ ਅਗਨੀਵੇਸ਼ ਨੇ ਇਸ ਸੜਕ ਅਤੇ ਭੱਠੇ ਤੇ ਕੰਮ ਕਰਨ ਵਾਲੀ ਲੇਬਰ ਬਾਰੇ ਛਾਣਬੀਣ ਕਰਕੇ ਉਹਨਾਂ ਦੀ ਜ਼ਿੰਦਗੀ ਬਦਲਨ ਦਾ ਇਕ ਸਰਗਰਮ ਉਪਰਾਲਾ ਕੀਤਾ ਹੈ।

ਸਵਾਮੀ ਅਗਨੀਵੇਸ਼ ਹਰਿਆਣਾ ਦੀ ਜਨਤਾ ਪਾਰਟੀ ਦੇ ਲੀਡਰ ਹਨ। ਇਹ ਜੰਤਾ ਪਾਰਟੀ ਦੇ ਰਾਜ ਵੇਲੇ ਹਰਿਆਣਾ ਦੇ ਵਿਦਿਆ ਮੰਤਰੀ ਵੀ ਰਹੇ ਹਨ। ਬਾਅਦ ਵਿਚ ਇਹਨਾਂ ਨੂੰ ਮੰਤਰੀ ਮੰਡਲ ਤੋਂ ਅਸਤੀਫਾ ਵੀ ਦੇਣਾ ਪਿਆ ਸੀ। ਇਹਨਾਂ ਨੂੰ ਜ਼ਾਤੀ ਤੌਰ ਤੇ ਮਿਲਣ ਤੋਂ ਬਾਅਦ ਮੈਂ ਆਖ ਸਕਦਾ ਹਾਂ ਇਹ ਸਹੀ ਸ਼ਬਦਾਂ ਵਿਚ ਇਕ ਅਨਥਕ ਜੰਤਕ ਵਰਕਰ ਹਨ ਤੇ ਜੰਤਾ ਪਾਰਟੀ ਵਿਚ ਇਹ ਇਸ ਲਈ ਹਨ, ਕਿਉਂਕਿ ਉਹ ਸਮਝਦੇ ਹਨ ਕਿ ਇੰਦਰਾ ਗਾਂਧੀ ਜਾਂ ਕਿਸੇ ਵੇਲੇ ਸੰਜੇ ਗਾਂਧੀ ਦੇ ਜਮਹੂਰੀਅਤ ਦੁਸ਼ਮਨ ਕਿਰਦਾਰ ਵਿਰੁਧ ਸੰਘਰਸ਼ ਕਰਨ ਲਈ ਉਹਨਾਂ ਲਈ ਉਹ ਪਾਰਟੀ ਸਭ ਤੋਂ ਵਧੀਆ ਪਲੇਟਫਾਰਮ ਹੈ। ਉਹਨਾਂ ਨੇ ਛਾਣਬੀਣ ਕੀਤੀ ਅਤੇ ਇਸ ਨਤੀਜੇ ਤੇ ਪੁਜੇ ਕਿ ਇਹ ਸੜਕਾਂ ਅਤੇ ਭਠਿਆਂ ਤੇ ਕੰਮ ਕਰਨ ਵਾਲੀ ਲੇਬਰ 'ਬੰਧਕ ਮਜ਼ਦੂਰ' ਦੀ ਸ਼ਰੇਣੀ ਵਿਚ ਆਂਦੀ ਹੈ। ਠੇਕੇਦਾਰਾਂ ਨੇ ਜਾਂ ਭੱਠਾ ਮਾਲਕਾਂ ਨੇ ਉਹਨਾਂ ਨੂੰ ਕਿਸੇ ਜ਼ਰੂਰਤ ਵੇਲੇ, ਤੇ ਹੁਣ ਵੀ ਉਹਨਾਂ ਨੂੰ ਜ਼ਰੂਰਤ ਵੇਲੇ, ਜਿਸ ਨਾਲ ਉਹ ਸਿਰਫ ਜੀਂਦੇ ਹੀ ਰਹਿ ਸਕਣ (ਉਹਨਾਂ ਨੂੰ ਜੀਂਦਿਆਂ ਰਖਣਾ ਠੇਕੇਦਾਰਾਂ ਅਤੇ ਮਾਲਕਾਂ ਦੀ ਅਪਣੇ ਜੀਂਦਿਆਂ ਰਹਿਣ ਦੀ ਵੀ ਜ਼ਰੂਰਤ ਹੈ) ਉਹਨਾਂ ਨੂੰ ਐਡਵਾਂਸ ਪੈਸੇ ਦਿਤੇ ਹਨ। ਉਸ ਐਡਵਾਂਸ ਦੇ ਸੂਦ ਵਜੋਂ ਹੀ ਉਹਨਾਂ ਕੋਲੋਂ ਅਤੇ ਉਹਨਾਂ ਦੇ ਟੱਬਰਾਂ ਕੋਲੋਂ ਜ਼ਿੰਦਗੀ ਭਰ ਕੰਮ ਲਿਆ ਜਾਂਦਾ ਹੈ। ਆਰਥਕ ਸਾਇੰਸ ਦੀ ਭਾਸ਼ਾ ਵਿਚ ਇਹ ਬੰਧਕ ਮਜ਼ਦੂਰ ਪੂਰੀ ਤਰ੍ਹਾਂ ਗੁਲਾਮ ਹਨ, ਕਿਉਂਕਿ ਉਮਰ ਭਰ ਨਾ ਹੀ ਉਹ ਲਿਆ ਕਰਜ਼ਾ ਮੋੜ ਸਕਦੇ ਹਨ ਅਤੇ ਨਾਂ ਹੀ ਉਹ ਗੁਲਾਮੀ ਤੋਂ ਨਿਜਾਤ ਪਾ ਸਕਦੇ ਹਨ। ਭਾਵੇਂ ਹਿੰਦੋਸਤਾਨ ਦੇ ਵਿਧਾਨ ਵਿਚ ਅਤੇ ਮਜ਼ਦੂਰ ਕਾਨੂੰਨਾਂ ਵਿਚ ਇਹ ਗੱਲ ਸਪਸ਼ਟ ਤੌਰ ਤੇ ਦਰਜ ਹੈ ਕਿ ਕਿਸੇ ਵੀ ਕਰਜ਼ੇ ਦੇ ਬਹਾਨੇ ਤੁਸੀਂ ਕਿਸੇ ਵਿਅਕਤੀ ਨੂੰ ਜਿਸਮਾਨੀ ਤੌਰ ਤੇ ਬੰਨਕੇ ਨਹੀਂ ਰਖ ਸਕਦੇ ਜਾਂ ਕੰਮ ਕਰਨ ਤੇ ਮਜਬੂਰ ਨਹੀਂ ਕਰ ਸਕਦੇ। ਪਰ ਠੇਕੇਦਾਰਾਂ ਅਤੇ ਭੱਠਾ ਮਾਲਕਾਂ ਨੇ ਅਪਣੇ ਲੱਠਮਾਰਾਂ ਦੀ ਮਦਦ ਨਾਲ ਇਹਨਾਂ ਮਜ਼ਦੂਰਾਂ ਨੂੰ ਜਿਸਮਾਨੀ ਤੌਰ ਤੇ ਕੈਦ ਕੀਤਾ ਹੈ। ਇਸ ਹਾਲਤ ਨੂੰ ਸਾਹਮਣੇ ਲਿਆਉਣ ਲਈ ਸਵਾਮੀ ਅਗਨੀਵੇਸ਼ ਅਤੇ ਉਹਦੇ ਸਾਥੀਆਂ ਨੇ ਹਰਿਆਣਾ ਅਤੇ ਪੰਜਾਬ ਵਿਚ ਕੁਝ ਕਦਮ ਚੁਕੇ ਹਨ। ਉਹ ਸਰਹਿੰਦ ਦੇ ਨੇੜੇ ਭੱਠਾ ਮਜ਼ਦੂਰਾਂ ਅਤੇ ਫਿਲੌਰ ਦੇ ਨੇੜੇ ਸੜਕਾਂ ਤੇ ਕੰਮ ਕਰਦਿਆਂ ਮਜ਼ਦੂਰਾਂ ਨੂੰ ਠੇਕੇਦਾਰਾਂ ਅਤੇ ਮਾਲਕਾਂ ਤੋਂ ਆਜ਼ਾਦੀ ਦਿਵਾਉਣ ਲਈ ਆਪ ਟਰੱਕਾਂ ਤੇ ਚੜ੍ਹ ਕੇ ਗਏ ਤੇ ਮਜ਼ਦੂਰਾਂ ਨੂੰ ਕਿਹਾ ਕਿ ਜੇਕਰ ਉਹ ਆਉਣਾ

ਚਾਹੁੰਦੇ ਹੋਣ ਤਾਂ ਉਹਨਾਂ ਨਾਲ ਆਉਣ। ਉਹਨਾਂ ਮਜ਼ਦੂਰਾਂ ਨੇ ਅਪਣਾ ਸਾਮਾਨ ਸਮੇਟਨਾਂ ਸ਼ੁਰੂ ਕਰ ਦਿਤਾ ਪਰ ਮਾਲਕਾਂ, ਠੇਕੇਦਾਰਾਂ ਅਤੇ ਉਹਨਾਂ ਦੇ ਲੱਠਮਾਰਾਂ ਨੇ ਉਹਨਾਂ ਨੂੰ ਜ਼ਬਰਦਸਤੀ ਰੋਕਣਾ ਚਾਹਿਆ। ਲੋਕ ਇਕੱਠੇ ਹੋ ਗਏ ਲੜਾਈ ਹੋਣ ਦਾ ਖਤਰਾ ਹੋ ਗਿਆ ਤੇ ਪੁਲਸ ਵੀ ਮੌਕੇ ਤੇ ਪੁੱਜ ਗਈ। ਮਾਲਕਾਂ ਨੇ ਕਿਹਾ ਕਿ ਇਹਨਾਂ ਲੋਕਾਂ ਨੇ ਐਡਵਾਂਸ ਲਿਆ ਹੋਇਆ ਹੈ, ਇਸ ਲਈ ਉਹ ਇਹਨਾਂ ਨੂੰ ਜਾਣ ਨਹੀਂ ਦੇਣਗੇ। ਸਵਾਮੀ ਅਗਨੀਵੇਸ਼ ਨੇ ਪੁਲਸ ਵਾਲਿਆਂ ਨੂੰ ਕਾਨੂੰਨ ਸਮਝਾਇਆ ਕਿ ਇਹ ਮਾਲਕ ਇਹਨਾਂ ਲੋਕਾਂ ਨੂੰ ਜਿਸਮਾਨੀ ਤੌਰ ਤੇ ਕੈਦ ਕਰਕੇ ਮਰਜ਼ੀ ਦੇ ਬਗੈਰ ਕੰਮ ਕਰਵਾਏ ਕਾਨੂੰਨ ਦੀ ਉਲੰਘਣਾ ਕਰ ਰਹੇ ਹਨ। ਪਹਿਲੇ ਤਾਂ ਅੜਬ ਥਾਨੇਦਾਰ ਨੇ ਮਾਲਕਾਂ ਦਾ ਪੱਖ ਲਿਆ ਕਿਉਂਕਿ ਉਹੀ ਉਸਨੂੰ ਬੁਲਾ ਕੇ ਲਿਆਏ ਸਨ ਪਰ ਬਾਅਦ ਵਿਚ ਇਕੱਠੇ ਹੋਏ ਲੋਕਾਂ ਦਾ ਰੋਹ ਵੇਖਕੇ ਉਹ ਵੀ ਢਿੱਲਾ ਹੋ ਗਿਆ। ਕੁਝ ਮਜ਼ਦੂਰ ਸਵਾਮੀ ਅਗਨੀਵੇਸ਼ ਨਾਲ ਆ ਗਏ ਪਰ ਬਹੁਤੇ ਉਥੇ ਹੀ ਰਹੇ ਕਿਉਂਕਿ ਜਾਂ ਤਾਂ ਉਹਨਾਂ ਨੂੰ ਡਰ ਸੀ ਜਾਂ ਭਵਿਖ ਬਾਰੇ ਉਹਨਾਂ ਨੂੰ ਵਿਸ਼ਵਾਸ਼ ਨਹੀਂ ਸੀ।

ਖੈਰ ਇਸ ਜੁਜ਼ਵੀ ਐਕਸ਼ਨ ਨਾਲ ਅਤੇ ਇਹਦਾ ਅਖਬਾਰਾਂ ਵਿਚ ਜ਼ਿਕਰ ਆ ਜਾਣ ਨਾਲ ਕੌਮ ਦਾ ਧਿਆਨ ਇਹਨਾਂ ਲਖਾਂ ਬਦਨਸੀਬਾਂ ਵਲ ਖਿਚਿਆ ਗਿਆ ਹੈ ਜਿਹੜੇ ਵੀਹਵੀਂ ਸਦੀ ਵਿਚ ਵੀ ਇਸ ਤਰ੍ਹਾਂ ਦਾ ਭੈੜਾ ਜੀਵਨ ਜੀ ਰਹੇ ਹਨ। ਸਵਾਮੀ ਅਗਨੀਵੇਸ਼ ਦੇ ਕੰਮ ਦੀ ਇਕ ਸੀਮਾਂ ਹੈ ਜੋ ਉਹਨਾਂ ਦੀ ਸਿਆਸਤ ਦੀ ਵੀ ਸੀਮਾਂ ਹੈ ਕਿ ਇਸੇ ਸਿਸਟਮ ਵਿਚ ਹੀ ਉਹ ਲੋਕਾਂ ਦੀ ਜ਼ਿੰਦਗੀ ਵਿਚ ਸੁਧਾਰ ਕਰਨਾ ਚਾਹੁੰਦੇ ਹਨ। ਪਰ ਸਮਾਜਕ ਵਿਗਿਆਨ ਨੂੰ ਜਾਨਣ ਵਾਲੇ ਲੋਕਾਂ ਦੀ ਇਹ ਸੀਮਾਂ ਨਹੀਂ। ਲੋੜ ਹੈ ਇਸ ਵਰਗ ਵਿਚ ਲਗਾਤਾਰ ਕੰਮ ਕੀਤਾ ਜਾਏ ਅਤੇ ਇਸ ਮੇਹਨਤੀ ਤਬਕੇ ਨੂੰ ਜਿਨ੍ਹਾਂ ਕੋਲ ਅਸਲ ਸ਼ਬਦਾਂ ਵਿਚ ਜ਼ੰਜੀਰਾਂ ਤੋਂ ਸਿਵਾ ਗਵਾਉਣ ਲਈ ਕੁਝ ਨਹੀਂ, ਚੇਤਨ ਕਰਕੇ ਇਨਕਲਾਬੀ ਸਫਾਂ ਵਿਚ ਵਾਧਾ ਕੀਤਾ ਜਾਏ। ਇਹ ਖੇਤਰ ਬਿਲਕੁਲ ਸਖਣਾ ਪਿਆ ਹੈ। ਸਵਾਮੀ ਅਗਨੀਵੇਸ਼ ਇਸ ਮਸਲੇ ਨੂੰ ਸਤਹ ਤੇ ਲਿਆਉਣ ਲਈ ਸਾਡੇ ਰਿਣ ਦੇ ਹੱਕਦਾਰ ਹਨ।

o

## 3. ਪੰਜਾਬ ਦਾ ਵਿਦਿਆਰਥੀ ਵਰਗ :

ਸੇਧ (ਦਸੰਬਰ 1980) ਵਿਚ ਕੁਲਵੰਤ ਰੁਮਾਣਾ ਨੇ ਇਕ ਲੇਖ ਦੁਆਰਾ ਪੰਜਾਬ ਦੀਆਂ ਖੱਬੇ ਪੱਖੀ ਵਿਦਿਆਰਥੀ ਜਥੇਬੰਦੀਆਂ ਬਾਰੇ ਇਕ ਆਲੋਚਨਾਂ ਕੀਤੀ ਹੈ। ਉਹਦਾ ਕਹਿਣਾ ਹੈ ਕਿ ਪੰਜਾਬ ਦੇ 95 ਫੀਸਦੀ ਵਿਦਿਆਰਥੀ ਕਿਸੇ ਵੀ ਜਥੇਬੰਦੀ ਵਿਚ ਦਿਲਚਸਪੀ ਨਹੀਂ ਰਖਦੇ ਅਤੇ ਆਮ ਤੌਰ ਤੇ ਉਹ ਸਿਆਸਤ ਨਾਲ ਸਬੰਧਤ ਜਥੇਬੰਦੀਆਂ ਵਿਰੁਧ ਇਕ ਗੁਝੀ ਜਹੀ ਨਫਰਤ ਆਪਣੇ ਮਨ ਵਿਚ ਰਖਦੇ ਹਨ। ਕੁਝ ਕਾਰਨ ਵੀ ਰੁਮਾਣਾ ਨੇ ਦਸੇ। ਇਸ ਲੇਖ ਦੇ ਜਵਾਬ ਵਿਚ ਪੀ. ਐਸ. ਯੂ. ਦੇ ਆਗੂ ਸੁਖਦੇਵ ਪਟਵਾਰੀ ਦਾ ਇਕ ਲੇਖ ਸੇਧ ਦੇ ਮਾਰਚ 1981 ਅੰਕ ਵਿਚ ਆਇਆ ਹੈ, ਜਿਸ ਵਿਚ ਉਸਨੇ ਰੁਮਾਣਾ ਦੀ ਇਸ ਧਾਰਨਾਂ ਨੂੰ ਚੈਲਿੰਜ ਕੀਤਾ ਹੈ ਕਿ 95 ਫੀ ਸਦੀ ਵਿਦਿਆਰਥੀ ਖੱਬੇ ਪੱਖੀ ਵਿਦਿਆਰਥੀ ਯੂਨੀਅਨਾਂ ਦੇ ਘੇਰੇ ਵਿਚੋਂ ਬਾਹਰ ਹਨ। ਵਿਦਿਆਰਥੀ ਲਹਿਰ ਦੀਆਂ ਵਿਸ਼ੇਸ਼ ਪ੍ਰਾਪਤੀਆਂ ਬਾਰੇ ਪਟਵਾਰੀ ਨੇ ਰੁਮਾਣਾ ਦਾ ਧਿਆਨ ਦੁਆਇਆ ਹੈ।

ਮੈਨੂੰ ਅਪਣੇ ਨਾਟਕਾਂ ਦੇ ਸਿਲਸਲੇ ਵਿਚ ਪੰਜਾਬ ਵਿਚ ਬਹੁਤ ਸਾਰੇ ਕਾਲਜਾਂ ਵਿਚ ਜਾਣ ਦਾ ਮੌਕਾ ਮਿਲਦਾ ਹੈ। ਮੈਂ ਦਾਅਵੇ ਨਾਲ ਕਹਿ ਸਕਨਾਂ ਹਾਂ ਕਿ ਜਿਨ੍ਹਾਂ ਥਾਵਾਂ ਤੇ ਪੀ. ਐਸ. ਯੂ. ਜਾਂ ਇਸ ਲਿਹਾਜ਼ ਨਾਲ ਐਸ. ਐਫ. ਆਈ. ਅਤੇ ਏ. ਐਸ. ਐਫ. ਆਈ. ਸਬੰਧਤ ਵਿਦਿਆਰਥੀ ਯੂਨੀਅਨਾਂ ਨੇ ਕੰਮ ਕੀਤਾ ਹੈ, ਉਥੇ ਕਾਲਜਾਂ ਵਿਚ ਵਾਤਾਵਰਨ ਬਹੁਤ ਚੰਗਾ ਹੈ। ਬਠਿੰਡਾ ਜਾਂ ਮਾਲਵੇ ਦੇ ਕਿਸੇ ਕਾਲਜ ਵਿਚ ਦਾਖਲ ਹੋਈਏ ਤਾਂ ਕੰਧਾਂ ਤੇ ਸਿਆਸੀ ਜਾਗ੍ਰਿਤੀ ਦੇ ਨਾਅਰੇ ਤੁਹਾਡਾ ਸਵਾਗਤ ਕਰਨਗੇ ਪਰ ਇਸਦੇ ਉਲਟ ਜਿਥੇ ਇਹ ਜਥੇਬੰਦੀਆਂ ਹਾਲੇ ਕੰਮ ਨਹੀਂ ਕਰ ਸਕੀਆਂ, ਬੜੀਆਂ ਬੇਹੂਦਾ ਕਿਸਮ ਦੀਆਂ ਲਿਖਤਾਂ ਕਾਲਜ ਦੀਆਂ ਕੰਧਾਂ ਤੇ ਮਿਲਣਗੀਆਂ ਤੇ ਖਾਸ ਕਰਕੇ ਜੇ ਇਹਨਾਂ ਕਾਲਜਾਂ ਵਿਚ ਕੁੜੀਆਂ ਮੁੰਡਿਆਂ ਦੀ ਪੜ੍ਹਾਈ ਇਕੱਠੀ ਹੁੰਦੀ ਹੈ। ਮੈਂ ਇਸ ਨੋਟ ਦੀ ਸੀਮਾਂ ਮਿਥਕੇ ਸਿਰਫ ਪੀ. ਐਸ. ਯੂ. ਦੀ ਹੀ ਗੱਲ ਕਰਾਂਗਾ।

ਮੈਂ ਪਟਵਾਰੀ ਦੇ ਇਸ ਦਾਅਵੇ ਨੂੰ ਠੀਕ ਸਮਝਦਾ ਹਾਂ ਕਿ ਪੀ. ਐਸ. ਯੂ. ਨੇ ਪੰਜਾਬ ਦੇ ਵਿਦਿਆਰਥੀ ਵਰਗ ਨੂੰ ਇਨਕਲਾਬ ਚੇਤਨਤਾ ਦੇਣ ਵਿਚ ਇਕ ਮਹੱਤਵ ਪੂਰਨ ਹਿੱਸਾ ਪਾਇਆ ਹੈ ਪਰ ਦੂਜੇ ਪਾਸੇ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਵਿਦਿਆਰਥੀਆਂ ਦਾ ਹਾਲੀ ਵੀ ਵਡਾ ਖੇਤਰ ਕਿਸੇ ਕਿਸਮ ਦੀ ਜਥੇਬੰਦੀ ਦੇ ਅਸਰ ਤੋਂ ਬਾਹਰ ਹੈ। ਅੰਮ੍ਰਿਤਸਰ, ਜਲੰਧਰ, ਲੁਧਿਆਨਾ ਦੇ ਵਡੇ ਕਾਲਜ ਜਿਨ੍ਹਾਂ ਵਿਚ ਖਾਲਸਾ ਕਾਲਜ, ਡੀ. ਏ. ਵੀ. ਕਾਲਜ ਆਦਿਕ ਆਂਦੇ ਹਨ, ਜਿਥੇ ਇਕ ਕਾਲਜ ਵਿਚ ਵਿਦਿ-ਆਰਥੀਆਂ ਦੀ ਗਿਣਤੀ ਤਿੰਨ ਹਜ਼ਾਰ ਦੇ ਗੇੜ ਵਿਚ

ਹੈ, ਵਿਦਿਆਰਥੀ ਕਿਸੇ ਕਿਸਮ ਦੀ ਸਿਆਸੀ ਸੂਝ ਤੋਂ ਬਿਲਕੁਲ ਕੋਰੇ ਹਨ। ਇਹਨਾਂ ਨੂੰ ਰਾਜਸੀ ਚੇਤਨਤਾ ਵਲ ਕਿਸ ਤਰ੍ਹਾਂ ਲਿਆਉਣਾ ਹੈ, ਇਹਨਾਂ ਨੂੰ ਕਿਸ ਤਰ੍ਹਾਂ ਸਮਝਾਣਾ ਹੈ ਕਿ ਸਿਆਸਤ ਹੀ ਇਕ ਦੇਸ਼ ਲਈ ਸਾਰਿਆਂ ਨਾਲੋਂ ਪਵਿਤਰ ਸੰਸਥਾ ਹੈ ਅਤੇ ਇਹਦੇ ਤੋਂ ਲਾਂਭੇ ਰਹਿਣਾ ਖੁਦਕਸ਼ੀ ਦੇ ਸਮਾਣ ਹੈ, ਇਹ ਸਾਡੇ ਲਈ ਇਕ ਮਸਲਾ ਹੈ।

ਮੇਰਾ ਇਸ ਸਬੰਧੀ ਇਕ ਸੁਝਾਅ ਹੈ ਕਿ ਅਸੀਂ ਜ਼ੋਰ ਲਾਕੇ ਵਿਦਿਆਰਥੀਆਂ ਵਿਚੋਂ ਇਹ ਇਕ ਪ੍ਰਭਾਵ ਕਢੀਏ ਕਿ ਵਿਦਿਆਰਥੀ ਜਥੇਬੰਦੀਆਂ ਦਾ ਵਡਾ ਕੰਮ ਪੁਲੀਸ ਜਾਂ ਆਥੋਰਟੀ ਨਾਲ ਟੱਕਰ ਹੀ ਹੈ। ਉਹਨਾਂ ਨੂੰ ਸਗੋਂ ਇਹ ਪ੍ਰਭਾਵ ਦੇਈਏ ਕਿ ਇਹਨਾਂ ਜਥੇਬੰਦੀਆਂ ਦਾ ਵਡਾ ਕੰਮ ਵਿਦਿਆਰਥੀਆਂ ਨੂੰ ਚੰਗੇ ਜੀਵਨ ਲਈ ਚੇਤਨਤਾ ਦੇਣੀ ਅਤੇ ਉਹਦੇ ਲਈ ਸੰਘਰਸ਼ ਦੀ ਜ਼ਰੂਰਤ ਦਾ ਅਹਿਸਾਸ ਦਿਵਾਉਣਾ ਹੈ। ਮੈਂ ਮਿਸਾਲ ਦੇਣ ਲਈ ਕਹਿ ਰਿਹਾ ਹਾਂ ਕਿ ਪਿਛਲੇ ਦਸ ਬਾਰਾਂ ਸਾਲਾਂ ਵਿਚ ਪੀ. ਐਸ. ਯੂ. ਦੀ ਇਕ ਵਡੀ ਪ੍ਰਾਪਤੀ ਜਮਹੂਰੀ ਲਹਿਰ ਨੂੰ ਸੂਝਵਾਨ ਡਾਕਟਰਾਂ ਦੀ ਦੇਣ ਹੈ। ਪੀ. ਐਸ. ਯੂ. ਸਬੰਧਤ ਮੈਡੀਕਲ ਕਾਲਜ ਦੇ ਵਿਦਿਆਰਥੀ ਵਡੀ ਗਿਣਤੀ ਵਿਚ ਕਦੀ ਸੜਕਾਂ ਤੇ ਨਹੀਂ ਆਏ, ਕਿਉਂਕਿ ਉਹਨਾਂ ਦੀ ਪੜ੍ਹਾਈ ਅਤੇ ਹਸਪਤਾਲਾਂ ਵਿਚ ਡਿਊਟੀਆਂ ਦਾ ਰੁਝੇਵਾਂ ਇਹੋ ਜਿਹਾ ਹੈ ਕਿ ਉਹ ਥੋੜੇ ਕੀਤੇ ਸਰਗਰਮ ਅੰਦੋਲਨਾਂ ਵਿਚ ਹਿੱਸਾ ਨਹੀਂ ਲੈ ਸਕਦੇ, ਪਰ ਉਹਨਾਂ ਦੀ ਰਾਜਸੀ ਸੂਝ ਵਧਾਉਣ ਵਿਚ ਪੀ. ਐਸ. ਯੂ. ਨੇ ਵਿਸ਼ੇਸ਼ ਹਿੱਸਾ ਪਾਇਆ ਹੈ। ਹੋਸਟਲਾਂ ਵਿਚ ਤੇ ਕਦੀ ਕਦੀ ਕਾਲਜਾਂ ਵਿਚ ਡੀਬੇਟ, ਰੈਲੀਆਂ ਅਤੇ ਸਭਿਆ-ਚਾਰਕ ਪ੍ਰੋਗਰਾਮਾਂ ਦੇ ਰਾਹੀਂ ਪੀ. ਐਸ. ਯੂ. ਵਿਉਂਤਬੰਦ ਤਰੀਕੇ ਨਾਲ ਮੈਡੀਕਲ ਵਿਦਿਆਰਥੀਆਂ ਵਿਚ ਰਾਜਸੀ ਸੂਝ ਪ੍ਰਚਾਰਦੀ ਰਹੀ ਹੈ। ਉਸਦਾ ਨਤੀਜਾ ਸਾਹਮਣੇ ਹੈ। ਅਪਣੀ ਵਿਦਿਆ ਪੂਰੀ ਕਰਕੇ ਇਹ ਡਾਕਟਰ ਪਿੰਡਾਂ ਦੀਆਂ ਡਿਸਪੈਂਸਰੀਆਂ ਅਤੇ ਹੈਲਥ ਸੈਂਟਰਾਂ ਵਿਚ ਪੁੱਜ ਗਏ ਹਨ। ਅਪਣੇ ਚੰਗੇ ਕੰਮ ਕਰ ਕਰਕੇ ਇਹ ਜਿਥੇ ਕਿਥੇ ਵੀ ਹਨ, ਜਮਹੂਰੀ ਲਹਿਰ ਲਈ ਇਕ ਕੀਮਤੀ ਖਜ਼ਾਨਾ ਹਨ। ਜਮਹੂਰੀ ਅਧਿਕਾਰ ਸਭਾਵਾਂ ਵਿਚ ਇਹਨਾਂ ਦੀ ਦੇਣ ਵਿਸ਼ੇਸ਼ ਹੈ। ਮੈਂ ਇਸਨੂੰ ਪੀ. ਐਸ. ਯੂ. ਦੀਆਂ ਵਡੀਆਂ ਪ੍ਰਾਪਤੀਆਂ ਵਿਚੋਂ ਗਿਣਦਾ ਹਾਂ। ਪੀ. ਐਸ. ਯੂ. ਵਾਲਿਆਂ ਨੇ ਆਈ. ਟੀ. ਆਈ. ਸੰਸਥਾਵਾਂ ਵਿਚ ਜਿਹੜਾ ਕੰਮ ਕੀਤਾ ਹੈ, ਉਹਦਾ ਨਤੀਜਾ ਵੀ ਹੁਣ ਸਾਹਮਣੇ ਆਉਣਾ ਸ਼ੁਰੂ ਹੋ ਗਿਆ ਹੈ। ਰਾਜਸੀ ਤੌਰ ਤੇ ਚੇਤਨ ਵਿਦਿਆਰਥੀ ਜਿਹੜੇ ਜਮਾਤੀ ਸੰਘਰਸ਼ ਨੂੰ ਸਿਆਸਤ ਦਾ ਯੁੱਗ ਮੰਨਦੇ ਹਨ, ਇਹਨਾਂ ਸੰਸਥਾਵਾਂ ਤੋਂ ਬਾਹਰ ਨਿਕਲਕੇ ਰੋਡਵੇਜ਼ ਵਰਕਸ਼ਾਪਾਂ, ਬਿਜਲੀ ਬੋਰਡ ਦੇ ਟੈਕਨੀਕਲ ਸਟਾਫ਼ ਵਜੋਂ ਜਮਹੂਰੀ ਲਹਿਰ ਵਿਚ ਆਪਣਾ ਹਿੱਸਾ ਪਾ ਰਹੇ ਹਨ। ਬਿਜਲੀ ਬੋਰਡ ਉਂਝ ਕਿਸਾਨਾਂ ਵਿਚ ਅਤੇ ਆਮ ਸ਼ਹਿਰੀਆਂ ਵਿਚ ਇਕ ਬਦਨਾਮ ਮਹਿਕਮਾ ਹੈ। ਇਹਦੇ ਕਰਮਚਾਰੀ ਲੋਕਾਂ ਨੂੰ ਤੰਗ ਕਰਕੇ ਪੈਸੇ ਬਟੋਰਦੇ ਹਨ ਪਰ ਜਿਥੇ ਵੀ ਰਾਜਸੀ ਸੂਝ ਵਾਲੇ ਕਰਮਚਾਰੀ ਪੁਜੇ ਹਨ, ਉਹਨਾਂ ਨੇ ਲੋਕਾਂ ਨਾਲ ਤਾਲਮੇਲ ਵਧਾਇਆ ਹੈ ਅਤੇ ਇਸ ਭ੍ਰਿਸ਼ਟਾਚਾਰੀ ਸਿਸਟਮ ਬਾਰੇ ਲੋਕਾਂ ਨੂੰ ਚੇਤਨ ਕਰਨ ਵਿਚ ਹਿੱਸਾ ਪਾਇਆ ਹੈ। ਇਹ ਇਕ ਨਿਰਅੰਤਰ ਅਮਲ ਹੈ। ਇਹੋ ਗੱਲ ਅਧਿਆਪਕ ਵਰਗ ਬਾਰੇ ਪੂਰੇ ਦਾਅਵੇ ਨਾਲ ਕਹੀ ਜਾ ਸਕਦੀ ਹੈ।

ਵਿਦਿਆਰਥੀ ਲਹਿਰ ਦੀਆਂ ਉਪਰੋਕਤ ਪ੍ਰਾਪਤੀਆਂ ਸਾਡੇ ਲਈ ਮਾਨ ਵਾਲੀ ਗਲ ਹਨ, ਪਰ ਫੇਰ ਵੀ ਸਾਨੂੰ ਅਵੇਸਲੇ ਨਹੀਂ ਰਹਿਣਾ ਚਾਹੀਦਾ। ਉਹ ਢੰਗ ਲੱਭਣੇ ਚਾਹੀਦੇ ਹਨ ਕਿ ਅਸੀਂ ਉਹਨਾਂ ਵਿਦਿਆਰਥੀਆਂ ਨੂੰ ਵੀ ਰਾਜਸੀ ਚੇਤਨਤਾ ਦੇ ਘੇਰੇ ਵਿਚ ਲਿਆਈਏ ਜੋ ਹਾਲੀ ਇਸਤੋਂ ਬਾਹਰ ਹਨ। ਭਖਦੇ ਮਸਲਿਆਂ ਦੇ ਸਾਡੇ ਅੰਦੋਲਨ ਜਾਇਜ਼ ਹਨ, ਪਰ ਇਹ ਉਸ ਹੱਦ ਤੱਕ ਰਹਿਣੇ ਚਾਹੀਦੇ ਹਨ ਕਿ ਆਮ ਲੋਕਾਂ ਵਿਚ ਇਹ ਅਹਿਸਾਸ ਰਹੇ ਕਿ ਇਹ ਵਿਦਿਆਰਥੀ ਜਾਇਜ਼ ਤੌਰ ਤੇ ਰੋਸ ਕਰ ਰਹੇ ਹਨ ਅਤੇ ਅੰਦੋਲਨ ਕਰਨਾ ਇਹਨਾਂ ਲਈ ਕੋਈ ਸ਼ੁਗਲ ਨਹੀਂ ਅਤੇ ਨਾ ਹੀ ਇਹਨਾਂ ਦਾ ਪੇਸ਼ਾ ਹੈ ਕਿ ਇਹਨਾਂ ਨੇ ਜ਼ਰੂਰ ਹੀ ਅੰਦੋਲਨ ਕਰਨਾ ਹੈ। ਵਿਦਿਆਰਥੀਆਂ ਦਾ ਲੋਕਾਂ ਦੇ ਅੰਦੋਲਨਾਂ ਵਿਚ ਹਿੱਸਾ ਲੈਣਾ ਜ਼ਰੂਰੀ ਹੈ, ਪਰ ਇਹਨਾਂ ਦਾ ਹਰ ਥਾਂ 'ਹਰਾਵਲ ਦਸਤਾ' ਬਨਣਾ ਜ਼ਰੂਰੀ ਨਹੀਂ। ਸਗੋਂ ਵਿਦਿਆਰੀਆਂ ਨੂੰ ਸਹਾਇਕ ਦਸਤੇ ਦੇ ਰੋਲ ਤਕ ਆਪਣੇ ਆਪ ਨੂੰ ਸੀਮਤ ਰੱਖਣਾ ਚਾਹੀਦਾ ਹੈ। ਇਹਨਾਂ ਨੇ ਕਾਲਜਾਂ ਵਿਚ ਵਿਦਿਆ ਲੈਣੀ ਹੈ, ਇਮ-ਤਿਹਾਨ ਦੇਣੇ ਹਨ। ਇਹ ਇਹਨਾਂ ਦੇ ਫ਼ਰਜ਼ ਹਨ ਤੇ ਇਹੀ ਫ਼ਰਜ਼ ਇਹਨਾਂ ਦੀ ਸੀਮਾਂ ਵੀ ਬੰਨਦੇ ਹਨ ਕਿ ਇਹਨਾਂ ਨੇ ਕਿਸੇ ਅੰਦੋਲਨ ਵਿਚ ਕਿੱਥੋਂ ਤਕ ਜਾਣਾ ਹੈ ? ਸਿਰਫ ਅੰਦੋਲਨ ਹੀ ਰਾਜਸੀ ਸੂਝ ਵਧਾਉਣ ਦਾ ਇਕੋ ਇਕ ਤਰੀਕਾ ਨਹੀਂ। ਇਸ਼ਤਿਹਾਰ, ਪੈਂਫਲਿਟਰਿੰਗ, ਕਾਲਜ ਸਮੇਂ ਦੇ ਬਾਅਦ ਰੈਲੀਆਂ, ਸਭਿਆਚਾਰਕ ਪ੍ਰੋਗਰਾਮ, ਇਹਨਾਂ ਸਭ ਸਾਧਨਾਂ ਦੀ ਪੂਰੀ ਤਰ੍ਹਾਂ ਵਰਤੋਂ ਕਰਨੀ ਚਾਹੀਦੀ ਹੈ। ਇਸੇ ਮਹੀਨੇ ਰਜ਼ੈਰਵੇਸ਼ਨ ਦੇ ਮਸਲੇ ਤੇ ਪੀ, ਐਸ. ਯੂ, ਵੱਲੋਂ ਕੱਢੀ ਚਾਰਵਰਕੀ ਰਾਜਸੀ ਸੂਝ ਵਧਾਉਣ ਲਈ ਇਕ ਬਹੁਤ ਹੀ ਵਧੀਆ ਲਿਖਤ ਹੈ ਜਿਸ ਨੁਕਤੇ ਤੇ ਮੈਂ ਗੱਲ ਕਰ ਰਿਹਾ ਹਾਂ, ਉਹ ਇਹ ਹੈ ਕਿ ਵਿਦਿਆਰਥੀ ਜਥੇਬੰਦੀਆਂ ਨੂੰ ਆਪਣੇ ਨਾਲ ਹੀ

ਆਪਣੀ ਸੀਮਾਂ ਪੂਰੀ ਤਰ੍ਹਾਂ ਮਿਥਣੀ ਚਾਹੀਦੀ ਹੈ। ਫਰਜ਼ ਉਹਨਾਂ ਦੇ ਹਨ ਕਿ ਉਹ ਵਿਦਿਆਰਥੀਆਂ ਵਿਚ ਜਮਹੂਰੀ ਕਦਰਾਂ ਕੀਮਤਾਂ ਅਤੇ ਜਮਾਤੀ ਸਿਆਸਤ ਦੀ ਸੂਝ ਪ੍ਰਚੰਡ ਕਰਨ, ਪਰ ਉਹਨਾਂ ਦੀ ਸੀਮਾਂ ਹੈ ਕਿ ਉਹਨਾਂ ਨੇ ਪੜ੍ਹਣਾ ਹੈ, ਇਮਤਿਹਾਨ ਦੇਣੇ ਹਨ ਅਤੇ ਕਿਧਰੇ ਵੀ ਇਹ ਪ੍ਰਭਾਵ ਨਹੀਂ ਦੇਣਾ ਕਿ ਉਹ ਪੇਸ਼ਾਵਰ ਅੰਦੋਲਨਕਾਰੀ ਹਨ। ਇਸ ਤਰ੍ਹਾਂ ਉਹ ਉਹਨਾਂ ਵਿਦਿਆਰਥੀਆਂ ਨੂੰ ਜੋ ਕੁਝ ਆਪਣੇ ਘਰੇਲੂ ਕਾਰਨਾਂ ਕਰਕੇ ਤੇ ਕੁਝ ਜਿਹੜੇ ਕੈਰੀਅਰ ਨੂੰ ਅਹਿਮੀਅਤ ਦੇਂਦੇ ਹਨ, ਉਹਨਾਂ ਨੂੰ ਜਥੇਬੰਦੀਆਂ ਦੇ ਘੇਰੇ ਵਿਚ ਲਿਆ ਸਕਦੇ ਹਨ।

ਇਕ ਗੱਲ ਜਿਹੜੀ ਰੁਮਾਣਾ ਨੇ ਕਹੀ ਹੈ ਅਤੇ ਸੁਖਦੇਵ ਪਟਵਾਰੀ ਨੇ ਵੀ ਉਹਦਾ ਸਮਰਥਨ ਕੀਤਾ ਹੈ ਅਤੇ ਮੈਂ ਵੀ ਜ਼ੋਰ ਦੇ ਕੇ ਕਹਿਣਾ ਚਾਹੁੰਦਾ ਹਾਂ ਕਿ ਰਾਜਸੀ ਵਖਰੇਵੇਂ ਕਰਕੇ ਖੱਬੇ ਪੱਖੀ ਵਿਦਿਆਰਥੀ ਜਥੇਬੰਦੀਆਂ ਦੀ ਆਪਸੀ ਦੌੜ ਕਦੀ ਇਸ ਹੱਦ ਤੱਕ ਨਹੀਂ ਜਾਣੀ ਚਾਹੀਦੀ ਕਿ ਮਾਮਲਾ ਖੁਲ੍ਹੀ ਡਾਂਗ ਜਾਂ ਚਾਕੂ ਦੀ ਵਰਤੋਂ ਤੱਕ ਚਲਾ ਜਾਏ। ਇਹਦਾ ਬਹੁਤਾ ਕਾਰਨ ਤਾਂ ਇਹਨਾਂ ਜਥੇਬੰਦੀਆਂ ਵਿਚ ਅਵਾਰਾ ਜਾਂ ਗ਼ੈਰ ਜ਼ਿਮੇਂਵਾਰ ਅਨਸਰ ਦਾ ਪ੍ਰਵੇਸ਼ ਹੈ, ਜਿਸ ਨੂੰ ਸਖਤੀ ਨਾਲ ਚੈਕ ਕਰਨ ਦੀ ਲੋੜ ਹੈ। ਇਹਨਾਂ ਜਥੇਬੰਦੀਆਂ ਵਿਚਕਾਰ ਹਰ ਇਕ ਫਸਾਦੀ ਕਿਸਮ ਦਾ ਝਗੜਾ ਆਮ ਵਿਦਿਆਰਥੀ ਨੂੰ ਸਮੁੱਚੀ ਸਿਆਸਤ ਤੋਂ ਬਦਜ਼ਨ ਕਰ ਦੇਂਦਾ ਹੈ। ਇਸਦਾ ਫਾਇਦਾ ਰੱਜੇ ਪੁੱਜੇ ਘਰਾਂ ਦੇ ਕਾਕਾਨੁਮਾਂ ਗੁੰਡੇ ਵਿਦਿਆਰਥੀ ਪੂਰਾ ਉਠਾਂਦੇ ਹਨ। ਖਾਲਸਾ ਕਾਲਜ ਅੰਮ੍ਰਿਤਸਰ ਅਤੇ ਗੁਰੂ ਨਾਨਕ ਯੂਨੀਵਰਸਟੀ ਦੇ ਕੈਂਪਸ ਦੀਆਂ ਮਿਸਾਲਾਂ ਸਾਹਮਣੇ ਹਨ।

ਬਜ਼ੁਰਗਾਂ ਦੀ ਇਹ ਆਦਤ ਜਹੀ ਹੁੰਦੀ ਹੈ ਕਿ ਉਹ ਆਪਣੇ ਪੁਰਾਣੇ ਵੇਲਿਆਂ ਦੀ ਗੱਲ ਬੜੀ ਕਰਦੇ ਹਨ, ਪਰ ਮੈਂ ਇਹ ਗੱਲ ਬਜ਼ੁਰਗ ਆਦਤ ਵਜੋਂ ਨਹੀਂ, ਸਗੋਂ ਕਿਸੇ ਨੁਕਤੇ ਦੀ ਵਿਆਖਿਆ ਲਈ ਕਰ ਰਿਹਾ ਹਾਂ ਕਿ 1941—1949 ਦੇ ਅਰਸੇ ਵਿਚ ਹਿੰਦੋਸਤਾਨ ਵਿਚ ਬੜੀ ਰਾਜਸੀ ਉੱਥਲ ਪੁੱਥਲ ਰਹੀ ਹੈ। ਉਹਨਾਂ ਦਿਨਾਂ ਵਿਚ ਹਰ ਰਾਜਸੀ ਪਾਰਟੀ ਦੀ ਵਿਦਿਆਰਥੀ ਜਥੇਬੰਦੀ ਬਹੁਤ ਹੀ ਸਰਗਰਮ ਹੁੰਦੀ ਸੀ। ਡੀਬੇਟਾਂ ਹੁੰਦੀਆਂ ਸਨ, ਰੈਲੀਆਂ ਹੁੰਦੀਆਂ ਸਨ, ਜਲੂਸ ਕੱਢੇ ਜਾਂਦੇ ਸਨ ਪਰ ਕਦੀ ਵੀ ਇਹੋ ਜਹੀ ਕੋਈ ਗੱਲ ਨਹੀਂ ਹੁੰਦੀ ਸੀ ਕਿ ਨਤਾਰਾ ਡਾਂਗਾਂ, ਹਾਕੀਆਂ ਜਾਂ ਗੋਲੀਆਂ ਨਾਲ ਹੋਵੇ। ਪਜਾਬ ਦੇ ਰਾਜਸੀ ਜੀਵਨ ਵਿਚ ਇਸ ਵੇਲੇ ਕਿੰਨੇ ਹੀ ਉਹ ਵਿਅਕਤੀ ਹਨ, ਜੋ ਉਸ ਵੇਲੇ ਦੀ ਵਿਦਿਆਰਥੀ ਲਹਿਰ ਦੀ ਦੇਣ ਹਨ, ਪਰ ਉਹਨਾਂ ਦੇ ਆਪਸੀ ਤੁਅਲਕਾਤ ਸਤਿਕਾਰ ਵਾਲੇ ਹਨ ਭਾਵੇਂ ਉਹਨਾਂ ਦਿਨਾਂ ਵਿਚ ਸਿਆਸੀ ਖੁੰਦਕਬਾਜ਼ੀ ਸਿਖਰਾਂ ਤੇ ਸੀ।

ਅਧਿਕਾਰੀਆਂ ਜਾਂ ਪੁਲਸ ਵਲੋਂ ਕਿਸੇ ਐਸੀ ਕਿਸਮ ਦੀ ਭੜਕਾਹਟ, ਜਿਹੜੀ ਬਾਅਦ ਵਿਚ ਡਾਂਗਾਂ ਦੀ ਪ੍ਰਦਰਸ਼ਨੀ ਵਿਚ ਖਤਮ ਹੋਵੇ, ਉਸ ਤੋਂ ਬਚਣਾ ਚਾਹੀਦਾ ਹੈ। ਹਥਿਆਰ ਚੁਕਣ ਦੇ ਮੌਕੇ ਹੋਰ ਬਹੁਤ ਆਉਣੇ ਹਨ। ਨਿਗੂਣੇ ਮੌਕਿਆਂ ਤੇ ਇਹਨਾਂ ਦੀ ਵਰਤੋਂ ਇਸ ਯੁੱਗ ਪਲਟਾਊ ਸਾਧਨ ਨੂੰ ਹਲਕਿਆਂ ਕਰਨਾ ਹੈ। ਵਿਦਿਆ-ਰਥੀ ਸ਼ਕਤੀ ਨੂੰ ਅੱਜ ਦੇ ਰਾਜਸੀ ਜੀਵਨ ਦਾ ਇਕ ਮਹੱਤਵ ਪੂਰਣ ਅੰਗ ਮੰਨਦੇ ਹੋਏ ਵੀ, ਮੈਂ ਇਸ ਗੱਲ ਤੇ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਇਹ ਯੁੱਗ ਪੱਲਟੇ ਲਈ ਹਰਾਵਲ ਸ਼ਕਤੀ ਨਹੀਂ, ਸਿਰਫ ਸਹਾਇਕ ਸ਼ਕਤੀ ਹੈ। ਵਿਦਿਆਰਥੀ ਆਗੂਆਂ ਨੂੰ ਵਿਦਿਆਰਥੀਆਂ ਦੀ ਅਗਵਾਈ ਕਰਨ ਲੱਗਿਆਂ ਕ-ੀ ਵੀ ਇਹ ਬੁਨਿਆਦੀ ਸਚਾਈ ਨਹੀਂ ਭੁਲਣੀ ਚਾਹੀਦੀ। ਨਹੀਂ ਤਾਂ ਵਕਤੀ ਉਭਾਰ ਬਹੁਤ ਵਾਰ ਐਸੀਆਂ ਕਾਰਵਾਈਆਂ ਦਾ ਜ਼ਿਮੇਂਵਾਰ ਬਣ ਜਾਂਦਾ ਹੈ, ਜੋ ਰਾਜਸੀ ਤੌਰ ਤੇ ਗਲਤ ਨਤੀਜੇ ਕਢਦੀਆਂ ਹਨ।

o

4. ਸ਼ੋਸ਼ੇ

"ਗੁਰੂ ਜੀ"

"ਹਾਂ ਚੇਲਾ ਜੀ"

"ਇਹ ਖਾਲਿਸਤਾਨ ਕੀ ਸ਼ੈਅ ਏ ?"

"ਇਹ ਉਹੀ ਸ਼ੈਅ ਏ ਚੇਲਾ ਜੀ, ਜਿਸ ਨੂੰ ਸ਼ੋਸ਼ਾ ਕਹਿੰਦੇ ਨੇ।"

"ਇਹ ਕਿਧਰੋਂ ਆਇਆ ਏ ਗੁਰੂ ਜੀ"

"ਚੇਲਾ ਜੀ, ਇਹ ਕਿਧਰੋਂ ਆਂਦਾ ਨਹੀਂ ਇਹ ਛਡਿਆ ਜਾਂਦਾ ਏ"

"ਗੁਰੂ ਦੇਵ, ਇਹ ਕਿਸ ਨੇ ਛਡਿਆ ਏ ?

"ਕਿਸੇ ਸ਼ਰਾਰਤੀ ਦਿਮਾਗ਼ ਨੇ"

"ਇਹ ਸ਼ਰਾਰਤੀ ਦਿਮਾਗ਼ ਕੀ ਹੁੰਦਾ ਏ ਗੁਰੂ ਦੇਵ ?"

"ਜਿਹੜਾ ਵਿਹਲਾ ਹੋਵੇ ਚੇਲਾ ਜੀ"

"ਫੇਰ ਤਾਂ ਗੁਰੂ ਦੇਵ, ਤੁਸੀਂ ਵੀ ਸ਼ਰਾਰਤੀ ਦਿਮਾਗ਼ ਹੋ"

"ਕੀ ਬਕਨਾ ਏਂ ਚੇਲਾ ਜੀ"

"ਤੁਸੀਂ ਵੀ ਤਾਂ ਸਦਾ ਵਿਹਲੇ ਹੀ ਰਹਿੰਦੇ ਹੋ ਗੁਰੂ ਜੀ, ਪਰ ਹਾਲੇ ਤੱਕ ਤੁਸੀਂ ਛਡਿਆ ਕੋਈ ਨਹੀਂ"

"ਸਮਾਂ ਆਉਣ ਦੇ ਅਸੀਂ ਵੀ ਛੱਡ ਦੇਵਾਂਗੇ"

"ਪਰ ਗੁਰੂ ਜੀ, ਖਾਲਿਸਤਾਨ ਵਿਚ ਕੌਣ ਹੋਵੇਗਾ ?"

"ਜਿਹੜਾ ਖਾਲਸਾ ਹੋਵੇਗਾ ਚੇਲਾ ਜੀ"

"ਕਿਹੜਾ ਖਾਲਸਾ ਗੁਰੂ ਜੀ ?"

"ਜਿਹੜਾ ਗੁਰੂ ਗੋਬਿੰਦ ਸਿੰਘ ਨੇ 1699 ਦੀ ਵਿਸਾਖੀ ਤੇ ਸਾਜਿਆ ਸੀ ਚੇਲਾ ਜੀ"

"ਲੈ, ਉਹ ਖਾਲਸਾ ਤਾਂ ਕਦੋਂ ਦਾ ਖਤਮ ਹੋ ਗਿਆ ਗੁਰੂ ਜੀ"

"ਕੀ ਮਤਲਬ ਚੇਲਾ ਜੀ ?"

"ਗੁਰੂ ਗੋਬਿੰਦ ਸਿੰਘ ਨੇ ਖਾਲਸਾ ਸਾਜਿਆ ਸੀ, ਜਿਹੜਾ ਊਚ ਨੀਚ ਵਿਚ ਯਕੀਨ ਨਾ ਰਖੇ, ਹਰ ਮਨੁੱਖ ਨੂੰ ਏਕ ਨੂਰ ਤੋਂ ਉਪਜਿਆ ਜਾਣੇ, ਜ਼ੁਲਮ ਤੇ ਅਨਿਆਂ ਦੇ ਖਿਲਾਫ ਲੜੇ, ਵੰਡ ਕੇ ਛਕੇ। ਖਾਲਸਾ ਹੁੰਦਾ ਸੀ ਅਠਾਰਵੀਂ ਸਦੀ ਦੇ ਅਖੀਰ ਤੱਕ। ਫੇਰ ਖਾਲਸਾ ਵੰਡਿਆ ਗਿਆ ਮਿਸਲਾਂ ਵਿਚ, ਜ਼ਾਤਾਂ ਵਿਚ। ਫੇਰ ਖਾਲਸਾ ਸਰਦਾਰ ਬਣ ਗਿਆ, ਸੰਧੇਵਾਲੀਆਂ ਦਾ, ਅਟਾਰੀ ਵਾਲਿਆਂ ਦਾ। ਫੇਰ ਖਾਲਸਾ ਮਹਾਰਾਜ ਬਣ ਗਿਆ ਤੇ ਹੌਲੇ ਹੌਲੇ ਖਤਮ ਹੋ ਗਿਆ। ਹੁਣ ਕਿੱਥੇ ਕੋਈ ਖਾਲਸਾ ਰਹਿ ਗਿਆ ਏ ਗੁਰੂ ਜੀ ?

"ਕੀ ਕੁਫਰ ਤੋਲਨਾ ਏ ਚੇਲਾ ਜੀ, ਸਾਰੀ ਦੁਨੀਆਂ ਵਿਚ ਸਿੱਖੀ ਸਰੂਪ ਵਾਲਾ ਖਾਲਸਾ ਮਿਲਦਾ ਏ"

"ਉਹ ਤਾਂ ਗੁਰੂ ਜੀ ਬਸ ਸਿੱਖੀ ਸਰੂਪ ਵਾਲੇ ਭਾਪੇ ਸਿਖ ਨੇ, ਛੀਂਬੇ ਸਿਖ ਨੇ, ਜੱਟ ਸਿਖ ਨੇ, ਮਜ਼ਹਬੀ ਸਿਖ ਨੇ।' ਖਾਲਸਾ ਤਾਂ ਕਦੋਂ ਦਾ ਝੰਡੀ ਹੋ ਗਿਆ, ਤਲਵੰਡੀ ਹੋ ਗਿਆ।"

"ਝੰਡੀ ਹੋ ਗਿਆ, ਤਲਵੰਡੀ ਹੋ ਗਿਆ, ਕੀ ਮਤਲਬ ਚੇਲਾ ਜੀ ?"

"ਗੁਰੂ ਜੀ, ਕੋਈ ਸੰਸਥਾ ਬਾਹਰਲੇ ਦਬਾਅ ਥੱਲੇ ਮੁੱਕ ਜਾਏ, ਉਹ ਝੰਡੀ ਹੋ ਜਾਂਦੀ ਏ ਤੇ ਕੋਈ ਅਪਣੀ ਅੰਦਰਲੀ ਫੁੱਟ ਕਰਕੇ ਮੁੱਕ ਜਾਏ, ਉਹ ਤਲਵੰਡੀ ਹੋ ਜਾਂਦੀ ਏ, ਸੋ ਖਾਲਸਾ ਤਲਵੰਡੀ ਹੋ ਗਿਆ ਏ ਤੇ ਖਾਲਿਸਤਾਨ ਕਿਸ ਵਾਸਤੇ ?"

"ਪਰ ਤੂੰ ਕਹਿਣਾ ਕੀ ਚਾਹੁੰਨਾ ਏਂ ਚੇਲਾ ਜੀ ?

"ਇਹੋ ਕਿ ਜ਼ਿੰਦਗੀ ਦੇ ਹੋਰ ਬੜੇ ਮਸਲੇ ਨੇ ਰੋਟੀ ਦੇ, ਕਪੜੇ ਦੇ, ਮਕਾਨ ਦੇ, ਰੁਜ਼ਗਾਰ ਦੇ, ਚੰਗੇ ਜੀਵਨ ਦੇ, ਅਮੀਰ ਗ਼ਰੀਬ ਦੇ ਪਾੜੇ ਦੇ, ਜਿਹੜੇ ਸਾਰੇ ਹਿੰਦੋਸ-ਤਾਨ ਦੇ ਗ਼ਰੀਬ ਲੋਕਾਂ ਨੇ ਮਿਲਕੇ ਹੱਲ ਕਰਨੇ ਨੇ ... ਖਾਲਿਸਤਾਨ ਵਿਚ ਇਹਨਾਂ ਮਸਲਿਆਂ ਦਾ ਹੱਲ ਲਭ ਜਾਏਗਾ ਗੁਰੂ ਜੀ ?

"ਮੈਨੂੰ ਨਹੀਂ ਪਤਾ ਚੇਲਾ ਜੀ"

"ਕਿਉ ਗੁਰੂ ਜੀ"

"ਅਸੀਂ ਖਾਲਿਸਤਾਨ ਵਾਲੇ ਨਹੀਂ, ਅਸੀਂ ਸਿਖ ਕੌਮ ਵਾਲੇ ਹਾਂ"

"ਇਹ ਸਿਖ ਕੌਮ ਕੀ ਹੁੰਦੀ ਏ ਗੁਰੂ ਜੀ ?"

"ਬਸ ਹੁੰਦੀ ਏ ..."

"ਕੀ ਹੁੰਦੀ ਏ ਗੁਰੂ ਜੀ ?"

"ਬਸ ਇਹ ਹੁੰਦੀ ਏ ... ਕਹਿ ਜੋ ਦਿਤਾ ਏ"

"ਆਖਰ ਗੁਰੂ ਜੀ, ਤੁਸੀਂ ਵੀ ਛਡ ਹੀ ਦਿਤਾ ਏ"

"ਕੀ ਚੇਲਾ ਜੀ"

"ਜੋ ਵਿਹਲੇ ਦਿਮਾਗ ਛੱਡਦੇ ਨੇ"

"ਵਿਹਲੇ ਦਿਮਾਗ਼ ਕੀ ਛੱਡਦੇ ਨੇ ਚੇਲਾ ਜੀ"

"ਜਿਸਨੂੰ ਸ਼ੋਸ਼ਾ ਨਾਂ ਦੀ ਸ਼ੈਅ ਕਹਿੰਦੇ ਨੇ ਗੁਰੂ ਜੀ"

"ਤੂੰ ਬੜਾ ਗੁਸਤਾਖ ਹੋ ਗਿਆ ਏਂ ਚੇਲਾ ਜੀ"

"ਸੱਚ ਹਮੇਸ਼ਾਂ ਗੁਸਤਾਖ ਹੁੰਦਾ ਏ ਗੁਰੂ ਜੀ"

o

## 5. ਕਰਨੈਲ ਬਾਗ਼ੀ—ਵਿਛੜੇ ਦੋਸਤ ਦੀ ਯਾਦ ਵਿਚ

'ਲੋਹੇ ਦੇ ਮਰਦ' ਦਾ ਸਾਡਾ ਲੋਕ ਕਵੀ ਕਰਨੈਲ ਬਾਗੀ ਕੋਟਕਪੂਰਾ ਵਿਖੇ 11 ਅਪ੍ਰੈਲ ਖੁਦਕਸ਼ੀ ਦੀ ਮੌਤ ਮਰਿਆ ਹੈ। ਇਹ ਉਹ ਕਵੀ ਹੈ, ਜਿਸਨੇ ਸਾਨੂੰ ਕਵਿਤਾ ਦੀਆਂ ਉਹ ਅਮਰ ਲਾਈਨਾਂ ਦਿਤੀਆਂ ਹਨ :

ਅਸੀਂ ਮੋਮ ਨਹੀਂ —
ਜੋ ਅੱਗਾਂ ਸਾਹਮਣੇ —
ਪਿਘਲ ਜਾਵਾਂਗੇ !
ਅਸੀਂ ਪਰਬਤ ਹਾਂ —
ਸਾਡੇ ਸੀਨੇ 'ਚ —
ਅਗਾਂ ਦੀ ਹੋਣੀ ਹੈ !
ਅਸੀਂ ਜੰਗਲ ਨਹੀਂ —
ਜੋ ਅੱਗਾਂ ਸਾਹਮਣੇ —
ਲੱਟ ਲੱਟ ਮੱਚਾਂਗੇ !
ਅਸੀਂ ਵਗਦੇ ਦਰਿਆ ਹਾਂ —
ਜੋ ਅੱਗਾਂ ਦੀ ਮੌਤ ਨੇ।
ਅਸੀਂ ਪੱਥਰ ਨਹੀਂ —
ਸਮੇਂ ਦਿਆਂ ਪੈਰਾਂ ਥੱਲੇ —
ਠੋਕਰਾਂ ਖਾਂਦੇ ਰਵਾਂਗੇ।
ਅਸੀਂ ਉਹ ਤੂਫਾਨ ਹਾਂ —
ਜਿਸ ਨੇ ਸਮਾਂ ਬਦਲਨਾ ਹੈ।
ਅਸੀਂ ਪਲਾਸਟਿਕ ਨਹੀਂ —
ਜਿਸਦੇ ਖਿਲੌਣੇ —
ਤੁਹਾਡੀਆਂ ਕਾਰਾਂ 'ਚ —
ਲਟਕਦੇ ਨੇ।
ਅਸੀਂ ਲੋਹੇ ਦੇ ਮਰਦ ਹਾਂ —
ਜੋ ਹੱਕਾਂ ਲਈ
ਜੂਝਣਾ ਜਾਣਦੇ ਨੇ।

ਇਸ ਕਵੀ ਨੂੰ ਕਿਉਂ ਬਿਨਆਈ ਮੌਤ ਕਬੂਲਨੀ ਪਈ ਇਹ ਸਾਡੇ ਲਈ ਇਕ ਗੁੰਝਲ ਹੈ। ਲੱਗਦਾ ਹੈ ਕਿ ਹਾਲਾਤ ਇਸ ਕਵੀ ਦੇ ਵੱਸ ਤੋਂ ਬਾਹਰ ਹੋ ਗਏ ਸਨ ਤੇ ਉਹਨੂੰ ਮੌਤ ਦਿਸ ਰਹੀ ਸੀ । ਇਸ ਲਈ ਉਹਨੇ 'ਵਸੀਹਤ' ਲਿਖਣੀ ਜ਼ਰੂਰੀ ਸਮਝੀ ਸੀ।

ਲਾਸ਼ ਨੂੰ ਗੀਤਾ ਸੁਣਾਏ ਨਾ ਕੋਈ,
ਇਹ ਜੋ ਪਖੰਡ ਰਚਾਏ ਨਾ ਕੋਈ।
ਮੇਰੀ ਬੇਵਸੀ ਤੇ ਹੱਸਦੇ ਰਹੇ ਜੋ,
ਉਨ੍ਹਾਂ 'ਚੋਂ ਆਂਸੂ ਵਹਾਏ ਨਾ ਕੋਈ।
ਮੈਨੂੰ ਰੀਤਾਂ ਰਿਵਾਜ਼ਾਂ ਨੇ ਰੋਲਿਆ
ਆਸਤਿਕ ਨੇੜੇ ਆਏ ਨਾ ਕੋਈ।
ਮਹਿਲ 'ਚ ਸ਼ੈਤਾਨ ਪਏ ਵੱਸਦੇ ਨੇ
ਕੋਲੋਂ ਦੀ ਅਰਥੀ ਲੰਘਾਏ ਨਾ ਕੋਈ।
ਮੌਤ ਤੋਂ ਬਾਅਦ ਤਮਾਸ਼ਾ ਖਤਮ ਏ
ਗੰਗਾ 'ਚ ਹੱਡੀਆਂ ਰੁੜ੍ਹਾਏ ਨਾ ਕੋਈ।
ਜੀਉਂਦੇ ਨੂੰ ਨਫ਼ਰਤ ਕਰਦੇ ਰਹੇ ਹੋ
ਮੁਰਦੇ ਨੂੰ ਹੁਣ ਵਡਿਆਏ ਨਾ ਕੋਈ।
ਬਣੇ ਹਨੇਰੇ ਦੇ ਆਸ਼ਿਕ ਨੇ ਜੋ
'ਬਾਗ਼ੀ' ਦੀ ਚਿਖਾ ਜਲਾਏ ਨਾ ਕੋਈ।"

ਇਸ ਕਵੀ ਦੀ ਯਾਦ ਨੂੰ ਅਸੀਂ ਕਦੀ ਵੀ ਨਹੀਂ ਭੁਲਾ ਸਕਾਂਗੇ, ਕਿਉਂਕਿ ਉਹਦੇ ਪੈੜਾਂ ਦੇ ਨਿਸ਼ਾਨ ਅਮਿੱਟ ਹਨ :—

ਸਾਡੀਆਂ ਪੈੜਾਂ ਦੇ ਨਿਸ਼ਾਨ
ਕਿਵੇਂ ਮਿਟਾਉਗੇ ?
ਹਵਾਵਾਂ ਦੱਸਣਗੀਆਂ —
ਜਿਨ੍ਹਾਂ ਰਾਹਾਂ ਤੋਂ ਗੁਜ਼ਰੇ ਹਾਂ;
ਇਹ ਲਹੂ ਰੰਗੀ ਮਿੱਟੀ —
ਸਾਡੇ ਰਿਸ਼ਤੇ ਦੀ —
ਗਵਾਹੀ ਭਰੇਗੀ।

o

## 6. ਕਮਿਊਨਿਸਟਾਂ ਦਾ ਪਬਲਿਕ ਵਰਤਾਰਾ

ਜਦੋਂ ਐਮਰਜੈਂਸੀ ਦੇ ਦਿਨਾਂ ਵਿਚ ਮੈਂ ਇਤਹਾਤੀ ਕਾਨੂੰਨ ਥੱਲੇ ਗਰਿਫਤਾਰ ਕੀਤਾ ਗਿਆ ਤਾਂ ਮੈਂ ਜੇਲ੍ਹ ਵਿਚੋਂ ਸਾਥੀ ਜਗਜੀਤ ਸਿੰਘ ਅਨੰਦ ਅਤੇ ਸਾਥੀ ਅਵਤਾਰ ਸਿੰਘ ਮਲਹੋਤਰਾ ਨੂੰ ਨਿੱਜੀ ਚਿੱਠੀਆਂ ਲਿਖੀਆਂ। ਇਹਨਾਂ ਚਿੱਠੀਆਂ ਵਿਚ ਮੈਂ ਇਹਨਾਂ ਸਾਥੀਆਂ ਨੂੰ ਆਪਣੇ ਕੇਸ ਵਿਚ ਦਖਲ ਅੰਦਾਜ਼ੀ ਕਰਨ ਲਈ ਮੰਗ ਕੀਤੀ ਸੀ। ਮੈਂ ਇਹ ਮੰਗ ਇਕ ਖੱਬੇ ਪੱਖੀ ਕਲਚਰਲ ਵਰਕਰ ਦੀ ਹੈਸੀਅਤ ਵਿਚ ਕੀਤੀ ਸੀ ਅਤੇ ਕਿਸੇ ਦਾਅਵੇ ਨਾਲ ਕੀਤੀ ਸੀ। ਮੈਨੂੰ ਇਸ ਗੱਲ ਦਾ ਮਾਣ ਹੈ ਕਿ ਸੀ. ਪੀ. ਆਈ. ਦੇ ਇਹਨਾਂ ਸਾਥੀਆਂ ਨੇ ਆਪਣੀ ਵਿਤ ਅਨੁਸਾਰ ਆਪਣਾ ਕਰਤੱਵ ਨਿਭਾਂਦੇ ਹੋਏ ਅਧਿਕਾਰੀਆਂ ਨੂੰ ਮੇਰੇ ਹਿੱਤ ਵਿਚ ਲਿਖਿਆ । ਇਹ ਸਭ ਕੁਝ ਇਹ ਜਾਣਦੇ ਹੋਏ ਇਹਨਾਂ ਕੀਤਾ ਕਿ ਮੇਰੇ ਸੀ. ਪੀ. ਆਈ. ਨਾਲ ਸਿਆਸੀ ਮੱਤਭੇਦ ਹਨ, ਇਸ ਚੰਗੇ ਕਦਮ ਨੂੰ ਇਥੇ ਰੀਕਾਰਡ ਕਰਦਿਆਂ ਹੋਇਆਂ, ਮੈਂ ਸਾਥੀ ਜਗਜੀਤ ਸਿੰਘ ਅਨੰਦ ਦੀ ਹੁਣ ਉਸ ਚਿੱਠੀ ਦਾ ਜ਼ਿਕਰ ਕਰ ਰਿਹਾ ਹਾਂ, ਅਤੇ ਜਿਸਦੀ ਫੋਟੋਸਟੈਟ ਕਾਪੀ ਮੈਨੂੰ ਮਿਲੀ ਹੈ ਜਿਸ ਵਿਚ ਸਾਥੀ ਜਗਜੀਤ ਸਿੰਘ ਅਨੰਦ ਨੇ ਸਾਥੀ ਰੂਪ ਸਿੰਘ ਰੂਪ ਦੇ ਕਹਿਣ ਤੇ ਪੰਜਾਬੀ ਯੂਨੀਵਰਸਟੀ ਪਟਿਆਲਾ ਦੇ ਇਕ ਐਸੇ ਕਰਮਚਾਰੀ ਦੇ ਹੱਕ ਵਿਚ ਵਾਈਸ ਚਾਂਸਲਰ ਸ੍ਰ. ਭਗਤ ਸਿੰਘ ਨੂੰ ਲਿਖੀ, ਜਿਸ ਉਤੇ ਭ੍ਰਿਸ਼ਟਾਚਾਰ ਦਾ ਮੁਕੱਦਮਾ ਚਲਿਆ ਤੇ ਕੋਰਟ ਨੇ ਉਸਨੂੰ ਦੋਸ਼ੀ ਕਰਾਰ ਦਿੱਤਾ। ਇਹ ਕਰਮਚਾਰੀ ਜਿਸ ਦਾ ਨਾਂ ਹਰਨਾਮ ਸਿੰਘ ਹੈ ਯੂਨੀਵਰਸਟੀ ਕਰਮਚਾਰੀਆਂ ਦੀ ਫੈਡਰੇਸ਼ਨ ਦਾ ਅਹੁਦੇਦਾਰ ਵੀ ਸੀ। ਇਹੋ ਜਿਹਾ ਵਿਅਕਤੀ ਜਿਹੜਾ ਭ੍ਰਿਸ਼ਟਾਚਾਰੀ ਵਰਤਾਰੇ ਦਾ ਦੋਸ਼ੀ ਹੋਵੇ ਅਤੇ ਇਸ ਤਰ੍ਹਾਂ ਜਥੇਬੰਦੀ ਲਈ ਵੀ ਨੁਕਸਾਨ ਦੇਹ ਹੋਵੇ ਉਹਦੇ ਹੱਕ ਵਿਚ ਸਾਥੀ ਜਗਜੀਤ ਸਿੰਘ ਅਨੰਦ ਜਾਂ ਸਾਥੀ ਰੂਪ ਸਿੰਘ ਰੂਪ ਦਾ ਵਾਈਸ ਚਾਂਸਲਰ ਨੂੰ ਲਿਖਣਾ ਬਿਲਕੁਲ ਉਸੇ ਤਰ੍ਹਾਂ ਦਾ ਅਮਲ ਹੈ, ਜਿਸ ਤਰ੍ਹਾਂ ਕੋਈ ਕਾਂਗਰਸੀ ਐਮ. ਪੀ. ਜਾਂ ਕਾਂਗਰਸੀ ਲੀਡਰ ਸਮਾਜ ਦੁਸ਼ਮਣ ਅਨਸਰਾਂ ਦੇ ਹੱਕ ਵਿਚ ਵਿਚਰਦੇ ਹਨ। ਭਾਵੇਂ ਇਹ ਅਮਲ ਪਾਰਲੀ-ਮੈਂਟਰੀ ਸਿਸਟਮ ਦੀ ਇਕ ਜ਼ਰੂਰਤ ਹੀ ਹੈ ਪਰ ਫੇਰ ਵੀ ਲੋਕ ਕਮਿਊਨਿਸਟਾਂ ਕੋਲੋਂ ਮੁਕਾਬਲਤਨ, ਵਧੀਆ ਵਰਤਾਰੇ ਦੀ ਉਮੀਦ ਰੱਖਦੇ ਹਨ। ਮੈਂ ਨਿੱਜੀ ਤਜਰਬੇ ਦੀ ਬਿਨਾ ਤੇ ਕਹਿ ਸਕਦਾ ਹਾਂ ਕਿ ਸਾਥੀ ਸਤਪਾਲ ਡਾਂਗ ਇਸ ਪੱਖੋਂ ਬੜੀ ਇਹਤਿਆਤ ਵਰਤਦੇ ਹਨ ਕਿ ਉਹ ਕਿਸੇ ਦੀ ਗ਼ਲਤ ਸਫ਼ਾਰਸ਼ ਨਾ ਕਰ ਦੇਣ। ਹੋਰਨਾਂ ਜ਼ਿਮੇਂਵਾਰ ਲੋਕਾਂ ਨੂੰ ਵੀ ਇਹ ਮਿਸਾਲ ਕਾਇਮ ਰੱਖਣੀ ਚਾਹੀਦੀ ਹੈ। ਸਦਾਚਾਰ ਦੇ ਪੱਖ ਤੋਂ ਅਸੀਂ ਹੋਰਨਾਂ ਤੋਂ ਵੱਖ ਹੋਣੇ ਚਾਹੀਦੇ ਹਾਂ। o

ਕਹਾਣੀ :

o

# ਅਦਨਾ ਇਨਸਾਨ

o

ਅਤਰਜੀਤ

o

ਜਿਥੋਂ ਤੱਕ ਚੌਥਾ ਦਰਜਾ ਕਰਮਚਾਰੀ ਸ਼ਾਮ ਲਾਲ ਨਾਲ ਮੇਰੀ ਹਮਦਰਦੀ ਦਾ ਸਬੰਧ ਸੀ, ਉਹ, ਝਗੜਾਲੂ ਅਤੇ ਰੁੱਖੀ ਤਬੀਅਤ ਦਾ ਮਾਲਕ ਹੋ ਕੇ ਵੀ ਮੇਰੀਆਂ ਨਿਗਾਹਾਂ ਵਿਚ ਨਫ਼ਰਤ ਦਾ ਪਾਤਰ ਨਹੀਂ ਸੀ। ਗੈਰਤਮੰਦ ਨਾਇਕ-ਨਾਇਕਾਵਾਂ ਦੇ ਕਿਰਦਾਰ ਅਤੇ ਚਰਿੱਤਰ ਨਾਵਲਾਂ-ਨਾਟਕਾਂ ਵਿਚ ਤਾਂ ਬਥੇਰੇ ਮਿਲ ਜਾਣਗੇ ਪਰ ਜਿਸ ਜਿਊਂਦੇ-ਜਾਗਦੇ ਕਿਰਦਾਰ ਨਾਲ ਮੇਰਾ ਵਾਹ ਪਿਆ ਸੀ, ਉਸਦੇ ਲਹੂ ਦਾ ਕਤਰਾ-ਕਤਰਾ ਹੱਡੀ ਦਾ ਕਿਣਕਾ-ਕਿਣਕਾ, ਮਾਸ ਦੀ ਬੋਟੀ-ਬੋਟੀ ਅਣਖ ਦੀ ਬਣੀ ਹੋਈ ਸੀ ਜੋ ਮੇਰੇ ਖ਼ਿਆਲ ਵਿਚ ਇਕ ਜਿਊਂਦਾ ਜਾਗਦਾ ਪਾਤਰ ਸੀ ਜੋ ਗੱਲ-ਬਾਤ ਵੇਲੇ ਆਪਣੇ-ਆਪ ਨੂੰ ਅਦਨਾ ਇਨਸਾਨ ਜਾਂ ਮਾਮੂਲੀ ਆਦਮੀ ਕਿਹਾ ਕਰਦਾ ਸੀ।

ਉਦੋਂ ਮੈਂ ਪੰਜਾਬ ਰਾਜ ਬਿਜਲੀ ਬੋਰਡ ਦੇ ਦਫ਼ਤਰ ਵਿਚ ਮਲੇਰਕੋਟਲੇ ਇਕ ਕਲਰਕ ਸਾਂ ਤੇ ਹੁਣ ਉਪ-ਮੰਡਲ ਦਫ਼ਤਰ ਰਾਮਪੁਰਾ ਫੂਲ, ਵਿਚ ਸਹਾਇਕ ਸੁਪਰਿਨਟੈਂਡੈਂਟ ਪਰੋਮੋਟ ਹੋ ਗਿਆ ਸੀ ਜਿਥੇ ਇਕ ਚੌਥਾ ਦਰਜਾ ਕਰਮਚਾਰੀ ਸ਼ਾਮ ਲਾਲ ਨਾਂ ਦੇ ਵਿਅਕਤੀ ਦੇ ਲੀਅਨ ਤਬਦੀਲ ਹੋਣ ਦਾ ਕਾਗਜ਼ ਮੇਰੀ ਮੇਜ਼ ਤੇ ਪਹੁੰਚਿਆ ਸੀ। ਪਹਿਲਾਂ ਮੈਂ ਇਸ ਨੂੰ ਸਰਸਰੀ ਸਮਝਕੇ ਕੋਈ ਧਿਆਨ ਨਹੀਂ ਸੀ ਦਿੱਤਾ ਪਰ ਮਗਰੋਂ ਸ਼ਾਮ ਲਾਲ ਸਵੀਪਰ ਕਮ ਚੌਂਕੀਦਾਰ ਪੜ੍ਹਕੇ ਮੇਰੇ ਮਨ ਵਿਚ ਜਗਿਆਸਾ ਉਤਪੰਨ ਹੋ ਗਈ ਤੇ ਦਿਮਾਗ 'ਤੇ ਬੋਝ ਪਾ ਕੇ ਸੋਚਿਆ ਕਿ ਉਹ ਸ਼ਾਮ ਲਾਲ ਤਾਂ ਮਾਲੀ ਕਮ ਵਾਟਰਕੇਰੀਅਰ ਸੀ। 'ਮੁਅੱਤਲ ਕੀਤਾ' ਸ਼ਬਦਾਂ ਤੋਂ ਅੱਗੇ ਮੈਨੂੰ ਕੋਈ ਅੱਖਰ ਵੀ ਨਾ ਦਿੱਸਿਆ। ਮੈਂ ਨੱਕ ਤੋਂ ਐਨਕਾਂ ਲਾਹ ਕੇ ਅੱਖਾਂ ਪੂੰਝੀਆਂ; ਸ਼ੀਸ਼ੇ ਸਾਫ਼ ਕੀਤੇ ਤੇ ਮੁੜ ਨੱਕ 'ਤੇ ਟਿਕਾ ਕੇ ਅੱਗੇ ਪੜ੍ਹਿਆ : ਮੁਅੱਤਲ ਕਰਕੇ ਸੁਨਾਮ ਤੋਂ ਇਥੇ ਪਰਬੰਧਕੀ ਆਧਾਰ 'ਤੇ ਤਬਦੀਲ ਕੀਤਾ ਗਿਆ ਸੀ। ਮੈਂ ਅੰਗੂਠੇ ਨਾਲ ਦੀ ਉਂਗਲੀ ਨਾਲ ਪੁੜਪੁੜੀ ਠਕੋਰ ਕੇ ਯਾਦ ਕਰਨ ਦਾ ਜਤਨ ਕੀਤਾ ਕਿ ਕੱਲ੍ਹ ਵੀ ਸਾਡੇ ਦਫ਼ਤਰ ਦੇ ਕਰਮਚਾਰੀ ਸ਼ਾਇਦ ਇਸੇ ਦਾ ਸਦਕਾ ਫ਼ਿਕਰ ਅਤੇ ਡਰ ਦਾ ਇਜ਼ਹਾਰ ਕਰ ਰਹੇ ਸਨ ਕਿ ਉਹ ਕਰਮਚਾਰੀ ਬਹੁਤ ਹੀ ਖ਼ਤਰਨਾਕ ਝਗੜਾਲੂ ਤੇ ਬਲਾ ਹੈ; ਜਿਹੜਾ ਕਿਸੇ ਦੇ ਗਲ ਪੈਣ ਲੱਗਿਆਂ, ਅੱਗਾ-ਪਿੱਛਾ ਨਹੀਂ ਵਿਚਾਰਦਾ।

ਸ਼ਾਮੂ ਸਾਡੇ ਦਫ਼ਤਰ ਵਿਚ ਪੰਦਰਾਂ ਸੋਲਾਂ ਸਾਲ ਪਹਿਲਾਂ ਹੁੰਦਾ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਮੈਂ ਤਾਂ ਉੱਕਾ ਹੀ ਅਮਨ ਪਸੰਦ ਸ਼ਹਿਰੀ ਬਣ ਗਿਆ ਸੀ। ਮੈਂ ਵੱਡਿਆਂ ਦੀ ਨਸੀਹਤ ਪੱਲੇ ਬੰਨ੍ਹ ਲਈ ਸੀ, "ਨੌਕਰੀ ਤਾਂ ਨਾਜ਼ ਤੇ ਨਖਰਾ ਕੀ ?" ਜਦੋਂ ਬੱਚੇ ਹੀ ਪਾਲਣੇ ਸਨ ਤਾਂ ਚੰਗੀ ਭਲੀ ਨੌਕਰੀ ਨੂੰ ਦਾਗ ਕੋਈ ਕਿਉਂ ਲਵਾਵੇ ? ਹੁਣ ਤਾਂ ਤਨਖ਼ਾਹ ਤੋਂ ਵੱਧ ਮੈਨੂੰ ਉਪਰੋਂ ਵੀ ਕਾਫ਼ੀ ਬਣ ਜਾਂਦੇ ਸਨ। ਇਸਤਰਾਂ ਘਰ ਅਤੇ ਆਸ ਪਾਸ ਮੇਰੀ ਚੰਗੀ ਇੱਜ਼ਤ ਸੀ। ਉਪਰਲੀ ਆਮਦਨ ਦੇ ਸਿਰੋਂ ਹੁਣ ਤਾਂ ਮੈਂ ਵਧੀਆ ਕੋਠੀ ਦਾ ਵੀ ਮਾਲਕ ਸਾਂ। ਦੋਸਤ ਕਹਿੰਦੇ ਸਨ ਕਿ ਮੈਂ ਅੱਗੇ ਨਾਲੋਂ ਮੋਟਾ ਹੋ ਗਿਆ ਹਾਂ।

ਕੱਲ੍ਹ ਮੇਰੇ ਸਹਿ-ਕਰਮਚਾਰੀ ਨੇ ਦੱਸਿਆ ਸੀ ਕਿ ਨਵਾਂ ਚੌਥਾ ਦਰਜਾ ਕਰਮਚਾਰੀ ਜੋ ਮੁਅੱਤਲ ਹੋ ਕੇ ਆਇਆ ਸੀ, ਚੁੱਪ ਚਾਪ ਸਾਹਿਬ ਦੇ ਕਮਰੇ ਵਿਚ ਜਾ ਕੇ ਬੋਲਿਆ : "ਜਨਾਬ ਮੈਂ ਸ਼ਾਮ ਲਾਲ ਮਾਲੀ ਕਮ ਵਾਟਰ ਕੇਰੀਅਰ ਹਾਂ" ਅਤੇ ਤਣ ਕੇ ਕੁਰਸੀ 'ਤੇ ਬੈਠ ਗਿਆ। ਸਾਹਿਬ ਨੇ ਕਿਹਾ ਕਿ ਆਰਡਰ ਉੱਤੇ ਤਾਂ ਸਵੀਪਰ ਕਮ ਚੌਂਕੀਦਾਰ ਲਿਖਿਆ ਹੈ ਤਾਂ ਕਹਿਣ ਲੱਗਾ "ਸਾਹਿਬ ਇਹ ਤਾਂ ਮੇਰੇ ਨਾਲ ਬੇ-ਇਨਸਾਫ਼ੀ ਹੋਈ ਹੈ।" ਸਾਹਿਬ ਨੇ ਉਸਨੂੰ ਡਿਊਟੀ 'ਤੇ ਹਾਜ਼ਰ ਨਾ ਕਰਵਾਇਆ। ਇਸ ਘਟਨਾ ਨੂੰ ਮੈਂ ਕੱਲ੍ਹ ਬਹੁਤਾ ਨਹੀਂ ਸੀ ਗੌਲਿਆ। ਹੁਣ ਮੇਰੇ ਵਿਚ ਪਹਿਲਾਂ ਵਾਲੀ ਭਾਵਕਤਾ ਨਹੀਂ ਸੀ ਰਹੀ ਕਿ ਐਵੇਂ ਹੀ ਨਿੱਕੀਆਂ ਨਿੱਕੀਆਂ ਘਟਨਾਵਾਂ ਬਾਰੇ ਸੋਚੀ ਜਾਵਾਂ। ਹੁਣ ਦੂਜਿਆਂ ਦੀ ਜ਼ਿੰਦਗੀ ਬਾਰੇ ਸੋਚਣ ਵਾਲਾ ਤਾਂ ਜ਼ਿੰਦਗੀ 'ਚ ਕੁਝ ਵੀ ਨਹੀਂ ਰਿਹਾ। ਇਹ ਵੀ ਮੈਨੂੰ ਸਾਡੇ ਚਪੜਾਸੀ ਨੇ ਆ ਕੇ ਸੁਨੇਹਾ ਦਿੱਤਾ ਸੀ ਕਿ ਬਾਹਰ ਮੈਨੂੰ ਕੋਈ ਮਿਲਣਾ ਚਾਹੁੰਦਾ ਹੈ। ਮੈਂ ਡਿਊਟੀ ਦੀ ਪਰਵਾਹ ਕੀਤੇ ਬਿਨਾ ਕਿਉਂਕਿ ਐਸ. ਡੀ. ਓ. ਸਾਹਿਬ ਨਾਲ ਮੇਰੀ ਚੰਗੀ ਬਣਦੀ ਸੀ; ਭਾਵੇਂ ਬਣਨ ਦਾ ਰਾਜ਼ ਦੋਹਾਂ ਦੇ ਕਮਜ਼ੋਰ ਪੱਖਾਂ ਦਾ ਇਕ ਦੂਜੇ ਤੋਂ ਨਾ ਛੁਪੇ ਹੋਣਾ ਹੀ ਸੀ — ਬਾਹਰ ਲਾਨ ਵੱਲ ਤੁਰ ਪਿਆ। ਸਾਹਿਬ ਦੇ ਦਫ਼ਤਰ, ਫਾਈਲਾਂ ਦਾ ਥੱਬਾ ਲਈ ਵੜਦੇ, ਲਾਈਨ ਸੁਪਰਿਨਟੈਂਡੈਂਟ ਨੂੰ ਅਤੇ ਨਾ ਹੀ ਉਸਦੇ ਮਗਰ

ਜਾਂਦੇ ਸੁਪਰਿਨਟੈਂਡੈਂਟ ਨੂੰ ਮੈਂ ਗੌਲਿਆ। ਮੇਰੇ ਬੂਟਾਂ ਦੀ ਟੱਕ-ਟੱਕ ਵਰਾਂਡੇ ਵਿਚ ਗੂੰਜ ਰਹੀ ਸੀ।। ਵਰਾਂਡੇ ਦੇ ਸਿਰੇ 'ਤੇ ਹੀ ਲਾਨ ਤੇ ਪਾਰਕ ਆਉਂਦੇ ਸਨ।

ਮੇਰੇ ਸਾਮ੍ਹਣੇ, ਵੇਖਣ ਨੂੰ ਪੰਜਾਹ ਕੁ ਸਾਲ ਦੇ ਕਰੀਬ ਉਮਰ ਦਾ ਇਕ ਵਿਅਕਤੀ ਸੀ। ਮੈਂ ਤਾਂ ਸਮਝਿਆ ਸੀ ਕਿ ਕੋਈ ਸੂਟ-ਬੂਟ ਵਾਲਾ-ਬਾਬੂ ਜਾਂ ਸਰਦਾਰ—ਕੋਈ ਤਕੜੀ ਅਸਾਮੀ ਮਿਲਣ ਆਇਆ ਹੋਵੇਗਾ ਪਰ ਇਸ ਅਜੀਬ ਅਤੇ ਭੈੜੀ ਸ਼ਕਲ, ਮੈਲੇ-ਕੁਚੈਲੇ ਕੁੜਤੇ-ਪਜਾਮੇ ਵਾਲੇ ਵਿਅਕਤੀ ਨੂੰ ਸਾਮ੍ਹਣੇ ਖੜ੍ਹਾ ਵੇਖਕੇ ਮੈਨੂੰ ਹੱਤਕ ਅਨੁਭਵ ਹੋਈ। ਮੈਂ ਆਪਣੇ ਰੋਅਬ-ਦਾਅਬ ਨੂੰ ਕਾਇਮ ਰੱਖਦਾ ਤੇ ਐਨਕਾਂ ਲਾਹ ਕੇ ਹੱਥ ਵਿਚ ਫੜਦਾ, "ਕਿਆ ਬਾਤ ਹੈ ?" ਆਖਣ ਹੀ ਲੱਗਾ ਸਾਂ ਕਿ ਉਸਨੇ ਦੋਵੇਂ ਹੱਥ ਜੋੜਕੇ ਮੈਨੂੰ ਨਮਸਤੇ ਕਹੀ। ਜਿਵੇਂ ਹੀ ਉਸਦੇ ਬੁੱਲ੍ਹ ਹਰਕਤ ਵਿਚ ਆਏ, ਨੱਕ ਦੀ ਕਰੂੰਬਲ ਵਿਚ ਤਣਾ ਆਇਆ, ਮੈਂ ਪਹਿਚਾਣ ਗਿਆ ਕਿ ਉਹ ਤਾਂ ਉਹੀ ਸ਼ਾਮ ਲਾਲ ਸੀ, ਅਦਨੇ ਇਨਸਾਨ ਜਾਂ ਮਾਮੂਲੀ ਆਦਮੀ ਵਾਲਾ। ਉਸ 'ਤੇ ਇੰਨੀ ਛੇਤੀ ਆਇਆ ਬੁਢਾਪਾ ਵੇਖ ਕੇ ਮੈਂ ਹੱਕਾ ਬੱਕਾ ਹੀ ਤਾਂ ਰਹਿ ਗਿਆ।

"ਸ਼ਾਮ ਲਾਲ !" ਮੇਰੇ ਮੂੰਹ ਵਿਚ ਜਿਵੇਂ ਸ਼ਬਦ ਫੁੱਲ ਗਏ—" ਇਹ ਕੀ ਹਾਲ ਹੋਇਐ, ਤੇਰਾ ? "ਹਮੇਸ਼ਾ ਫੁੱਲ ਵਾਂਗ ਖਿੜੇ ਰਹਿਣ ਵਾਲਾ ਅਤੇ ਕਿਸੇ ਅੱਗੇ ਕਦੇ ਵੀ ਸਿਰ ਨਾ ਝੁਕਾਉਣ ਵਾਲਾ ਸ਼ਾਮ ਲਾਲ ਕਿੰਨਾ ਜਲਦੀ ਝੌਂ ਗਿਆ ਸੀ। ਉਸਦੇ ਹੇਠਲੇ ਦੋ ਤਿੰਨ ਦੰਦ ਵੀ ਨਹੀਂ ਸਨ ਰਹੇ ! ਗੱਲ੍ਹਾਂ ਅੰਦਰ ਨੂੰ ਪਿਚਕ ਗਈਆਂ ਸਨ ਅਤੇ ਰੰਗ ਇਕ ਦਮ ਕਾਲਾ ਹੋ ਗਿਆ ਸੀ। ਪਹਿਲਾਂ ਵਾਲਾ ਸ਼ਾਮ ਲਾਲ ਤਾਂ ਉਹ ਰਿਹਾ ਹੀ ਨਹੀਂ ਸੀ।

"ਬਾਬੂ ਜੀ !" ਉਸਦੀ ਆਵਾਜ਼ ਵਿਚ ਹਾਲੇ ਵੀ ਉਹੀ ਠਰੰਮਾ ਦ੍ਰਿੜਤਾ ਤੇ ਸਵੈ-ਵਿਸ਼ਵਾਸ਼ ਸੀ—"ਇਨਸਾਨ ਦੇ ਉਪਰ ਸੌ-ਸੌ ਹਵਾਵਾਂ ਵਗਦੀਆਂ ਨੇ।"

"ਤਾਂ ਕੀ ਬਹੁਤ ਔਖੇ ਦਿਨ ਵੇਖਣੇ ਪਏ ਤੈਨੂੰ ?" ਮੈਂ ਆਪਣੀ ਬਾਂਹ ਉਸ ਦੇ ਮੋਢੇ ਦੁਆਲੇ ਵਲ ਕੇ ਨੇੜੇ ਕਰ ਲਿਆ। ਉਸ ਦੇ ਸਾਹ 'ਚੋਂ ਤੰਬਾਕੂ ਦੀ ਤਿੱਖੀ ਅਤੇ ਕੌੜੀ ਬੋ ਆਈ। ਉਦੋਂ ਤਾਂ ਉਹ ਤੰਬਾਕੂ ਵੀ ਨਹੀਂ ਸੀ ਪੀਂਦਾ ਹੁੰਦਾ। ਤੰਬਾਕੂ ਨੂੰ ਬਹੁਤ ਨਫਰਤ ਕਰਿਆ ਕਰਦਾ ਸੀ।

"ਬੱਸ ਕੁੱਝ ਹਾਲਾਤ ਐਸੇ ਵੈਸੇ ਹੀ ਰਹੇ ਨੇ।" ਕਹਿੰਦਿਆਂ ਉਸਨੇ ਜੇਬ 'ਚੋਂ ਬੀੜੀਆਂ ਦਾ ਬੰਡਲ ਅਤੇ ਮਾਚਸ ਕੱਢੀ। ਬੀੜੀ ਨੂੰ ਪਤਲੇ ਪਾਸਿਓਂ ਦੰਦਾਂ 'ਚ ਲੈ ਕੇ ਟੁਕਿਆ ਅਤੇ ਫਿਰ ਕਾਲੇ ਹੋ ਗਏ ਬੁਲ੍ਹਾਂ 'ਚ ਫੜ ਕੇ ਤੀਲੀ ਬਾਲੀ। ਬੀੜੀ ਸੁਲਘਾਈ। ਕਸ਼ ਖਿੱਚਣ ਤੋਂ ਬਾਅਦ ਉਸਦੀ ਪਤਲੀ ਗਰਦਨ 'ਚੋਂ ਉਸ ਦਾ ਘੰਡ ਅਤੇ ਰਗਾਂ ਉਭਰ ਆਉਂਦੇ ਸਨ। ਕੁਝ ਜ਼ਿਆਦਾ ਹੀ ਕਮਜ਼ੋਰ ਹੋ ਜਾਣ ਕਰਕੇ ਉਸਦੇ ਮੋਢੇ ਕੁਝ ਵਧੇਰੇ ਹੀ ਉਭਰੇ ਹੋਏ ਹੱਡਲ ਲੱਗਦੇ ਸਨ।

"ਤੂੰ ਤਾਂ ਤੰਬਾਕੂ ਪੀਂਦਾ ਨਹੀਂ ਸੀ ਹੁੰਦਾ—ਇਹ ਕਦੋਂ ਤੋਂ ਪੀਣਾ ਸ਼ੁਰੂ ਕੀਤਾ ?" ਮੈਂ ਨਫ਼ਰਤ ਨਾਲ ਨਹੀਂ ਸਗੋਂ ਦਿਲੀ ਹਮਦਰਦੀ ਨਾਲ ਪੁਛਿਆ, ਕਿਉਂਕਿ ਮੈਂ ਸਮਝਦਾ ਸੀ ਕਿ ਉਹ ਕਿਸੇ ਠੁਹਕਰ ਤੋਂ ਬਾਅਦ ਹੀ ਅਜੇਹਾ ਕਰਨ ਲੱਗਿਆ ਹੋਵੇਗਾ। ਮੈਂ ਉਸਦੀ ਰਗ-ਰਗ ਦਾ ਭੇਤੀ ਹੋ ਗਿਆ ਸੀ।

"ਚੱਲ ਪਹਿਲਾਂ ਚਾਹ ਪੀਈਏ।" ਮੈਂ ਉਹਨੂੰ ਕੈਨਟੀਨ ਵੱਲ ਲੈ ਤੁਰਿਆ—"ਗੱਲਾਂ ਤਾਂ ਹੁੰਦੀਆਂ ਵੀ ਰਹਿਣ-ਗੀਆਂ।" ਕੈਨਟੀਨ ਵਿਚ ਜਾ ਕੇ ਅਸੀਂ ਅਮੌਸਮੀਆਂ ਕੁਰਸੀਆਂ 'ਤੇ ਬੈਠ ਗਏ। ਮੈਂ ਵੇਖਿਆ ਉਸਦੇ ਸਾਂਵਲੇ ਚਿਹਰੇ ਉਪਰ ਇਕ ਦਮ ਜ਼ਰਦੀ ਦਾ ਪੋਚਾ ਜਿਹਾ ਫਿਰਿਆ ਹੋਇਆ ਲਗਦਾ ਸੀ। ਜਰਕਾਣ ਦੇ ਰੋਗੀ ਵਾਂਗ ਅੱਖਾਂ ਵੀ ਹਲਦੀ ਰੰਗੀਆਂ ਦਿਸਦੀਆਂ ਸਨ, ਸਿਰਫ਼ ਬੁੱਲ੍ਹ ਹੀ ਸਨ ਜੋ ਤੰਬਾਕੂ ਦੇ ਧੂੰਏਂ ਨਾਲ ਕਾਲੇ-ਡੰਝ ਹੋਏ ਹੋਏ ਸਨ। "ਦੋ ਕੱਪ ਚਾਹ।" ਮੈਂ ਮੁੰਡੇ ਨੂੰ ਹੁਕਮ ਸੁਣਾਇਆ ਮੁੰਡਾ ਪਾਣੀ ਦੇ ਦੋ ਗਿਲਾਸ ਰੱਖ ਗਿਆ।

"ਇਨਸਾਨ ਦਾ ਜੀਵਨ ਹੀ ਬੀੜੀ ਦੀ ਤਰ੍ਹਾਂ ਹੈ ਸਾਹਿਬ।" ਮੇਰੇ ਦੁਬਾਰਾ ਪੁੱਛਣ 'ਤੇ ਉਸਨੇ ਆਪਣਾ ਉਹੀ ਕਾਵਿਆਨਾ ਖਿਆਲ ਜ਼ਾਹਿਰ ਕੀਤਾ। ਮੈਨੂੰ ਇਹ ਵੀ ਯਾਦ ਆ ਗਿਆ ਕਿ ਉਹ ਉਦੋਂ ਸਾਹਿਤਕ ਪੁਸਤਕਾਂ ਪੜ੍ਹਨ ਦਾ ਬੜਾ ਹੀ ਸ਼ੌਕੀਨ ਸੀ ਅਤੇ ਸਾਹਿਤ 'ਚੋਂ ਪੜ੍ਹੇ ਵਿਖਿਆਨਾ ਦੀਆਂ ਉਦਾਹਰਣਾਂ ਦਿਆਂ ਕਰਦਾ ਸੀ—"ਕਦੀ ਇਹ ਅੱਗ ਦੀ ਤਰ੍ਹਾਂ ਲੱਪਟਾਂ ਛੱਡਦਾ ਲੱਟ-ਲੱਟ ਬਲਦਾ ਹੈ ਤੇ ਕਦੀ ਸਿਗਰਟ ਦੀ ਤਰ੍ਹਾਂ ਸੁਲਘਦਾ ਸਿਰਫ਼ ਧੂੰਆਂ ਹੀ ਛੱਡਦਾ ਹੈ।"

ਸ਼ਾਮ ਲਾਲ ਨੇ ਆਪਣੇ ਮੁਅਤਲ ਹੋਣ ਦਾ ਕਾਰਨ ਬਹੁਤ ਹੀ ਭਾਵਕ ਹੋ ਕੇ ਦਸਿਆ ਕਿ ਉਸਦੀ ਅਫ਼ਸਰ ਨਾਲ ਵਿਗੜ ਗਈ ਸੀ।

"ਰੋਅਬ ਨਾਲ ਨਾ ਆਪਾਂ ਤੋਂ ਕੋਈ ਕੰਮ ਲੈ ਸਕਿਆ ਹੈ ਅਤੇ ਨਾ ਹੀ ਕੋਈ ਜੰਮਿਆ ਹੈ"—ਉਸਨੇ ਦਸਿਆ ਕਿ ਇਸੇ ਮਾਮਲੇ ਵਿਚ ਤੂੰ-ਤੂੰ, ਮੈਂ-ਮੈਂ ਹੋ ਗਈ ਸੀ ਅਤੇ ਮਾਰ-ਕੁਟਾਈ ਦੀ ਨੌਬਤ ਆ ਗਈ ਸੀ। "ਤੁਸੀਂ ਕਿਸੇ ਤੋਂ ਸਾਲਾ ਕਿਵੇਂ ਅਖਵਾ ਲਓਗੇ ? ਇਹ ਤਾਂ ਉਈਂ ਮਰਨ ਐ, ਬੰਦੇ ਦਾ।" ਸਾਲਾ ਸ਼ਬਦ ਦੀ ਉਸਨੇ ਆਪਣੀ ਧਾਰਨਾ ਬਣਾਈ ਹੋਈ ਸੀ। ਉਹ ਸਮਝਦਾ ਸੀ ਕਿ ਇਹ ਸ਼ਬਦ ਗਿਰਾਵਟ ਅਤੇ ਨੀਚਤਾ ਦਾ ਚਿੰਨ੍ਹ ਹੈ। ਗੁਲਾਮੀ ਦਾ ਬਿੰਬ।

ਉਸ ਵਿਚ ਸਭ ਕੁਝ ਸੀ ਪਰ ਮੇਰੇ ਸਾਹਮਣੇ ਤਾਂ ਉਹ ਕਾਲੀ ਗਊ ਸੀ, ਜਿਸਦਾ ਇਕੋ-ਇਕ ਕਾਰਨ ਇਹ ਸੀ ਕਿ ਮੈਂ ਉਸਨੂੰ ਕਦੇ ਵੀ ਰੁੱਖਾ ਨਹੀਂ ਸੀ ਬੋਲਿਆ—

ਜਿਸਦੇ ਫਲ ਸਰੂਪ ਉਹ ਮੇਰਾ ਘਰ ਦਾ ਕੰਮ ਵੀ ਕਰ ਜਾਇਆ ਕਰਦਾ ਸੀ। ਮੈਨੂੰ ਆਪ ਨੂੰ ਵੀ ਯਾਦ ਨਹੀਂ ਕਿ ਉਸਦੀ ਨਬਜ਼ ਮੇਰੇ ਹੱਥ ਕਿਵੇਂ ਆ ਗਈ ਸੀ ਨਹੀਂ ਤਾਂ ਉਹ ਕਿਸੇ ਨੂੰ 'ਹੈਗਾ ਕੁੱਤੀਏ' ਨਹੀਂ ਸੀ ਆਖਣ ਦਿੰਦਾ।

"ਸ਼ਾਮ ਲਾਲ, ਛੋਟੇ ਭਾਈ !" ਮੈਂ ਜਿੰਨੀ ਵਾਰ ਵੀ ਉਸ ਨੂੰ ਕਿਸੇ ਕੰਮ ਲਈ ਆਖਿਆ, "ਅੱਜ ਲੱਕੜੀਆਂ ਬਿਲਕੁਲ ਖਤਮ ਹੋ ਗਈਆਂ—ਤੇਰੀ ਭਰਜਾਈ ਤਾਂ ਕਹਿੰਦੀ ਸੀ—ਸ਼ਾਮ ਨੂੰ ਰੋਟੀ ਨੀ ਮਿਲਣੀ" ਉਹ ਅੱਧ ਕੁ ਦਾ ਹੋ ਕੇ ਅੱਗੋਂ ਕਹਿੰਦਾ, "ਬਾਊ ਜੀ ! ਇਹ ਕਿਵੇਂ ਹੋ ਸਕਦਾ ਹੈ ਕਿ ਸਾਡਾ ਭਾਈ ਅੱਜ ਭੁੱਖਾ ਸੌਂਵੇਂ ? ਸਭ ਕੁੱਝ ਹੋ ਜੂਗਾ।" ਰੋਅਬ ਨਾਲ ਉਹ ਕਿਸੇ ਨੂੰ ਪਾਣੀ ਨਹੀਂ ਸੀ ਪਿਆਉਂਦਾ। ਉਹ ਕਈ ਵਾਰ ਰੋਅਬ ਵਿਚ ਜਾਣ ਬੁੱਝ ਕੇ ਹਿੰਦੀ ਬੋਲਣ ਲੱਗ ਪੈਂਦਾ, "ਹਮ ਲੋਕ ਚਾਰ ਉਂਗਲੀ ਝੁਕਨੇ ਵਾਲੇ ਕੇ ਸਾਮ੍ਹਨੇ ਹਾਥ ਭਰ ਝੁਕਦਾ ਹੈ। ਏਕ ਇੰਚ ਸਰ ਊਪਰ ਉਠਾਨੇ ਵਾਲੇ ਕੇ ਸਾਮਨੇ, ਹਮ ਤੀਨ੍ਹ ਫੁਟ ਸਰ ਉਪਰ ਉਠਾਤਾ ਹੈ। ਐਸੇ ਤੋ ਹਮ ਏਕ ਅਦਨਾ ਇਨਸਾਨ ਹੈ—ਏਕ ਦਮ ਮਾਮੂਲੀ ਆਦਮੀ।"

ਉਸਦਾ ਵਿਆਹ ਅਜੇ ਨਹੀਂ ਸੀ ਹੋਇਆ। ਮੈਂ ਉਸ ਨੂੰ ਆਪਣੇ ਬਰਾਬਰ ਪਲੰਘ ਜਾਂ ਸੋਫੇ 'ਤੇ ਬੈਠਣ ਲਈ ਆਖਦਾ ਪਰ ਉਹ ਹੀਣਤਾ ਵੱਸ ਪਰ੍ਹੇ ਕੁਰਸੀ 'ਤੇ ਹੀ ਬੈਠਦਾ। ਮੈਂ ਉਸਨੂੰ ਚਾਹ ਫੜਾਉਂਦਾ। ਕਈ ਵਾਰ ਆਪ ਹੀ ਉਠ ਕੇ ਪਲੇਟ ਉਸਦੇ ਮੂਹਰੇ ਕਰ ਦਿੰਦਾ। ਉਸ ਨੇ ਕਦੇ ਵੀ ਉਸ ਵਿਚੋਂ ਖੋਏ ਦੀ ਪਿੰਨੀ, ਬਰਫੀ ਦਾ ਟੁਕੜਾ ਜਾਂ ਬਿਸਕੁਟ ਆਪੇ ਨਾ ਚੁੱਕਿਆ। ਮੈਂ ਚਾਹੁੰਦਾ ਵੀ ਇਹੋ ਸਾਂ ਕਿ ਵਖਰੇਵਾਂ ਬਣਿਆ ਰਹੇ। ਅਕਸਰ ਉਹ ਸਾਡੇ ਦਫ਼ਤਰ ਦਾ ਚੌਥਾ ਦਰਜਾ ਕਰਮਚਾਰੀ ਹੀ ਤਾਂ ਸੀ, ਤਾਂ ਵੀ ਉਸਤੋਂ ਕੰਮ ਲੈਣ ਲਈ, ਕਈ ਕਿਸਮ ਦੇ ਦਾਅ-ਪੇਚ ਅਤੇ ਚੁਸਤੀਆਂ ਵਰਤਣੀਆਂ ਪੈਂਦੀਆਂ ਸਨ।

"ਦੇਖ ਬਈ ਸ਼ਾਮ ਲਾਲ" ਮੈਂ ਪਲੇਟ ਪਿਛਾਂਹ ਖਿੱਚ ਕੇ ਉਸ ਵਿਚੋਂ ਇਕ ਪੀਸ ਚੁੱਕ ਕੇ ਉਸਦੇ ਹੱਥ ਫੜਾਉਂਦਾ ਕਹਿੰਦਾ—"ਦਫਤਰ 'ਚ ਤੂੰ ਮੇਰਾ ਮਤਹਿਤ ਹੈਂ, ਘਰ ਵਿਚ ਨਹੀਂ। ਘਰ ਵਿਚ ਤਾਂ ਆਪਾਂ ਦੋਸਤ-ਦੋਸਤ ਹਾਂ, ਭਾਈ-ਭਾਈ।" ਉਹ ਫੇਰ ਵੀ ਮੇਰੇ ਹੱਥੋਂ ਚੀਜ਼ ਫੜਦਾ ਨਾ ਸਗੋਂ ਦੇਵੀ ਮਾਤਾ ਦਾ ਪਰਸ਼ਾਦ ਲੈਣ ਵਾਲਿਆਂ ਵਾਂਗ ਦੋਵੇਂ ਹੱਥ ਪਸਾਰ ਲੈਂਦਾ "ਸਮਝੇ ਮੇਰੀ ਬਾਤ।" ਮੈਂ ਵਾਕ ਪੂਰਾ ਕਰਦਾ।

ਉਸ ਤੋਂ ਬਾਅਦ ਉਹ ਬਹੁਤ ਦੇਰ ਤੱਕ ਮੇਰੇ ਬੱਚੇ ਨੂੰ ਖਿਡਾਉਂਦਾ ਰਹਿੰਦਾ। ਮੇਰੀ ਪਤਨੀ ਕੁਸ਼ਲਿਆ ਨੂੰ ਪਾਣੀ ਦੀਆਂ ਬਾਲਟੀਆਂ ਭਰ ਭਰ ਦਿੰਦਾ। ਕੱਪੜੇ ਧੁਆਉਂਦਾ, ਬਾਜ਼ਾਰੋਂ ਲੱਕੜਾਂ ਲਿਆ ਦਿੰਦਾ, ਸਬਜ਼ੀ ਲੈ ਆਉਂਦਾ। ਮੋਟੀਆਂ ਲੱਕੜਾਂ ਵੀ ਪਾੜ ਦਿੰਦਾ। ਕਈ ਵਾਰ ਮੈਂ ਆਪਣੀਆਂ ਅੱਖਾਂ ਨਾਲ ਵੇਖਿਆ ਸੀ ਕਿ ਉਹ ਮੇਰੀ ਪਤਨੀ ਵੱਲ, ਖਾਸ ਕਰਕੇ ਜਦੋਂ ਉਹ ਝੁਕ ਕੇ ਕੋਈ ਕੰਮ ਕਰ ਰਹੀ ਹੁੰਦੀ, ਉਸਦੀ ਕਮੀਜ਼ ਜਾਂ ਬਲਾਊਜ਼ ਹੇਠਾਂ ਨੂੰ ਹੋਇਆ ਹੁੰਦਾ, ਉਹ ਉਸਦੇ ਅੰਦਰ ਜਾਂ ਬਰਾ ਦੀਆਂ ਤਣੀਆਂ ਵੱਲ ਭੁੱਖੀਆਂ ਪਿਆਸੀਆਂ ਚੋਰ ਨਜ਼ਰਾਂ ਨਾਲ ਵੇਖੀ ਜਾਂਦਾ। ਮੈਂ ਉਸ ਨੂੰ ਇਸ ਸਬੰਧੀ ਕਦੇ ਵੀ ਨਹੀਂ ਸੀ ਟੋਕਿਆ। ਮੁਫਤ ਦਾ ਨੌਕਰ ਜੋ ਮਿਲਿਆ ਸੀ।

ਆਪਣੀ ਹਰ ਔਖ-ਸੌਖ ਨੂੰ ਦੱਸਣ ਦੀ ਵੀ ਸ਼ਾਮੂ ਵਿਚ ਜਿਵੇਂ ਖਾਸ ਕਲਾ ਹੀ ਸੀ, ਜਿਸ ਕਰਕੇ ਸੁਣਨ ਵਾਲਾ ਕੁਦਰਤੀ ਤੌਰ 'ਤੇ ਹੀ ਹਮਦਰਦੀ ਵਿਚ ਪਸੀਜ ਜਾਂਦਾ ਸੀ। ਉਸ ਦੇ ਮੁਅੱਤਲ ਹੋਣ ਦੀ ਗੱਲ ਸੁਣਕੇ ਮੇਰੇ ਅੰਦਰੋਂ ਚੀਸ ਬਣ ਕੇ ਹਉਕਾ ਨਿਕਲਿਆ।

"ਫੇਰ ਤਾਂ ਤੈਨੂੰ ਬਹੁਤ ਮੁਸ਼ਕਲਾਂ ਪੇਸ਼ ਆ ਰਹੀਆਂ ਹੋਣਗੀਆਂ ?" ਕੂਹਣੀਆਂ ਮੇਜ਼ 'ਤੇ ਰੱਖ ਕੇ, ਹੱਥਾਂ ਦੀਆਂ ਹਥੇਲੀਆਂ ਤੇ ਠੋਡੀ ਟਿਕਾਈ ਮੇਰੀਆਂ ਨਜ਼ਰਾਂ ਉਸਦੇ ਧੁਆਂਖੇ ਚਿਹਰੇ ਤੇ ਗੱਡੀਆਂ ਹੋਈਆਂ ਸਨ।

"ਇਹ ਕਿਹੜਾ ਪਹਿਲੀ ਵਾਰ ਹੋਇਐ, ਸਾਹਿਬ !" ਉਸਨੇ ਦਸਿਆ ਕਿ ਉਹ ਤੀਜੀ ਵਾਰ ਸਸਪੈਂਡ ਹੋਇਆ ਹੈ। ਇਸੇ ਕਰਕੇ ਤਾਂ ਉਹ ਸਾਡੇ ਮਹਿਕਮੇ ਵਿਚ ਬੁਰੀ ਤਰ੍ਹਾਂ ਬਦਨਾਮ ਹੋ ਚੁੱਕਾ ਸੀ। ਉਸਦੇ ਇਸ ਕਿਸਮ ਦੇ ਸੁਭਾਅ ਦਾ ਵਿਸ਼ਲੇਸ਼ਨ ਕਰਨ ਲਈ ਮੈਂ ਉਸਦੇ ਜੀਵਨ ਦੀਆਂ ਉਹ ਘਟਨਾਵਾਂ ਯਾਦ ਕਰਨ ਲੱਗਾ ਜੋ ਉਹ ਭਾਵਕ ਹੋ ਕੇ ਸੁਣਾਇਆ ਕਰਦਾ ਸੀ।" ਮੈਂ ਤਾਂ ਅਦਨਾ ਇਨਸਾਨ ਹਾਂ ਜੀ, ਪਰ ਮੈਂ ਉਇ ਨਹੀਂ ਅਖਵਾ ਸਕਦਾ। ਜਾਂ ਉਹ ਕਹਿੰਦਾ— "ਇਹ ਮਾਮੂਲੀ ਆਦਮੀ ਕਿਸੇ ਦਾ ਰੋਅਬ ਨਹੀਂ ਮੰਨ ਸਕਦਾ।"

ਉਸਦੇ ਜੀਵਨ ਦੀ ਸਭ ਤੋਂ ਪਹਿਲੀ ਘਟਨਾ, ਉਦੋਂ ਦੀ ਸੀ ਜਦੋਂ ਉਹ ਹਾਲੇ ਦੂਜੀ ਵਿਚ ਪੜ੍ਹਦਾ ਸੀ। ਉਦੋਂ ਉਸਦੀ ਮਾਂ ਮੰਡੀ ਗੋਬਿੰਦਗੜ੍ਹ ਵਿਖੇ ਮਿਊਂਸਿਪਲ ਕਮੇਟੀ ਦੀ ਸਫਾਈ—ਸੇਵਕਾ ਸੀ। ਉਸਦਾ ਬਾਪ ਢਲਾਈ ਦੇ ਕਿਸੇ ਕਾਰਖਾਨੇ ਵਿਚ ਮਜ਼ਦੂਰੀ ਕਰਦਾ ਸੀ। ਸ਼ਾਮੂ ਦਾ ਇਕ ਹਮਜਮਾਤੀ, ਉਸੇ ਸ਼ਹਿਰ ਵਿਚ ਲੱਗੇ ਥਾਣੇਦਾਰ ਦਾ ਮੁੰਡਾ ਰਾਮੇਸ਼ਵਰ ਸੀ, ਜਿਹੜਾ ਆਪਣੇ ਬਾਪ ਵਾਂਗ ਸਕੂਲ ਵਿਚ ਵੀ ਪੁਲਿਸ-ਅਫਸਰ ਦੀ ਭੂਮਿਕਾ ਅਦਾ ਕਰਦਾ ਸੀ। ਜਮਾਤ ਦਾ ਮਨੀਟਰ ਹੋਣ ਕਰਕੇ, ਉਹ ਅਧਿਆਪਕ ਦੀ ਗੈਰ-ਹਾਜ਼ਰੀ ਵਿਚ ਕੁਰਸੀ 'ਤੇ ਚੜ੍ਹ ਬੈਠਦਾ। ਸੁਆਲ ਬੋਲਦਾ, ਗ਼ਲਤੀ ਕਰਨ ਵਾਲੇ ਬੱਚੇ ਦੇ ਅਧਿਆਪਕ ਵਾਲਾ ਹੀ ਰੂਲ ਮਾਰਦਾ। ਅੱਧੀ ਛੁੱਟੀ ਲਾਲ਼ਿਆਂ ਦੇ ਬੱਚਿਆਂ ਦੇ ਪਰਾਉਂਠੇ ਖੋਹ ਕੇ ਖਾ ਜਾਂਦਾ।

ਇਕ ਦਿਨ ਉਸਨੇ ਸ਼ਾਮੂ ਦੇ ਵੀ ਥੱਪੜ ਮਾਰਿਆ। ਜਾਨ ਵਿਚ ਭਾਵੇਂ ਸ਼ਾਮੂ ਤਕੜਾ ਸੀ ਪਰ ਖਰੇ ਥਾਣੇਦਾਰੀ ਦੀ ਧੌਂਸ ਤੋਂ ਛਿਪ ਜਾਣ ਦੇ ਅਹਿਸਾਸ ਨੇ, ਵਿਰੋਧੀ ਉਤੇ ਝਪਟਣ ਦੀ ਇੱਛਾ ਦੇ ਬਾਵਜੂਦ ਉਸਦੇ ਅੰਗਾਂ ਨੇ ਉਸਦਾ ਸਾਥ ਨਾ ਦਿੱਤਾ।

ਇਕ ਹੋਰ ਦਿਨ ਉਸਨੇ ਵਿਰੋਧੀ ਤੋਂ ਬਦਲਾ ਲੈਣਾ ਚਾਹਿਆ। ਬੜਾ ਸੁਨਹਿਰੀ ਮੌਕਾ ਉਸਦੇ ਹੱਥ ਲੱਗਿਆ। ਆਪਣੀ ਗਲ੍ਹੀ ਦੇ ਮੋੜ 'ਤੇ ਜਾ ਰਹੇ ਰਾਮੇਸ਼ਵਰ ਦੇ, ਉਸਨੇ ਸਿਰ ਵਿਚ ਰੋੜਾ ਮਾਰਨਾ ਚਾਹਿਆ ਪਰ ਐਨ ਮੌਕੇ 'ਤੇ ਉਸਦਾ ਦਿਲ ਫੜੱਕ-ਫੜੱਕ ਵੱਜਣ ਲੱਗ ਪਿਆ ਤੇ ਉਹ ਕੰਬਣੀ 'ਤੇ ਕਾਬੂ ਨਾ ਪਾ ਸਕਿਆ। ਘਰ ਆ ਕੇ ਉਹ ਬਦਲੇ ਦੀ ਅੱਗ ਵਿਚ ਸੜਦਾ ਇਹੋ ਸੋਚਦਾ ਰਿਹਾ ਕਿ ਉਸਨੂੰ ਘਬਰਾਉਣਾ ਨਹੀਂ ਸੀ ਚਾਹੀਦਾ।

ਅਗਲੇ ਦਿਨ ਹੀ ਰਾਮੇਸ਼ਵਰ ਨੇ ਉਸ ਨਾਲ ਸੁਲਾਹ ਕਰ ਲਈ। ਉਸੇ ਦਿਨ ਕਿਸੇ ਖਬਤੀ ਮੁੰਡੇ ਨੇ ਸਲੇਟਾਂ-ਫੱਟੀਆਂ ਭਿੜਾਉਣ ਦੀ ਖੇਡ ਦਾ ਮੁੱਢ ਬੰਨ੍ਹ ਦਿੱਤਾ। ਬਚਪਨ ਦੀਆਂ ਇਹ ਸੁਆਦਲੀਆਂ ਅਤੇ ਹਾਰ-ਜਿੱਤ ਦੇ ਅਹਿਸਾਸਾਂ ਨਾਲ ਭਰੀਆਂ ਘਟਨਾਵਾਂ ਆਪਣਾ ਹੀ ਅਨੂਠਾ ਸੁਆਦ ਰਖਦੀਆਂ ਸਨ। ਸ਼ਾਮੂ ਨੇ ਰਾਮੇਸ਼ਵਰ ਦੀ ਸਲੇਟ ਉਪਰ ਕਾਮੇ ਪਿਉ ਦੇ ਪੁੱਤ ਵਾਲੇ ਹੱਥਾਂ ਨਾਲ ਵਾਰ ਕੀਤਾ ਤਾਂ ਪੁਲਿਸ ਅਫਸਰ ਦੀ ਖਰੀਦੀ ਸਲੇਟ ਅੱਧ ਤੀਕ ਵੱਢੀ ਗਈ ਭਾਵੇਂ ਕਿ ਇਕ ਤਕੜਾ ਟੱਕ ਸ਼ਾਮੂ ਦੀ ਸਲੇਟ ਵਿਚ ਵੀ ਪੈ ਗਿਆ ਸੀ।

ਰਾਮੇਸ਼ਵਰ ਨੇ ਅੱਖੜ ਤੇ ਅਨਾੜੀ ਢੰਗ ਵਰਤਦਿਆਂ ਸ਼ਾਮੂ ਦਾ ਗਲਵਾਂ ਫੜ ਲਿਆ! "ਸਾਲਿਆ ਚੂਹੜਿਆ!" ਪੁਲਿਸ ਅਫਸਰ ਦੇ ਸਾਹਿਬਜ਼ਾਦੇ ਨੇ ਰੋਅਬ ਨਾਲ ਦੰਦ ਕਰੀਚੇ! "ਭੈਣ ਕੇ ਲਕੜੇ, ਤੈਨੂੰ ਚਖਾਉਨਾ ਮਜ਼ਾ.. ।" ਬਾਪ ਤੋਂ ਸਿੱਖੇ ਬਚਨ-ਬਿਲਾਸ ਹੀ ਉਹ ਦੁਹਰਾਈ ਗਿਆ। ਸ਼ਾਮੂ ਬਚਾ ਦੀ ਹਾਲਤ ਵਿਚ ਕੁਝ ਚਿਰ ਪਿੱਛੇ-ਪਿੱਛੇ ਹਟਦਾ ਗਿਆ ਤੇ ਉਹ ਫੱਟੀਆਂ ਪੋਚਣ ਵਾਲੀ ਡਿੱਗੀ ਕੋਲ ਅੱਪੜ ਗਏ।

"ਸਾਲਾ ਮੱਤ ਕਹੋ!" ਸ਼ਾਮੂ ਦੀ ਅਣਖ ਝੰਜੋੜੀ ਗਈ ਜਦੋਂ ਰਾਮੇਸ਼ਵਰ ਨੇ ਫਿਰ ਉਹੀ ਸ਼ਬਦ ਦੁਹਰਾਏ।

"ਕਹੂੰਗਾ ਸਾਲੇ, ਤੇਰੀ ਭੈਣ ਕੀ...।"

"ਮੈਂ ਤੇਰੀ ਬਹਿਨ ਕਾ ਖ਼ਸਮ ਆਂ!" ਸ਼ਾਮੂ ਨੇ ਉਸਨੂੰ ਚੁੱਕ ਕੇ ਡਿੱਗੀ ਵਿਚ ਚਲਾ ਮਾਰਿਆ—"ਬੋਲ ਹੈ ਨਾ ਮੈਂ ਤੇਰੀ ਬਹਿਨ ਕਾ ਖ਼ਸਮ?" ਉਹ ਚਿੰਘਾੜਿਆ ਸੀ ਅਤੇ ਬਸਤਾ ਚੁੱਕ ਕੇ ਘਰ ਨੂੰ ਦੌੜ ਗਿਆ ਸੀ। ਉਹ ਉਸ ਦਿਨ ਇੰਨਾ ਤੇਜ਼ ਦੌੜਿਆ ਕਿ ਮੁੜ੍ਹਕੇ ਨਾਲ ਉਸਦਾ ਕਮੀਜ਼ ਭਿੱਜ ਗਿਆ। ਜਦੋਂ ਉਸਨੂੰ ਇਹ ਘਟਨਾ ਚੇਤੇ ਆ ਜਾਂਦੀ ਤਾਂ ਰਾਮੇਸ਼ਵਰ ਨੂੰ ਚਿੱਕੜ ਵਿਚ ਲੱਥ-ਪੱਥ ਯਾਦ ਕਰਕੇ ਹੁਣ ਵੀ ਉਸਦੀ ਹਾਸੀ ਨਿਕਲ ਜਾਂਦੀ। ਉਸਦੀਆਂ ਗੱਲਾਂ ਵਿਚ ਕਿੰਨਾ ਸੱਚ ਅਤੇ ਕਿੰਨਾ ਰਲਾ ਸੀ? ਮੈਂ ਕਦੀ ਨਹੀਂ ਸੀ ਜਾਣਿਆ। ਮੈਂ ਤਾਂ ਉਸਦੀ ਹਰੇਕ ਗੱਲ 'ਤੇ ਉਦੋਂ ਇਤਬਾਰ ਕਰਦਾ ਰਿਹਾ ਸਾਂ।

ਫੇਰ ਉਸ ਨੇ ਦੱਸਿਆ ਸੀ ਕਿ ਉਸਦਾ ਬਾਪ ਉਸਨੂੰ ਸਕੂਲ ਛੱਡਣ ਗਿ..ਾ ਤਾਂ ਅਧਿਆਪਕ ਨੇ ਕਿਹਾ ਕਿ ਇਹ ਇਕ ਦਮ ਇੱਲਤੀ ਬੱਚਾ ਹੈ—ਇਕ ਦਮ ਖ਼ਬਤੀ। ਇਹ ਪੜ੍ਹ ਨਹੀਂ ਸਕਦਾ। ਹਮੇਸ਼ਾਂ ਧਿਆਨ ਤਾਂ ਇਸਦਾ ਸ਼ਰਾਰਤਾਂ ਵਿਚ ਹੀ ਰਹਿੰਦਾ ਹੈ। ਸ਼ਾਮੂ ਨੇ ਸ਼ਰਮ ਮੰਨ ਲਈ। ਉਸਦੇ ਬਾਪ ਨੇ ਸਰਸਵਤੀ ਦੇਵੀ ਦੀ ਮੂਰਤ ਸਾਹਮਣੇ ਸਹੁੰ ਖਵਾਈ। ਉਸ ਨੇ ਸਹੁੰ ਖਾ ਕੇ ਮੱਥਾ ਟੇਕ ਦਿੱਤਾ। ਤੇਜ਼ ਧੂਪ ਨੇ ਉਸ ਦੀਆਂ ਨਾਸਾਂ ਨੂੰ ਛੇੜਿਆ। ਉਸਨੂੰ ਪੜ੍ਹਨ ਦਾ ਭੁਸ ਪੈ ਗਿਆ। ਉਸਦਾ ਬਾਪ ਅੱਠਵੀਂ ਤਕ ਪੜ੍ਹਿਆ ਸੀ। ਉਹ ਘਰ ਪੜ੍ਹਾਉਣ ਲੱਗ ਪਿਆ। ਉਹ ਦਿਨਾਂ 'ਚ ਹੁਸ਼ਿਆਰ ਵਿਦਿਆਰਥੀ ਬਣ ਗਿਆ। ਰਾਮੇਸ਼ਵਰ ਦਾ ਵਿਦਿਆਰਥੀਆਂ ਤੋਂ ਰੋਅਬ ਚੁਕਿਆ ਗਿਆ। ਉਸਦੀ ਹਸਤੀ ਖਤਮ ਹੋ ਗਈ। ਸ਼ਾਮੂ ਇਹ ਦਸਦਾ ਹੋਇਆ ਗਰਦਨ ਅਕੜਾ ਲੈਂਦਾ ਕਿ ਥਾਣੇਦਾਰ ਦੀ ਵਰਦੀ ਤੋਂ ਡਰਨ ਵਾਲਾ ਉਹ ਇੰਨਾ ਦਲੇਰ ਹੋ ਗਿਆ, ਕਿ ਕਿਵੇਂ ਜਿੱਤ ਦੇ ਅਹਿਸਾਸ ਨੇ ਉਸਨੂੰ ਹਿੰਮਤ ਅਤੇ ਬਲ ਦਿੱਤਾ, ਉਹ ਥਾਣੇਦਾਰ ਦੇ ਸਟਾਰਾਂ ਨੂੰ ਨਿਧੜਕ ਹੋ ਕੇ ਵੇਖਦਾ ਰਹਿੰਦਾ।

ਪੰਜਵੀਂ ਜਮਾਤ ਦਾ ਉਸਨੇ ਹਾਲੇ ਇਮਤਿਹਾਨ ਵੀ ਨਹੀਂ ਸੀ ਦਿੱਤਾ ਕਿ ਉਸਦੇ ਬਾਪ ਦੀਆਂ ਦੋਵੇਂ ਬਾਹਾਂ ਪ੍ਰੈਸ ਵਿਚ ਆ ਗਈਆਂ। ਖੂਨ ਬਹੁਤਾ ਵਗ ਗਿਆ। ਹਸਪਤਾਲ 'ਚੋਂ ਪੂਰਾ ਇਲਾਜ ਵੀ ਨਾ ਮਿਲਿਆ। ਕਾਰਖਾਨੇ ਦੇ ਮਾਲਕ ਨੇ ਹੋਰ ਸ਼ੈਤਾਨੀ ਕੀਤੀ, 'ਉਸ ਨਾਂ ਦਾ ਉਸਦੇ ਰਿਕਾਰਡ ਵਿਚ, ਕਹਿੰਦਾ, ਕੋਈ ਬੰਦਾ ਹੀ ਨਹੀਂ ਸੀ। ਮੁਆਵਜ਼ਾ ਫੇਰ ਕਾਹਦਾ ਦੇਣਾ ਸੀ?' ਕਈ ਦਿਨ ਹਸਪਤਾਲ ਵਿਚ ਪਏ ਰਹਿਣ ਮਗਰੋਂ ਉਸਦੇ ਬਾਪ ਨੂੰ ਧੁਣਕ ਹੋ ਗਈ...ਤੇ ਯਾਦ ਕਰਕੇ ਉਹ ਕੰਬ ਜਾਂਦਾ ਹੁਣ ਵੀ ਜੇਕਰ ਉਸਨੂੰ ਯਾਦ ਆ ਜਾਵੇ ਤਾਂ ਉਹ ਅੱਖਾਂ ਮੀਟ ਕੇ ਗੁੰਮ ਹੋ ਜਾਇਆ ਕਰਦਾ ਸੀ।

...ਤੇ ਫੇਰ ਕਿਵੇਂ ਭਾਗਵੰਤੀ ਆਪਣੇ ਭਾਗ ਲੁਟਾ ਕੇ ਗ਼ਰੀਬੀ ਦਾ ਸ਼ਾਖਸਾਤ ਚਿੰਨ੍ਹ ਬਣ ਗਈ।

"ਬਾਈ ਸਾਹਿਬ!" ਸ਼ਾਮੂ ਨੇ ਆਪਣੀ ਕਹਾਣੀ ਦਸਦਿਆਂ ਕਿਵੇਂ ਕਰੁਣਾ ਉਪਜਾ ਦਿੱਤੀ ਸੀ—"ਜੇਕਰ ਗ਼ਰੀਬੀ ਦੀ ਤਸਵੀਰ ਦੇਖਣੀ ਹੁੰਦੀ ਤਾਂ ਉਸ ਟੈਮ ਭਾਗ ਵੰਤੀ ਦਾ ਚਿਹਰਾ ਵੇਖ ਲੈਂਦੇ।" ਇਹ ਕਾਵਿਕ ਖਿਆਲ ਸ਼ਾਇਦ ਉਸਨੇ ਕਿਸੇ ਪੁਸਤਕ 'ਚੋਂ ਹੀ ਯਾਦ ਕਰ ਲਿਆ ਹੋਵੇ। ਉਸਨੇ ਦੱਸਿਆ ਸੀ ਕਿ ਸਿਰ ਤੋਂ ਚੁੰਨੀ ਲਹਿ ਜਾਣ ਕਰਕੇ ਉਹ ਡਾਵਾਂ ਡੋਲ ਹੋ ਗਈ। ਸ਼ਾਮੂ ਤੋਂ

ਛੋਟੀਆਂ ਦੋ ਕੁੜੀਆਂ ਦਾ ਵੀ ਉਸ 'ਤੇ ਬੋਝ ਸੀ। ਮਾਂ ਨੇ ਉਸਨੂੰ ਪੜ੍ਹਨੋਂ ਹਟਾ ਕੇ 'ਸਰਦਾਰ ਹੋਟਲ' ਦੇ ਮਾਲਕ ਪਿਆਰਾ ਸਿੰਘ ਕੋਲ ਨੌਕਰ ਰਖਾ ਦਿੱਤਾ। ਫੁੱਲੇ ਸਰੀਰ ਤੇ ਢਿਲਕੀ ਗੋਗੜ ਵਾਲਾ ਪਿਆਰਾ ਸਿੰਘ, ਜਿਸਨੂੰ ਉਹ ਕਦੇ ਵੀ ਨਹੀਂ ਭੁੱਲ ਸਕਦਾ, ਬੜਾ ਜ਼ਾਲਮ ਸੀ।

ਸ਼ਾਮੂ ਕੋਇਲਿਆਂ ਦੀ ਕਾਲਖ ਨਾਲ ਕਾਲਾ ਹੋਇਆ, ਲਪਕ-ਲਪਕ ਕੇ, ਕਦੀ ਕੋਡਾ ਤੇ ਕਦੀ ਬੈਠਕੇ ਭਾਂਡੇ ਮਾਂਜਦਾ ਰਹਿੰਦਾ। ਅੰਗੀਠੀ ਤਿਆਰ ਕਰਦਾ। ਮੱਧਮ ਹੋਣ 'ਤੇ ਹੋਰ ਕੋਇਲੇ ਪਾਉਂਦਾ ਅਤੇ ਹੇਠਾਂ ਮੋਘੇ ਵਿਚ ਪੁਰਾਣਾ ਜੇਹਾ ਖੜ-ਖੜ ਕਰਦਾ ਪੱਖਾ ਰੱਖਦਾ। ਭਾਂਡੇ ਧੋਂਦਾ ਕਈ ਵਾਰ ਉਹ ਰੋ ਪੈਂਦਾ। ਕੂਹਣੀਆਂ ਅੱਖਾਂ 'ਤੇ ਰਗੜ ਕੇ ਉਹ ਅੱਖਾਂ ਮੂਹਰੇ ਛਾ ਗਏ ਹੰਝੂਆਂ ਦੇ ਪਰਦੇ 'ਚੋਂ ਵੇਖਣ ਦਾ ਯਤਨ ਕਰਦਾ ਜਿਵੇਂ ਕਿਤੇ ਭਾਂਡਿਆਂ ਉਪਰਲੇ ਧੱਬਿਆਂ ਵਿਚ ਉਸਦੇ ਮਰ ਗਏ ਬਾਪ ਦੀ ਮੂਰਤ ਹੋਵੇ।

ਮਾਲਕ ਕਿਤੇ ਉਰ੍ਹਾਂ-ਪਰ੍ਹਾਂ ਗਿਆ ਹੋਇਆ ਸੀ। ਸ਼ਾਮੂ ਨੇ ਦੂਜੇ ਨੌਕਰਾਂ ਤੋਂ ਅੱਖ ਬਚਾਕੇ ਗੁਲਾਮ ਜਾਮਣ ਖਾਣ ਦਾ ਮਨ ਬਣਾਇਆ ਤਾਂ ਗੱਲੇ ਦੇ ਉਪਰ ਪਈ ਅਠਿਆਨੀ ਉਪਰ ਉਸਦੀ ਨਿਗਾਹ ਪੈ ਗਈ। ਇਨ੍ਹਾਂ ਪੰਜਾਹ ਪੈਸਿਆਂ ਨੂੰ ਖੀਸੇ ਵਿਚ ਪਾ ਕੇ ਸ਼ਾਮੂ ਆਪਣੇ ਆਪ ਨੂੰ ਬਹੁਤ ਧਨਵਾਨ ਸਮਝਣ ਲੱਗ ਪਿਆ ਸੀ। ਉਸਨੇ ਕਈ ਵਾਰ ਜੇਬ ਵਿਚਲੇ ਸਿੱਕੇ ਨੂੰ ਟੋਹਿਆ ਅਤੇ ਲੁਕ ਲੁਕ ਕੇ ਕਈ ਵਾਰ ਵੇਖਿਆ। ਉਸਨੇ ਇਹ ਸਿੱਕਾ ਫਰਸ਼ 'ਤੇ ਵਿਛੀ ਆਪਣੀ ਵਿਛਾਉਣੀ ਦੇ ਪਾਟੇ ਸੰਨ੍ਹ ਵਿਚ ਛੁਪਾਈ ਰੱਖਿਆ ਸੀ।

ਇਕ ਦਿਨ ਮਾਲਕ ਨੇ ਉਸਨੂੰ ਕਿਸੇ ਹੋਰ ਦੁਕਾਨ ਤੋਂ ਆਪਣੇ ਬੱਚੇ ਲਈ ਕੋਈ ਖਿਡਾਉਣਾ ਲਿਆਉਣ ਲਈ ਭੇਜ ਦਿੱਤਾ। ਅੱਖ ਬਚਾ ਕੇ ਜਦੋਂ ਦੁਕਾਨਦਾਰ ਅੰਦਰੋਂ ਖਿਡੌਣਾ ਲੈਣ ਗਿਆ ਸੀ—ਕੁਝ ਭੁਕਾਨੇ ਚੁਰਾ ਲਏ ਸਨ ਕਿੰਨੀ ਵਧੀਆ ਖੇਡ ਸੀ। ਉਹ ਰਾਤ ਨੂੰ ਜਾਂ ਕਈ ਵਾਰ ਅੰਦਰ ਲੁਕ ਕੇ ਖੀਸੇ 'ਚੋਂ ਭੁਕਾਨਾਂ ਕਢਦਾ। ਉਸ ਵਿਚ ਉਦੋਂ ਤਕ ਹਵਾ ਭਰੀ ਜਾਂਦਾ ਜਦੋਂ ਤੱਕ ਉਸਦੀ ਠਾਹ ਨਾ ਬੋਲ ਜਾਂਦੀ। ਉਸ ਤੋਂ ਬਾਅਦ ਉਹ ਰਬੜ ਨੂੰ ਮੂੰਹ ਵਿਚ ਪਾ ਪਾ ਕੇ 'ਮਟਾਂਡੀਆਂ' ਬਣਾਈ ਜਾਂਦਾ।

ਉਸਨੂੰ ਇਹ ਗੱਲ ਤਾਂ ਭੁੱਲੀ ਨਹੀਂ ਸੀ ਕਿ ਪਿਆਰਾ ਸਿੰਘ ਨੇ ਉਸ ਨੂੰ ਭਾਂਡੇ ਮਾਂਜਣੋਂ ਹਟਾ ਕੇ ਕੋਇਲੇ ਭੰਨਣ ਦਾ ਹੁਕਮ ਚਾੜ੍ਹ ਦਿੱਤਾ ਸੀ। ਕੋਇਲਿਆਂ ਦੀ ਢੇਰੀ ਉਤੇ ਉਹ ਕਿਸੇ ਮੌਜ ਜੇਹੀ ਵਿਚ ਲੱਤਾਂ ਨਿਸਾਲ ਕੇ ਬੈਠਾ ਹਥੌੜੀ ਨਾਲ ਕੋਇਲੇ ਭੰਨ ਰਿਹਾ ਸੀ। ਉਸਦਾ ਹੱਥ ਖੀਸੇ ਵਿਚ ਪਿਆ। ਇਕ ਭੁਕਾਨਾਂ ਜੋ ਕਿਸੇ ਤਰ੍ਹਾਂ ਬੱਚ ਗਿਆ ਸੀ, ਉਸਦੇ ਹੱਥ ਲੱਗਿਆ। ਉਹ ਫੂਕ ਭਰੀ ਗਿਆ ਤੇ ਬਰਾਬਰ ਪਿਆਰਾ ਸਿੰਘ ਦੀ ਗੋਗੜ ਵੱਲ ਵੇਖਦਾ ਰਿਹਾ। ਅੰਤ ਭੁਕਾਨੇ ਦੀ ਠਾਹ ਬੋਲ ਗਈ।

"ਉਇ ਸ਼ਾਮੂ ਕੇ ਬੱਚੇ!" ਪਿਆਰਾ ਸਿੰਘ—ਜੋ ਗੁਣਗੁਣਾ ਸੀ—ਗਰਜਿਆ—ਜਲਦੀ ਕਰ ਜਲਦੀ, ਬਰਤਨ ਤੇਰਾ ਬਾਪ ਤਾਂ ਨਹੀਂ ਮਾਜੂੰਗਾ?"

"ਮੇਰਾ ਬਾਪ ਤਾਂ ਨਹੀਂ ਮਾਂਜੂਗਾ, ਤੇਰਾ ਬਾਪ ਮੈਂ ਜ਼ਰੂਰ ਮਾਜੂੰਗਾ" ਸ਼ਾਮੂ ਨੇ ਚਿਤ ਵਿਚ ਕਿਹਾ ਅਤੇ ਫਟੇ ਭੁਕਾਨੇ ਦੀਆਂ ਮਟਾਂਡੀਆਂ ਬਣਾਉਂਦਾ ਤੇ ਮੱਥੇ 'ਤੇ ਮਾਰ ਕੇ ਮੰਨਦਾ ਰਿਹਾ।

"ਉਇ ਸ਼ਾਮੂ ਕੇ ਬੱਚੇ! ਸੁਨਾ ਨਹੀਂ ਸਾਲੇ। ਚਾਲੀ ਰੁਪਿਆਂ ਤੋਂ ਮਾਂ ਕੀ.." ਗੁਣਗੁਣੀ ਗੰਦੀ ਗਾਲ ਸੁਣਕੇ ਸ਼ਾਮੂੰ ਝੰਜੋੜਿਆ ਗਿਆ—"ਗਾਲੀ ਨਾ ਨਿਕਾਲੋ ਸਰਦਾਰ ਜੀ।"

"ਚੋਲ ਉਇ! ਸਾਲਾਂ ਚੂਹੜੇ ਦਾਂ ਤੁਖਮ ਕਿਵੇਂ ਭੂਤਰਦਾਂ ਜਾਂਦੈਂ!" ਪਿਆਰਾ ਸਿੰਘ ਥਾਏਂ ਬੈਠਾ ਭੁੜਕਿਆ। ਸ਼ਾਮੂ ਨੇ ਕੁੜਤੇ ਦਾ ਪੱਲਾ ਚੁੱਕ ਦਿੱਤਾ—"ਸਾਲਾ ਤੂੰ ਸਰਦਾਰ ਜੀ, ਤੂੰ ਮੇਰਾ ਤੁਖਮ"—ਸ਼ਾਮੂ ਉਚੇ ਨੀਵੇਂ ਵਿਰਲੇ ਦੰਦਾਂ ਵਿਚੋਂ ਬੋਲਿਆ। ਉਸਦਾ ਸਾਂਵਲਾ ਅਤੇ ਬਟਰੂਪ ਜੇਹਾ ਦਿਸਦਾ ਚਿਹਰਾ ਅਣਖ ਅਤੇ ਗੈਰਤ ਦਾ ਚਿੰਨ੍ਹ ਬਣਿਆ ਹੋਇਆ ਸੀ।

ਮਾਲਕ ਨੇ ਚਿਮਟਾ ਵਗਾਹ ਕੇ ਮਾਰਿਆ ਜੋ ਸ਼ਾਮੂ ਦੀ ਪੁੜਪੁੜੀ 'ਤੇ ਜਾ ਵੱਜਾ—"ਸਾਲਾਂ ਮਾਂ ਦਾਂ ਖ਼ਸਮ"—ਸ਼ਾਮੂ ਨੂੰ ਅੱਧ-ਪਚੱਧ ਹੀ ਸੁਣਿਆ ਕਿ ਉਹ ਗੇੜਾ ਖਾ ਕੇ ਜ਼ਮੀਨ ਤੇ ਡਿੱਗ ਪਿਆ। ਉਸਤੋਂ ਬਾਅਦ ਤਾਂ ਉਸਨੂੰ ਜੋ ਕੁਝ ਯਾਦ ਸੀ ਤਾਂ ਸਿਰਫ ਇੰਨਾ ਹੀ ਕਿ ਉਸਦੀ ਮਾਂ ਸੱਟ ਵਾਲੀ ਥਾਂ 'ਤੇ ਟਕੋਰ ਕਰ ਰਹੀ ਸੀ।

ਇਥੋਂ ਨੌਕਰੀ ਛੱਡ ਕੇ ਸ਼ਾਮੂ ਨੇ ਕਈ ਕੁੱਛ ਬਣਨਾ ਚਾਹਿਆ। ਉਸਨੇ ਚੋਰ ਬਣਨਾ ਚਾਹਿਆ, ਗੰਢ ਕਤਰਾ ਬਣਨਾ ਚਾਹਿਆ ਅਤੇ ਛੋਟੇ ਮੋਟੇ ਮਾਅਰਕੇ ਮਾਰੇ ਵੀ। ਸ਼ਹਿਰ ਵਿਚ ਉਸਦੀ ਮਸ਼ਹੂਰੀ ਹੋ ਗਈ। ਇਕ ਵਾਰ ਫੜਿਆ ਵੀ ਗਿਆ। ਉਸਨੇ ਇਕ ਸਿਪਾਹੀ ਦੇ ਜਾਂਗਲੀ ਪੁਣੇ 'ਤੇ ਨਫ਼ਰਤ ਦਾ ਪ੍ਰਗਟਾਵਾ ਕੀਤਾ ਸੀ। ਖੁੱਲ੍ਹ ਕੇ ਗੱਲ ਭਾਵੇਂ ਨਹੀਂ ਸੀ ਦੱਸੀ ਪਰ ਮੇਰੇ ਲਈ ਤਾਂ ਇੰਨਾ ਹੀ ਕਾਫੀ ਸੀ ਕਿ ਉਸ ਨਾਲ ਬਹੁਤ ਬਦਸਲੂਕੀ ਅਤੇ ਅਣ ਮਨੁੱਖੀ ਵਰਤਾਉ ਕੀਤਾ ਗਿਆ ਸੀ।

ਉਸਨੇ ਪੁਲਸ ਵਾਲਿਆਂ ਤੋਂ ਬਦਲਾ ਲੈਣ ਲਈ ਹੋਰ ਵੱਡੀਆਂ ਮੱਲਾਂ ਮਾਰਨੀਆਂ ਚਾਹੀਆਂ ਪਰ ਉਸਦੀ ਮਾਂ ਨੇ ਵੇਲੇ ਸਿਰ ਰਹਿਨੁਮਾਈ ਕੀਤੀ। ਕਮੇਟੀ ਦੇ ਪਰਧਾਨ ਦੇ ਪੈਰੀਂ ਚੁੰਨੀ ਡਿੱਗਦੀ ਵੇਖ ਕੇ ਸ਼ਾਮੂ ਨੂੰ ਮਾਂ 'ਤੇ ਤਰਸ ਆ ਗਿਆ ਅਤੇ ਉਸਦੀਆਂ ਪਲਕਾਂ ਉਤੇ ਹੰਝੂ ਵਹਿ ਤੁਰੇ। ਉਹ ਉਸਦੇ ਆਖੇ ਲੱਗ ਕੇ ਸੌ ਰੁਪਿਆ ਮਹੀਨੇ 'ਤੇ ਪਰਧਾਨ ਦੀ ਮੱਝ ਅਤੇ ਮੁਰਗੀ-ਖਾਨੇ ਦੀ ਸੰਭਾਲ ਲਈ

ਰਜ਼ਾਮੰਦ ਹੋ ਗਿਆ ਪਰ ਮੌਕਾ ਮਿਲਦੇ ਹੀ ਉਹ ਕਈ ਵਾਰ ਆਪਣੇ ਪੁਰਾਣੇ ਸਾਥੀਆਂ ਨਾਲ ਰਲ ਜਾਂਦਾ। ਜੇਕਰ ਜ਼ੇਬ ਵਿਚ ਪੈਸੇ ਹੁੰਦੇ ਤਾਂ ਜੂਏ ਵਿਚ ਹਾਰ ਜਾਂਦਾ। ਕਈ ਵਾਰ ਸ਼ਰਾਬ ਪੀ ਕੇ ਵੀ ਘਰ ਆਇਆ। ਮਾਂ ਲੜਦੀ। ਇਕ ਦਿਨ ਮਾਂ ਨੇ ਅੰਦਰ ਜਾ ਕੇ ਸੰਦੂਕ ਨਾਲ ਟੱਕਰ ਮਾਰੀ। ਕੁੜੀਆਂ ਵਿਚ ਚੀਕ ਚਿਹਾੜਾ ਮੱਚ ਗਿਆ ਤੇ ਸ਼ਾਮ ਲਾਲ ਪਸੀਜ ਗਿਆ—"ਅੱਛਾ ਮਾਂ! ਨਿਊਂ ਰੋਣਾ-ਧੋਣਾ ਬੰਦ ਕਰੋ, ਆਜ ਕੇ ਪਾਛੈ ਮੈਂ ਬੂੰਢੀ ਬਾਤ ਨਾ ਕਰੂੰਗਾ।" ਉਸਨੇ ਰੋਂਦੀ ਮਾਂ ਨੂੰ ਚੁੱਪ ਕਰਾਇਆ। ਵਾਅਦਾ ਕੀਤਾ ਜੋ ਮਹੀਨੇ ਕੁ ਮਗਰੋਂ ਹੀ ਟੁੱਟ ਗਿਆ।

ਉਨ੍ਹਾਂ ਦਿਨਾਂ ਵਿਚ ਹੀ ਉਸਦੀ ਛੋਟੀ ਭੈਣ ਬਿਮਾਰ ਹੋ ਗਈ। ਕਿਸੇ ਵੀ ਡਾਕਟਰ ਤੋਂ ਉਸਦਾ ਸਿਰ ਰਾਜ਼ੀ ਨਾ ਹੋਇਆ ਤੇ ਅਖੀਰ ਉਹ ਮਰ ਗਈ। ਸ਼ਾਮੂ ਚਿਲਾਇਆ ਅੱਖਾਂ ਵਿਚ ਘਸੁੰਨ ਦੇ ਦੇ ਕੇ ਉਚੀ ਉਚੀ ਚੀਕਾਂ ਛੱਡੀਆਂ।

ਉਸ ਤੋਂ ਬਾਅਦ ਦੂਜੀ ਭੈਣ ਦੀ ਮੌਤ ਨੇ ਉਸ ਨੂੰ ਸਮਾਜਕ ਅਨਿਆ ਬਾਰੇ ਚੇਤੰਨ ਕੀਤਾ ਜਿਸਦੀ ਮੌਤ ਹੁਣ ਵੀ ਇਕ ਰਹੱਸ ਬਣੀ ਹੋਈ ਸੀ। ਉਸਨੂੰ ਲਾਵਾਰਸ ਲਾਸ਼ ਕਹਿ ਕੇ ਕਿਸੇ ਦੂਰ ਦੇ, ਸ਼ਾਇਦ ਫਿਰੋਜ਼ਪੁਰ ਦੇ ਹਸਪਤਾਲ ਵਿਚ, ਫੂਕ ਦਿਤਾ ਗਿਆ ਸੀ। ਕਈ ਕਿਸਮ ਦੀਆਂ ਕਹਾਣੀਆਂ ਤੁਰੀਆਂ ਸਨ। ਚੌਥਾ ਦਰਜਾ ਕਰਮਚਾਰੀ ਯੂਨੀਅਨ ਨੇ ਰੈਲੀਆਂ ਕੀਤੀਆਂ, ਜਲੂਸ ਕੱਢੇ ਪਰ ਇਸ ਗੱਲ ਦਾ ਪਤਾ ਲੱਗ ਜਾਣ 'ਤੇ ਵੀ—ਕਿ ਕਿਵੇਂ ਅਤੇ ਕਿਸ ਕਿਸ ਨੇ ਉਸਨੂੰ ਪਹਿਲਾਂ ਕਿਸੇ ਦਾਈ ਕੋਲ, ਫੇਰ ਖੰਨੇ ਦੇ ਕਿਸੇ ਹਸਪਤਾਲ ਵਿਚ ਤੇ ਅਖੀਰ ਫਿਰੋਜ਼ਪੁਰ ਦਾਖਲ ਕਰਾਇਆ—ਪੁਲਸ ਜਾਂ ਸਰਕਾਰ ਨੇ ਕੋਈ ਕਾਰਵਾਈ ਨਾ ਕੀਤੀ।

ਬੇ-ਸਹਾਰਾ ਮਾਂ ਦੀਆਂ ਨਸੀਹਤਾਂ ਮੂਹਰੇ ਸ਼ਾਮੂ ਦੇ ਅੰਦਰਲੇ ਚੰਗੇ ਮਨੁੱਖ ਨੇ ਆਪਣੇ ਵਿਰੋਧੀ ਤੋਂ ਹਥਿਆਰ ਸੁਟਾ ਲਏ। ਕਮੇਟੀ ਪ੍ਰਧਾਨ ਦੇ ਆਖੇ ਵੇਖੇ ਹੀ ਉਸਨੇ ਰੁਜ਼ਗਾਰ ਦਫਤਰ ਵਿਚ ਨਾਂ ਦਰਜ ਕਰਵਾ ਦਿਤਾ। ਨਾਂ ਨਿਕਲ ਵੀ ਆਇਆ। ਪੰਜਾਬ ਰਾਜ ਬਿਜਲੀ ਬੋਰਡ ਦੇ ਮਲੇਰ ਕੋਟਲੇ ਦੇ ਉਪ ਮੰਡਲ ਦਫਤਰ ਵਿਚ ਕਮੇਟੀ ਦੇ ਪ੍ਰਧਾਨ ਦਾ ਭਣੋਈਆ ਮਿੱਤਲ ਸਾਹਿਬ, ਐਸ. ਡੀ. ਓ. ਬਦਲ ਕੇ ਆਇਆ ਸੀ। ਉਸੇ ਨੇ ਮਾਲੀ ਕਮ ਵਾਟਰਮੈਨ ਦੀ ਖਾਲੀ ਅਸਾਮੀ 'ਤੇ ਬੰਦੇ ਦੀ ਨਿਯੁਕਤੀ ਕਰਨੀ ਸੀ। ਸ਼ਾਮ ਲਾਲ ਨੂੰ ਆਖਰ ਨੌਕਰੀ ਮਿਲ ਗਈ। ਮਾਂ ਦੀਆਂ ਆਂਦਰਾਂ ਠਰ ਗਈਆਂ ਤੇ ਉਸਦੀਆਂ ਉਮੀਦਾਂ ਫਲ ਗਈਆਂ।

ਇਥੋਂ ਤੱਕ ਸ਼ਾਮੂ ਦੀ ਦਾਸਤਾਨ ਮੇਰੇ ਲਈ ਤਾਂ ਜ਼ਿੰਦਗੀ ਦਾ ਇਕ ਅਹਿਮ ਕਾਂਢ ਸੀ; ਇਕ ਅਧਿਆਇ। ਬੇਸ਼ੱਕ ਮੈਂ ਵੀ ਉਨ੍ਹਾਂ ਅਨੇਕ ਵਿਅਕਤੀਆਂ 'ਚੋਂ ਹੀ ਸਾਂ ਜੋ ਦੂਜਿਆਂ ਦੀ ਬਹਾਦਰੀ ਦੇ ਕਾਰਨਾਮੇ ਜਾਂ ਇਮਾਨਦਾਰੀ ਦੇ ਸੋਹਲੇ ਤਾਂ ਗਾ ਸਕਦੇ ਹਨ ਪਰ ਆਪ ਉਵੇਂ ਅਮਲ ਨਹੀਂ ਕਰ ਸਕਦੇ। "ਫਲਾਣਾ ਬੜਾ ਦਲੇਰ ਹੈ, ਫਲਾਣਾ ਬੜਾ ਲੱਠਾ ਹੈ, ਫਲਾਣਾ ਆਦਮੀ ਬੜਾ ਸੱਚਾ-ਸੁੱਚਾ ਹੈ—" ਆਦਿ ਸ਼ਬਦਾਂ ਦੀ ਕਿਹੜੇ ਵਿਅਕਤੀਆਂ ਨੂੰ ਲੋੜ ਪੈਂਦੀ ਹੈ? ਉਦੋਂ ਮੈਂ ਇਸ ਦਾ ਨਿਰਨਾ ਕੀਤਾ ਸੀ ਕਿ ਕਮਜ਼ੋਰ ਸ਼ਖਸੀਅਤ ਦੇ ਮਾਲਕ ਹੀ ਦੂਜਿਆਂ ਦੀਆਂ ਸਿਫਤਾਂ ਦੇ ਪੁਲ ਬੰਨ੍ਹ ਕੇ ਝੂਠੀ ਤਸੱਲੀ ਪਰਾਪਤ ਕਰਦੇ ਹਨ ਪਰ ਮੈਂ ਤਾਂ ਸ਼ਾਮੂ ਨਾਲ ਸੱਚੀ ਹਮਦਰਦੀ ਕਰਕੇ ਉਸਦੀ ਵਡਿਆਈ ਕੀਤੀ ਸੀ ਅਤੇ ਇਹ ਮੇਰੀ ਚੰਗੀ ਸ਼ਖਸੀਅਤ ਦਾ ਪਰਮਾਣ ਸੀ।

ਸ਼ਾਮੂ ਕੰਮ ਦਾ ਸਚਿਆਰਾ ਸੀ; ਕੰਮ ਦਾ ਪ੍ਰੇਮੀ ਸੀ। ਉਹ ਇਕ ਇਕ ਬੂਟੇ ਦੀ ਨਿੱਕੇ ਬੱਚਿਆਂ ਵਾਂਗ ਪਾਲਣਾ ਕਰਦਾ। ਇਹ ਖਿਆਲ ਰਖਦਾ ਕਿ ਕਿਹੜੇ ਬੂਟੇ ਨੂੰ ਨਵਾਂ ਫੁੱਲ ਨਿਕਲਿਆ ਹੈ ਅਤੇ ਕਿਹੜੇ ਨੂੰ ਅੱਜ ਭਲਕ ਨਿਕਲਣ ਵਾਲਾ ਹੈ। ਉਸ ਨੂੰ ਫੁੱਲਾਂ ਬਾਰੇ ਕਈ ਕਵਿਤਾਵਾਂ ਯਾਦ ਸਨ—ਵਿਸ਼ਾ ਭਾਵੇਂ ਵਾਸ਼ਨਾ ਦਾ ਹੀ ਸੀ। ਕਈ ਕਰਮਚਾਰੀ ਮੱਛਰ ਜਾਂਦੇ ਤੇ ਉਸ ਤੋਂ ਬੂਟਿਆਂ ਦੇ ਉਹਲੇ ਬੈਠ ਕੇ ਕਵਿਤਾਵਾਂ ਸੁਣਦੇ। ਜਿੰਨਾ ਚਿਰ ਉਹ ਐਸ. ਡੀ. ਓ. ਉਸ ਦਫਤਰ ਵਿਚ ਰਿਹਾ—ਸ਼ਾਮੂ ਨੇ ਚਿੱਤ ਲਾ ਕੇ ਨੌਕਰੀ ਕੀਤੀ ਤੇ ਦੋ ਤਿੰਨ ਸਾਲਾਂ ਵਿਚ ਪੱਕਾ ਹੋ ਗਿਆ।

ਇਕ ਕੁਰਖਤ ਆਦਮੀ ਦੇ ਨਿਮਰਤਾ ਵਾਲੇ ਪੱਖ ਨੂੰ ਕੀ ਮੈਂ ਇਸੇ ਕਰਕੇ ਸਮਝਣ ਵਿਚ ਸਫਲ ਹੋਇਆ ਸੀ ਕਿ ਨਾਵਲਾਂ ਵਿਚ ਇਹੋ ਜਿਹੇ ਪਾਤਰਾਂ ਨਾਲ ਵਾਪਰਦੇ ਦੁਖਾਂਤ ਪੜ੍ਹ ਕੇ ਮਨ ਝੰਜੋੜਿਆ ਜਾਂਦਾ ਸੀ। ਜਦੋਂ ਮੈਂ ਦਸਵੀਂ ਕੀਤੀ ਹੀ ਸੀ ਤਾਂ ਅੱਧੀ-ਅੱਧੀ ਰਾਤ ਤੱਕ ਰੁਮਾਂਟਕ ਨਾਵਲਾਂ ਵਿਚਲੇ ਨਾਇਕ-ਨਾਇਕਾਵਾਂ ਦੇ ਦੁਖਾਂਤ ਅਤੇ ਗੁਣਾਂ-ਔਗੁਣਾਂ ਵਾਲੇ ਚਰਿੱਤਰ ਪੜ੍ਹ ਕੇ ਰੋਂਦਾ ਰਹਿੰਦਾ। ਉਦੋਂ ਮੈਨੂੰ ਦੁਖਾਂਤ ਨਾਵਲ ਹੀ ਚੰਗੇ ਲਗਦੇ ਸਨ ਜੋ ਪਾਠਕ ਨੂੰ ਰੁਆ ਦੇਣ। ਸ਼ਾਮ ਲਾਲ ਵੀ ਮੈਨੂੰ ਉਨ੍ਹਾਂ ਰਚਨਾਵਾਂ ਦਾ ਪਾਤਰ ਹੀ ਲਗਦਾ ਸੀ। ਹੁਣ ਤਾਂ ਉਹ ਗੱਲਾਂ ਜਿਵੇਂ ਕਰੋੜਾਂ ਤੇ ਲੱਖਾਂ ਮੀਲ ਪਿੱਛੇ ਰਹਿ ਗਈਆਂ ਸਨ।

ਐਸ. ਡੀ. ਓ. ਮਿੱਤਲ ਸਾਹਿਬ ਦੇ ਤਬਦੀਲ ਹੋ ਜਾਣ ਮਗਰੋਂ ਕਈ ਬਾਬੂ ਜਾਂ ਤਾਂ ਮੇਰੇ ਨਾਲ ਸਾੜਾ ਕਰਨ ਲੱਗ ਪਏ ਜਾਂ ਸ਼ਾਮੂ ਦੀ ਨੋਕਾ-ਟੋਕੀ ਕਰੀ ਜਾਇਆ ਕਰਨ। ਇਕ ਬਾਬੂ ਨੇ ਉਸਨੂੰ ਬਾਜ਼ਾਰੋਂ ਆਟਾ ਅਤੇ ਸਬਜ਼ੀ ਲਿਆਉਣ ਲਈ ਕਿਹਾ। ਸ਼ਾਮੂ ਨੇ ਜਵਾਬ ਦੇ ਦਿਤਾ। ਬਾਬੂ ਨੇ ਹੋਰ ਰੋਅਬ ਪਾਇਆ ਤਾਂ ਸ਼ਾਮੂ ਆਕੜ

ਗਿਆ; "ਬਾਬੂ ਜੀ !" ਉਸਨੇ ਵਿਰਲੇ; ਉਚੇ ਨੀਵੇਂ ਕਰੋੜੇ ਵਾਲੇ ਦੰਦ ਵਿਖਾਏ–"ਦਫਤਰ ਦਾ ਕੰਮ ਹੋਵੇ ਤਾਂ ਸਿਰ ਮੱਥੇ ਕਰਨ ਨੂੰ ਤਿਆਰ ਹਾਂ ਪਰ ਇਹ ਕੰਮ ਮੇਰੀ ਸਰਵਿਸ ਬੁੱਕ ਵਿਚ ਨਹੀਂ ਲਿਖਿਆ ਅਤੇ ਨਾ ਹੀ ਅਪਾਇੰਟਮੈਂਟ ਆਰਡਰ ਵਿਚ ਹੀ ਲਿਖਿਆ ਹੈ।

ਉਸ ਤੋਂ ਬਾਅਦ ਹੋਰ ਕਲਰਕ ਵੀ ਉਸਦੇ ਖਿਤ ਪੈ ਗਏ ਅਤੇ ਤੰਗ ਕਰਨ ਵਾਲੀ ਕੋਈ ਕਸਰ ਬਾਕੀ ਨਾ ਛੱਡੀ। ਉਸਦੇ ਹਰੇਕ ਕੰਮ ਵਿਚ ਨੁਕਸ ਕੱਢਣ ਲੱਗੇ। ਵਾਹ ਲਗਦੀ ਨਵੇਂ ਸਾਹਿਬ 'ਬਰਾੜ ਸਾਹਿਬ' ਤੋਂ ਝਾੜਾਂ ਪੁਆ ਦਿੰਦੇ। ਉਸਦੇ ਦਫਤਰ ਨਾਲ ਸਬੰਧਤ ਕੰਮਾਂ ਵਿਚ ਅੜਿੱਕੇ ਡਾਹੇ ਗਏ। ਉਹ ਹਰ ਰੋਜ਼ ਮੇਰੇ ਕੋਲ ਸ਼ਿਕਾਇਤਾਂ ਲੈ ਕੇ ਬਹਿ ਜਾਇਆ ਕਰੇ। ਉਸਦਾ ਇਨਕਰੀਮੈਂਟ ਲਾਉਣ ਬਾਰੇ ਸਬੰਧਤ ਕਲਰਕ ਨੂੰ ਕਹਿਣ ਵਿਚ ਮੈਨੂੰ ਆਪਣੀ ਹੱਤਕ ਲਗਦੀ। ਵਾਹ ਲਗਦੀ ਮੈਂ ਉਨ੍ਹਾਂ ਦਾ ਕੰਮ ਛੇਤੀ ਕਰਕੇ ਨਾ ਕਰਦਾ। ਸਬੰਧਤ ਕਲਰਕ ਨੇ ਉਸ ਦੇ ਜੀ. ਪੀ. ਐਫ. ਦੇ ਹਿਸਾਬ-ਕਿਤਾਬ ਵਿਚ ਗੜਬੜ ਕਰ ਦਿਤੀ ਤੇ ਉਸ ਨੂੰ ਨੰਬਰ ਵੀ ਨਾ ਦਿਤਾ। ਇਨਕਰੀਮੈਂਟ ਲੱਗ ਚੁੱਕਣ ਬਾਅਦ ਉਸਦਾ ਬਣਦਾ ਬਕਾਇਆ ਨਾ ਕਢਾਇਆ ਅਤੇ ਇਕ ਮਹੀਨੇ ਦੀ ਤਨਖਾਹ ਉਂਝ ਹੀ ਟਾਈਮ-ਬਾਰ ਹੋ ਗਈ। ਇਹੋ ਜੇਹੀਆਂ ਅਨੇਕਾਂ ਗੱਲਾਂ ਸਨ ਜੋ ਕੰਡੇ ਵਾਂਗ ਉਸਦੇ ਸੀਨੇ ਵਿਚ ਰੜਕ ਪੈਦਾ ਕਰਦੀਆਂ ਸਨ।

ਇਕ ਦਿਨ ਮੈਂ ਚਿਰਾਕਾ ਘਰ ਅੱਪੜਿਆ ਸਾਂ। ਸ਼ਾਮ ਲਾਲ ਮੇਰੇ ਜਾਣ ਤੋਂ ਪਹਿਲਾਂ ਹੀ ਘਰ ਪਹੁੰਚਿਆ ਹੋਇਆ ਸੀ। ਉਸਨੂੰ ਅਜੇਹੀ ਮੁਦਰਾ ਵਿਚ ਖੜਿਆਂ ਵੇਖ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਖਾਸ ਕਰਕੇ ਜਿਵੇਂ ਕੁਸ਼ੱਲਿਆ ਉਸਦੇ ਨੇੜੇ ਖੜੀ ਦਿਲਬਰੀਆਂ ਦੇ ਰਹੀ ਸੀ– ਉਸਦਾ ਇਉਂ ਸ਼ਾਮੂ ਕੋਲ ਖੜਨਾ ਮੈਂ ਬਰਦਾਸ਼ਤ ਨਾ ਕਰ ਸਕਿਆ। ਮੇਰੀ ਪਤਨੀ ਨੇ ਉਸਦੇ ਮੋਢੇ 'ਤੇ ਹੱਥ ਰਖਿਆ ਹੋਇਆ ਸੀ ਅਤੇ ਸ਼ਾਮੂ ਨੇ ਗਰਦਨ ਆਪਣੀ ਹੀ ਛਾਤੀ ਉਪਰ ਲਟਕਾਈ ਹੋਈ ਸੀ। ਮੇਰੇ ਦਿਮਾਗ਼ ਨੂੰ ਇਕ ਦਮ ਹੀ ਕੁਝ ਪੁੱਠੀਆਂ-ਸਿੱਧੀਆਂ ਸੋਚਾਂ ਨੇ ਝਟਕਾ ਦਿੱਤਾ। ਸਾਈਕਲ ਕੰਧ ਨਾਲ ਲਾ ਕੇ ਹੀ ਮੈਂ ਝੱਟ-ਪੱਟ ਉਨ੍ਹਾਂ ਦੇ ਕੋਲ ਗਿਆ ਤਾਂ ਵੇਖਿਆ ਕਿ ਮੇਰੀ ਪਤਨੀ ਦੀਆਂ ਅੱਖਾਂ ਹੰਝੂਆਂ ਨਾਲ ਭਰੀਆਂ ਹੋਈਆਂ ਸਨ ਤੇ ਦੋ ਧਾਰਾਂ ਬਰਾਬਰ ਉਸਦੀਆਂ ਗੋਲ ਅਤੇ ਗੋਰੀਆਂ ਗੱਲ੍ਹਾਂ ਤੋਂ ਹੁੰਦੀਆਂ ਹੋਈਆਂ ਠੋਡੀ ਤੋਂ ਹੇਠਾਂ ਡਿੱਗ ਰਹੀਆਂ ਸਨ। ਉਸਦੇ ਸੁਰਖੀ ਲੱਗੇ ਬੁੱਲ੍ਹ ਕੰਬ ਰਹੇ ਸਨ। ਜਦ ਮੈਂ ਸ਼ਾਮ ਲਾਲ ਵੱਲ ਵੇਖਿਆ ਤਾਂ ਉਹ ਕੁਸ਼ਲਿਆ ਤੋਂ ਵੀ ਬਹੁਤਾ ਰੋ ਰਿਹਾ ਸੀ ਅਤੇ ਮੈਨੂੰ ਕੋਲ ਆ ਗਿਆ ਜਾਣ ਕੇ ਉਹ ਹੋਰ ਵੀ ਉੱਚੀ-ਉੱਚੀ ਭੁੱਬਾਂ ਮਾਰ ਕੇ ਰੋ ਪਿਆ। ਉਸਦਾ ਮੂੰਹ ਪੂਰਾ ਖੁਲ੍ਹਾ ਹੋਇਆ ਸੀ ਅਤੇ ਕਰੋੜੇ ਵਾਲੇ ਦੰਦ ਵੀ ਦਿਖਾਈ ਦੇ ਰਹੇ ਸਨ।

"ਵਿਚਾਰੇ ਦੀ ਮਾਂ ਵੀ ਮਰ ਗਈ।" ਕੁਸ਼ਲਿਆ ਨੇ ਚਿਹਰਾ ਚੁੰਨੀ ਨਾਲ ਸਾਫ ਕੀਤਾ ਤਾਂ ਬੁੱਲ੍ਹ ਵੀ ਪੂੰਝੇ ਜਾਣ ਕਰਕੇ ਕੁਝ ਥਾਵਾਂ ਤੋਂ ਸੁਰਖੀ ਮੱਧਮ ਪੈ ਗਈ, "ਕੁੱਝ ਵੀ ਨਹੀਂ ਰਿਹਾ ਵਿਚਾਰੇ ਗਰੀਬ ਦਾ।" ਮੇਰੀ ਪਤਨੀ ਦਾ ਸੱਚ ਭਰ ਗਿਆ ਤੇ ਮੈਂ ਪੱਥਰ ਦਾ ਬੁੱਤ ਬਣਿਆ ਰਹਿ ਗਿਆ।

"ਅੱਛਾ ਜੋ ਹੋ ਗਿਆ—ਠੀਕ ਐ" ਮੈਂ ਉਸਨੂੰ ਮੋਢੇ ਤੋਂ ਫੜ ਕੇ ਕਮਰੇ ਵਿਚ ਲੈ ਆਇਆ ਸੀ—"ਕੁਦਰਤ ਮੂਹਰੇ ਭਾਈ ਕੀਹਦਾ ਜ਼ੋਰ ਐ ?" ਮੈਨੂੰ ਇਹ ਸ਼ਬਦ ਯਾਦ ਨਹੀਂ ਕਰਨੇ ਪਏ—"ਹੁਣ ਤਾਂ ਸਬਰ ਦਾ ਘੁੱਟ ਭਰੇ ਈ ਸਰੂ ਭਾਈ।"

ਕੁਸ਼ੱਲਿਆ ਚਾਹ ਦੇ ਗਈ। ਸ਼ਾਮ ਲਾਲ ਰੋਣੋਂ ਹੱਟ ਗਿਆ। ਉਹ ਪਥਰਾਈਆਂ ਅੱਖਾਂ ਨਾਲ ਚਾਹ ਵੱਲ ਵੇਖਦਾ, ਫੂਕਾਂ ਮਾਰਦਾ, ਸੁੜ੍ਹਾਕਦਾ ਰਿਹਾ। ਉਸ ਤੋਂ ਅਗਲੇ ਦਿਨ ਉਹ ਬਾਰਾਂ ਦਿਨਾਂ ਦੀ ਛੁੱਟੀ ਚਲਾ ਗਿਆ। ਉਸਨੇ ਹੋਰ ਕਿਸੇ ਨਾਲ ਗੱਲ ਵੀ ਨਾ ਕੀਤੀ। ਸਿਰਫ ਸਾਹਿਬ ਨੂੰ ਛੁੱਟੀ ਦਾ ਕਾਰਨ ਦਸਿਆ। ਹੋਰ ਕਿਸੇ ਨੂੰ ਕਹਿਣ ਦਾ ਮਤਲਬ ਤਾਂ ਫੋਕੀ ਹਮਦਰਦੀ ਪਰਾਪਤ ਕਰਨਾ ਹੀ ਸੀ।

ਉਸਦੀ ਮਾਂ ਦੇ ਬਾਰੇ 'ਤੇ ਮੈਂ ਤੇ ਕੁਸ਼ੱਲਿਆ ਗਏ ਸਾਂ।

"ਸ਼ਾਮੂ ਸੁਣੋ ਬਾਈ !" ਮੈਂ ਉਸਦੇ ਮੋਢੇ 'ਤੇ ਹੱਥ ਰੱਖ ਕੇ ਤੁਰਨ ਵੇਲੇ ਕਿਹਾ ਸੀ, "ਹੁਣ ਆਪਣੇ ਮਨ 'ਤੇ ਬਹੁਤਾ ਭਾਰ ਨਾ ਪਾਵੀਂ। ਜੋ ਹੋਣਾ ਸੀ, ਹੋ ਗਿਆ; ਉਸਨੂੰ ਤਾਂ ਹੁਣ ਮੋਟਿਆ ਨਹੀਂ ਜਾ ਸਕਦਾ।" ਉਹ ਬੁੱਤ ਬਣਿਆ ਖੜ੍ਹਾ ਰਿਹਾ ਸੀ—"ਸੱਤ ਐ ਜੀ !" ਉਸਨੇ ਸਿਰਫ ਇਕ ਵਾਰ ਹੀ ਮੂੰਹ ਖੋਲ੍ਹਿਆ ਸੀ।

"ਅੱਛਾ ਬਈ ਸ਼ਾਮੂ !" ਸ਼ਾਮੂ ਸ਼ਾਇਦ ਇਸ ਦੀ ਆਸ ਲਾਈ ਬੈਠਾ ਸੀ, ਜਦੋਂ ਕੁਸ਼ਲਿਆ ਨੇ ਉਸਦੀ ਪਿੱਠ 'ਤੇ ਹੱਥ ਰਖਿਆ ਤਾਂ ਸ਼ਾਮੂ ਉਸਦੇ ਮੋਢੇ ਵੱਲ ਸਿਰ ਝੁਕਾ ਕੇ ਉਚੀ ਉਚੀ ਰੋ ਪਿਆ—"ਦਿਲ ਰਖੋ ਬਈ, ਰੋਣ ਨਾਲ ਤਾਂ ਕੁਝ ਨਹੀਂ ਬਣਨਾ। ਦੱਸ ਆਉਂਦੇ ਕੁਝ ਹੱਥ ਪੱਲੇ ?" ਕੁਸ਼ਲਿਆ ਉਸਦੀ ਪਿੱਠ ਪਲੋਸਦੀ ਰਹੀ।

ਮੈਂ ਕਈ ਵਾਰ ਸੋਚਿਆ ਕਰਦਾ ਸਾਂ ਕਿ ਅੱਖੜ, ਅਨਾੜੀ, ਝਗੜਾਲੂ ਅਤੇ ਹਰੇਕ ਮੂਹਰੇ ਕੰਧ ਵਾਂਗ ਖੜ੍ਹ ਜਾਣ ਵਾਲਾ ਸ਼ਾਮੂ ਕਿੰਨਾ ਭਾਵਕ ਸੀ।

ਉਸਤੋਂ ਬਾਅਦ ਤਾਂ ਮੇਰੀ ਉਥੋਂ ਬਦਲੀ ਹੀ ਹੋ ਗਈ ਸੀ। ਉਸਤੋਂ ਮਗਰੋਂ ਹੀ ਮੇਰੀ ਤਰੱਕੀ ਹੋ ਗਈ ਅਤੇ ਮੈਨੂੰ ਸਹਾਇਕ ਸੁਪਰਿਨਟੈਂਡੈਂਟ ਦੀ ਕੁਰਸੀ ਮਿਲ ਗਈ। ਕੁਝ ਚਿਰ ਬਾਅਦ ਮੈਨੂੰ ਬੱਸ ਇੰਨਾ ਹੀ ਪਤਾ ਲਗਿਆ ਕਿ ਉਸਦੀ ਬਦਲੀ ਪ੍ਰਬੰਧਕੀ ਆਧਾਰ ਤੇ ਕਿਤੋਂ ਦੂਰ

ਦੀ ਹੋ ਗਈ ਹੈ।

ਅੱਜ ਅਚਾਨਕ ਉਸਨੂੰ ਮਿਲਕੇ ਉਸਦਾ ਜੀਵਨ ਮੇਰੀਆਂ ਯਾਦਾਂ 'ਚੋਂ ਬਹੁਤ ਤੇਜ਼ੀ ਨਾਲ ਵਿਚਰ ਗਿਆ। ਚਾਹ ਵਾਲੇ ਨੇ ਕਾਫੀ ਦੇਰ ਲੱਗਾ ਦਿੱਤੀ ਤੇ ਮੈਂ ਸੋਚੀਂ ਪਿਆ ਹੋਇਆ ਸਾਂ ਕਿ ਉਸਦਾ ਜੀਵਨ ਸੱਚੀ-ਮਿੱਚੀ ਦੀ ਕਹਾਣੀ ਨਾ ਹੋ ਕੇ ਕਿਸੇ ਨਾਵਲ ਜਾਂ ਫਿਲਮ ਦੀ ਕਹਾਣੀ ਹੋਵੇਗੀ। ਅਛੂਤ ਸਮਝੇ ਜਾਂਦੇ ਲੋਕਾਂ 'ਚ ਇੰਨੀ ਗੈਰਤਮੰਦ ਸ਼ਖਸੀਅਤ ਕਿਵੇਂ ਪੈਦਾ ਹੋ ਗਈ? ਮੇਰੇ ਕੋਲ ਇਸ ਪ੍ਰਸ਼ਨ ਦਾ ਕੋਈ ਉੱਤਰ ਨਹੀਂ ਸੀ।

ਕੈਨਟੀਨ ਦਾ ਨੌਕਰ ਹੋਰ ਗਾਹਕਾਂ ਨੂੰ ਚਾਹ ਦੇਈ ਜਾ ਰਿਹਾ ਸੀ ਅਤੇ ਜੂਠੇ ਭਾਂਡੇ ਚੁੱਕ-ਚੁੱਕ ਕੇ ਲਿਜਾਈ ਜਾ ਰਿਹਾ ਸੀ ਪਰ ਸਾਡੇ ਵੱਲ ਹਾਲੇ ਵੀ ਉਸ ਦਾ ਧਿਆਨ ਨਹੀਂ ਸੀ। ਮੈਨੂੰ ਉਸ 'ਤੇ ਗੁੱਸਾ ਆ ਗਿਆ। ਮੈਂ ਉਚੀ ਆਵਾਜ਼ ਵਿਚ ਕਿਹਾ: "ਓ ਲੜਕੇ! ਤੈਨੂੰ ਦੋ ਕੱਪ ਚਾਹ ਕਿਹਾ ਸੀ?" ਮੇਰੀ ਕੜਕਵੀਂ ਆਵਾਜ਼ ਸੁਣਕੇ ਭੱਠੀ 'ਤੇ ਬੈਠੇ ਮਾਲਕ ਨੇ ਇਕ ਦਮ ਪਿਛਾਂਹ ਨਿਗਾਹ ਭੰਵਾਈ।

"ਕਿੰਨੇ—ਦੋ ਕੱਪ?" ਉਸਨੇ ਉਲਟਾ ਪੁੱਛਿਆ।

"ਕਿੰਨਾ ਚਿਰ ਤਾਂ ਹੋ ਗਿਆ ਕਹੇ ਨੂੰ। ਚਾਰ ਸਮੋਸੇ ਵੀ ਭੇਜ ਦੇਈਂ ਗਰਮ ਗਰਮ।" ਉਸੇ ਵੇਲੇ ਮੁੰਡਾ ਦੋ ਗਲਾਸ ਪਾਣੀ ਰੱਖ ਗਿਆ।

"ਕਿਆ ਸ਼ਾਦੀ-ਵਾਦੀ ਹੋ ਗਈ ਥੀ?" ਮੈਂ ਪਤਾ ਨਹੀਂ ਕਿਵੇਂ ਇਹ ਪ੍ਰਸ਼ਨ ਪੁੱਛ ਗਿਆ—ਉਹ ਵੀ ਆਪਣੀ ਮਾਂ—ਬੋਲੀ ਛੱਡ ਕੇ। ਇਹ ਪ੍ਰਸ਼ਨ ਦੇ ਫੌਰਨ ਬਾਅਦ ਹੀ ਤੇਜ਼ੀ ਨਾਲ ਮੇਰੇ ਦਿਮਾਗ਼ ਵਿਚ ਆਪੇ ਹੀ ਇਸਦਾ ਉੱਤਰ ਘੁੰਮ ਗਿਆ—ਹੋਰ ਕੁਆਰਾ ਹੋਵੇਗਾ—ਹੁਣ ਤਾਈਂ।

"ਹਾਂ ਸਾਹਬ! ਅਬ ਤੋ ਤੀਨ ਬੱਚੇ ਬੀ ਹੈਂ—ਆਪ ਕੀ ਕਿਰਪਾ ਸੇ।" ਉਸਨੇ ਵੀ ਉਸੇ ਲਹਿਜੇ ਵਿਚ ਉੱਤਰ ਦਿੱਤਾ। ਮੈਨੂੰ ਸ਼ਰਾਰਤ ਸੁਝੀ ਪਰ ਮੈਂ ਕਾਬੂ ਕਰ ਗਿਆ ਤੇ ਕਿਹਾ—"ਕਿਰਪਾ ਤੋ ਭਗਵਾਨ ਕੀ ਹੈ।" ਤਾਂ ਵੀ ਉਸਦੇ ਉਤਰ ਦੇ ਅਰਥਾਂ ਨਾਲ ਮੇਰਾ ਅੰਦਰ ਮੁਸਕਰਾਉਂਦਾ ਰਿਹਾ—'ਮੈਂ ਕੌਣ ਹਾਂ ਕਿਰਪਾ ਵਾਲਾ?'

"ਭਗਵਾਨ!" ਭਾਵਕਤਾ ਵੱਸ ਸ਼ਾਮੂ ਦਾ ਚਿਹਰਾ ਹੋਰ ਕਸਿਆ ਗਿਆ ਅਤੇ ਉਹ ਸਿੱਧਾ ਤਣ ਗਿਆ—"ਵੁਹ ਕਹਾਂ ਹੈ?" ਉਹ ਬੋਲੀ ਗਿਆ—"ਨਾ ਜਾਨੇ ਕੌਣ ਸੀ ਗੁਫਾ ਮੇਂ ਮੂਹ ਛੁਪਾਏ ਬੈਠਾ ਹੈ? ਲੋਗੋਂ ਨੇ ਏਕ ਕਲਪਨਾ ਸੀ ਬਣਾ ਰੱਖੀ ਹੈ। ਭਗਵਾਨ ਤੋ ਮੈਂ ਹੂੰ, ਆਪ ਹੈਂ ਯੇਹ ਤਮਾਮ ਲੋਗ ਹੈਂ ਅਗਰ ਯਹ ਮਨੁਸ਼ਯ ਕੋ ਸਮਝੇਂ।" ਮੈਂ ਹੋਰ ਵੀ ਹੈਰਾਨ ਹੋਇਆ ਅਤੇ ਸੋਚਿਆ ਕਿ ਸੁਬ੍ਹਾ-ਸ਼ਾਮ ਭਗਵਾਨ ਦੀ ਪੂਜਾ ਕਰਨ ਵਾਲਾ ਸ਼ਾਮੂ ਨਾਸਤਕ ਲੋਕਾਂ ਦੇ ਪਰਭਾਵ ਅਧੀਨ ਹੀ ਰੱਬ ਤੋਂ ਮੁਨਕਰ ਹੋ ਗਿਆ ਹੋਵੇਗਾ—"ਦੇਖਾ ਹੈ ਕਬੀ ਕਿਸੀ ਨੇ?" ਉਹ ਹੋਰ ਜਜ਼ਬਾਤੀ ਹੋ ਕੇ ਬੋਲਿਆ।

"ਮਾਂ ਜੀ ਦਾ ਕੀ ਹਾਲ ਹੈ?" ਉਹ ਮੁੜ ਪੰਜਾਬੀ ਵਿਚ ਬੋਲਿਆ।

"ਕੌਣ ਮਾਂ ਜੀ? ਮੇਰੇ ਮਾਂ ਜੀ ਕੀ?" ਮੈਂ ਕਿਹਾ—"ਉਹ ਤਾਂ...।"

"ਨਹੀਂ, ਨਹੀਂ।" ਉਹ ਵਿਚਕਾਰੋਂ ਹੀ ਬੋਲ ਪਿਆ—"ਮੈਂ ਕੁਸ਼ੱਲਿਆ ਦੇਵੀ ਨੂੰ ਕਹਿੰਦਾ ਹਾਂ।"

"ਉਸਨੂੰ ਮਾਂ ਕਦੋਂ ਤੋਂ ਕਹਿਣ ਲੱਗ ਪਿਆ ਸੀ?"

"ਜਿਸ ਦਿਨ ਮੇਰੀ ਮਾਂ ਮਰ ਗਈ ਸੀ।"

"ਅੱਛਾ ਹੈ—ਬਹੁਤ ਅੱਛਾ ਐ।" ਮੈਨੂੰ ਕੁਸ਼ਲਿਆ ਦੀ ਇਸਤਰੀਅਤ ਉਤੇ ਫਖ਼ਰ ਹੋਇਆ ਕਿ ਉਹ ਸੱਚ-ਮੁੱਚ ਹੀ ਪਵਿੱਤਰਤਾ ਦੀ ਦੇਵੀ ਹੈ।

ਇਸ ਗੱਲੋਂ ਮੈਂ ਹੈਰਾਨ ਸਾਂ ਅਤੇ ਮੈਨੂੰ ਉਸ ਦੀ ਮੂਰਖਤਾ ਲੱਗੀ ਕਿ ਉਸਨੇ ਆਪਣੀ ਪੀੜ ਕਿਸੇ ਨਾਲ ਵੀ ਸਾਂਝੀ ਕਿਉਂ ਨਾ ਕੀਤੀ। ਇਥੇ ਤਾਂ ਆਦਮੀ ਦੀ ਉਹ ਜ਼ਾਤ ਰਹਿੰਦੀ ਹੈ ਜੋ ਦੂਜੇ ਦੇ ਦੁੱਖ ਵਿਚ ਤਾਂ ਭਾਵੇਂ ਮਦਦ ਨਾ ਕਰੇ ਪਰ ਆਪਣੀ ਉਂਗਲ 'ਚ ਮਾਮੂਲੀ ਕੰਡਾ ਵੱਜੇ ਤੋਂ ਹੀ ਉਂਗਲ ਹਵਾ ਵਿਚ ਲਹਿਰਾਉਂਦੀ ਫਿਰੇਗੀ ਕਿ ਉਸਦੇ ਜੋ ਕੰਡਾ ਵੱਜਾ ਹੈ, ਉਹ ਕੋਈ ਸਾਧਾਰਨ ਕੰਡਾ ਨਹੀਂ ਸੀ। ਖਬਰੇ ਇਸ ਉਪਰ ਕਿਸੇ ਭਿਆਨਕ ਵਿਸੀਅਰ ਨਾਗ ਨੇ ਹੀ ਜ਼ਹਿਰ ਉੱਗਲ ਦਿੱਤੀ ਹੋਵੇ, ਪਰ ਇਹ ਸ਼ਾਮੂ ਕਿਸ ਮਿੱਟੀ ਦਾ ਬਣਿਆ ਹੋਇਆ ਸੀ। ਹੁਣ ਤਾਂ ਜੀਵਨ ਦੀ ਤੋਰ ਹੀ ਬਦਲ ਰਹੀ ਹੈ। ਅਨੇਕਾਂ ਜਥੇਬੰਦੀਆਂ ਵੀ ਹਨ। ਉਸਦੀ ਥਾਂ ਮੈਂ ਹੁੰਦਾ ਤਾਂ ਕਿਸੇ ਜਥੇਬੰਦੀ ਦਾ ਇਮਾਨਦਾਰ ਵਰਕਰ ਹੁੰਦਾ।

ਉਸਨੇ ਦਸਿਆ ਕਿ ਮੇਰੀ ਥਾਂ 'ਤੇ ਆਏ ਕਲਰਕ ਨੇ ਉਸ ਤੋਂ ਘਰ ਦਾ ਕੰਮ ਨਾ ਕਰਨ ਦੇ ਕਸੂਰ ਵਿਚ ਉਸ ਨੂੰ ਬਹੁਤ ਤੰਗ ਅਤੇ ਪ੍ਰੇਸ਼ਾਨ ਕੀਤਾ। ਫਿਰ ਉਹ ਸਾਹਿਬ ਵੀ ਬਦਲ ਗਿਆ। ਉਸ ਕਲਰਕ ਨੇ ਸਾਹਿਬ ਦੇ ਕੰਨ ਭਰ ਕੇ ਉਸਦੀ ਪੋਸਟ ਮਾਲੀ ਕਮ ਵਾਟਰਮੈਨ ਤੋਂ ਬਦਲ ਕੇ ਸਵੀਪਰ ਕਮ ਚੌਕੀਦਾਰ ਕਰਵਾ ਦਿਤੀ ਸੀ। "ਮੈਂ ਅੜ ਗਿਆ" ਉਸਨੇ ਦਸਿਆ। ਅਗਲੀ ਗੱਲ ਨੇ ਤਾਂ ਮੈਨੂੰ ਵਲੂੰਧਰ ਕੇ ਰੱਖ ਦਿੱਤਾ ਕਿ ਐਸ. ਡੀ. ਓ. ਦੇ ਉਸ ਚਮਚੇ ਨੇ ਉਸ ਦੇ ਕੰਨ ਭਰੇ ਕਿ ਉਹ ਮੇਰੇ ਘਰ ਦਾ ਕੰਮ ਕਰਦਾ ਰਿਹਾ ਸੀ ਅਤੇ ਉਸਦੇ ਕੁਸ਼ੱਲਿਆ ਨਾਲ ਨਜਾਇਜ਼ ਸਬੰਧ ਸਨ—"ਤੇ ਮੈਂ ਆਪਣੀ ਮਾਂ ਬਾਰੇ ਇਹ ਕੁਝ ਕਿਵੇਂ ਸੁਣ ਸਕਦਾ ਸੀ?" ਸ਼ਾਮੂ ਰੁਹ ਵਿਚ ਆ ਗਿਆ ਅਤੇ ਉਸਦੀਆਂ ਅੱਖਾਂ ਛਲਕ ਪਈਆਂ ਜੋ ਉਸਨੇ ਦੱਬ ਕੇ ਮੀਟ ਲਈਆਂ।

ਮੇਰਾ ਧਿਆਨ ਉਸਦੀਆਂ ਗੱਲਾਂ ਤੋਂ ਉਖੜ ਗਿਆ

ਸੀ। ਮੈਂ ਸੋਚ ਰਿਹਾ ਸਾਂ ਕਿ ਕਲ੍ਹ ਨੂੰ ਹੀ ਮੈਂ ਮਲੇਰ-ਕੋਟਲੇ ਜਾਵਾਂ ਤੇ ਉਸ ਐਸ. ਡੀ. ਓ. ਦੇ ਬੱਚੇ ਅਤੇ ਨਾਲੇ ਉਸਦੇ ਦੱਲਿਆਂ ਨੂੰ ਗਲਵੇਂ ਤੋਂ ਫੜ ਕੇ ਪੁੱਛਾਂ ਕਿ ਉਨ੍ਹਾਂ ਨੂੰ ਕੀ ਤਕਲੀਫ ਹੈ ? ਮੈਂ ਪੰਦਰਾਂ ਸੋਲਾਂ ਸਾਲ ਪੁਰਾਣੀਆਂ ਘਟਨਾਵਾਂ ਦੀਆਂ ਲੜੀਆਂ ਜੋੜਦਾ ਰਿਹਾ। ਮੈਂ ਸਾਵਧਾਨ ਹੋਇਆ ਜਦੋਂ ਸ਼ਾਮੂ ਦਸ ਰਿਹਾ ਸੀ ਕਿ ਉਸਨੇ ਚੁਗਲ ਖੋਰ ਕਲਰਕ ਮੂਹਰੇ ਙੱਗਾ ਚੁੱਕ ਦਿੱਤਾ ਸੀ : "ਮੇਰਾ ਦੁੰਬ ਪਕੜ ਲੈ ਸਾਲੇ।" ਸ਼ਾਮੂ ਖਾਸ ਹੀ ਅੰਦਾਜ਼ ਵਿਚ ਬੋਲ ਰਿਹਾ ਸੀ। ਉਸਦੀ ਸਾਲਾਨਾ ਗੁਪਤ ਰਿਪੋਰਟ ਖਰਾਬ ਕਰ ਦਿਤੀ। ਉਸਦੀਆਂ ਜਵਾਬ-ਤਲਬੀਆਂ ਦੇ ਅਧਾਰ 'ਤੇ ਕਲਰਕਾਂ ਨੇ ਵੀ ਉਸਨੂੰ ਬੇਹੱਦ ਤੰਗ ਕੀਤਾ; ਵਿਚੋਂ ਗੱਲ ਹੁੰਦੀ ਸੀ ਘਰ ਦਾ ਕੰਮ ਕਰਾਉਣ ਦੀ। ਪ੍ਰਬੰਧਕੀ ਆਧਾਰ 'ਤੇ ਉਸਦੀ ਬਦਲੀ ਹੋ ਗਈ। ਉਸਦੀ ਗੁਪਤ ਰਿਪੋਰਟ, ਜਿਸ ਵਿਚ ਉਸਨੂੰ ਖ਼ਬਤੀ, ਝਗੜਾਲੂ ਅਤੇ ਹੁਕਮ ਦੀ ਅਵੱਗਿਆ ਕਰਨ ਵਾਲਾ ਦੱਸਿਆ ਗਿਆ ਸੀ, ਅਗਲੇ ਅਫ਼ਸਰ ਲਈ ਦੂਰ ਅਤੇ ਤੰਗ ਕਰਕੇ ਰੱਖਣ ਲਈ ਕਾਫ਼ੀ ਸੀ। ਕਦੇ ਚਿਤਾਵਨੀ, ਕਦੇ ਛਾਂਟੀ ਦਾ ਡਰ ਤੇ ਕਦੇ ਤਰੱਕੀ ਬੰਦ ਆਦਿ ਸਜ਼ਾਵਾਂ ਨਾਲ ਉਸਨੂੰ ਕਈ ਵਾਰ ਨਿਵਾਜਿਆ ਗਿਆ। ਜਿੰਨੀ ਵਾਰ ਵੀ ਉਸਨੇ ਉਪਰ ਲਿਖਾ-ਪੜ੍ਹੀ ਕੀਤੀ ਤਾਂ ਸਬੰਧਤ ਅਰਜ਼ੀ ਉਸਦੇ ਸਬੰਧਤ ਅਫ਼ਸਰ ਕੋਲ ਪਹੁੰਚ ਜਾਂਦੀ ਜਿਸਦੇ ਬਦਲੇ ਉਸਦੀ ਉਚਿੱਤ ਪ੍ਰਣਾਲੀ ਦੀ ਵਰਤੋਂ ਨਾ ਕਰਨ ਕਰਕੇ ਜਵਾਬ-ਤਲਬੀ ਹੋ ਜਾਂਦੀ ਰਹੀ।

ਕਿਸੇ ਗੱਲ 'ਤੇ, ਕਿਉਂਕਿ ਮੇਰਾ ਧਿਆਨ ਉਖੜ ਗਿਆ ਸੀ, ਮੈਂ ਪੂਰੀ ਗੱਲ ਨਾ ਸੁਣ ਸਕਿਆ, ਐਸ. ਡੀ. ਓ. ਦੇ ਦਫ਼ਤਰ ਵਿਚ ਉਹ ਉਸ ਨਾਲ ਉਲਝ ਪਿਆ। ਐਸ. ਡੀ. ਓ. ਨੇ ਉਸਦੇ ਦੋ ਤਿੰਨ ਥੱਪੜ ਮਾਰੇ ਅਤੇ 'ਸਾਲਾ ਚੂੜ੍ਹਾ' ਕਹਿ ਦਿੱਤਾ। ਉਸਨੇ ਕਿਹੜਾ ਵੰਗਾਂ ਪਾਈਆਂ ਹੋਈਆਂ ਸਨ—"ਇਕੋ ਤਕੜੇ ਘਸੁੰਨ ਨਾਲ ਸਾਹਿਬ ਦੇ ਦੰਦਾਂ 'ਚੋਂ ਖੂਨ ਕੱਢ 'ਤਾ। ਸਾਲਾ ਕੋਈ ਵੀ ਹਮਾਇਤੀ ਨਾ ਬਣਿਆ। ਕੋਈ ਸੀਟਾਂ 'ਚੋਂ ਵੀ ਨਾ ਉਠਿਆ; ਖੁੰਬ ਠੱਪ 'ਤੀ ਵੱਡੇ ਅਫ਼ਸਰ ਦੀ।" ਸ਼ਾਮੂ ਭਾਵਕ ਹੋ ਗਿਆ।

"ਤੂੰ ਮੈਨੂੰ ਕਿਉਂ ਨਾ ਯਾਦ ਕੀਤਾ ?" ਮੈਂ ਉਸਦੇ ਸਾਮ੍ਹਣੇ ਬੈਠਾ ਮਾਣ ਅਤੇ ਆਪਣੇ-ਆਪ ਨੂੰ ਦੈਵੀ-ਸ਼ਕਤੀ ਦਾ ਮਾਲਕ ਅਨੁਭਵ ਕਰ ਰਿਹਾ ਸਾਂ, ਮੈਂ ਵੇਖਦਾ ਉਸ ਉੱਲੂ ਦੇ ਪੱਠੇ ਨੂੰ।"

"ਉਸ ਨਾਲ ਕੀ ਹੋਣਾ ਸੀ ? ਵੇਖ ਤਾਂ ਮੈਂ ਹੀ ਲਿਆ ਸੀ ਉਹਨੂੰ।" ਸ਼ਾਮੂ ਨੇ ਇਕ ਪੈਰ ਬੈਂਚ 'ਤੇ ਰੱਖ ਲਿਆ ਜਿਸ ਨਾਲ ਮੈਨੂੰ ਉਸ ਕੋਲ ਬੈਠਣ ਵਿਚ ਹੀ ਹੱਤਕ ਜੇਹੀ ਮਹਿਸੂਸ ਹੋਈ—"ਮੈਂ ਆਪਣਾ ਰਾਸਤਾ ਅਬ ਬੀ ਬਦਲਣ ਨੂੰ ਤਿਆਰ ਨਹੀਂ ਹਾਂ।" ਪੰਜਾਬੀ ਬੋਲਦੇ ਬੋਲਦੇ ਵੀ ਕਦੀ ਕਦੀ ਉਸਦਾ ਲਹਿਜਾ ਹਿੰਦੀ ਵਾਲਾ ਬਣ ਜਾਂਦਾ ਸੀ। ਚਾਹ ਅਤੇ ਸਮੋਸੇ ਆ ਗਏ।

"ਤੇਰੇ ਬੀਵੀ-ਬੱਚੇ ?" ਮੈਂ ਪੁੱਛਿਆ।

ਉਸਨੇ ਦੱਸਿਆ ਕਿ ਉਹ ਬਹੁਤ ਬੁਰੀ ਹਾਲਤ 'ਚੋਂ ਲੰਘ ਰਹੇ ਸਨ। ਉਸਦੀ ਪਤਨੀ ਗੋਬਿੰਦਗੜ੍ਹ ਆਪਣੇ ਹੀ ਘਰ ਰਹਿੰਦੀ ਸੀ ਅਤੇ ਕਈ ਘਰਾਂ ਦਾ ਕੰਮ ਉਸ ਕੋਲ ਸੀ। ਮੈਂ ਕਲਪਨਾ ਕੀਤੀ ਕਿ ਸਾਈਕਲ ਦੇ ਮਡਗਾਰਡ ਦਾ ਕੜਛਾ ਜਿਹਾ ਬਣਾ ਕੇ ਮੋਢੇ 'ਤੇ ਗੰਦਗੀ ਵਾਲਾ ਮੱਖੀਆਂ ਦਾ ਭਰਿਆ ਪੀਪਾ ਚੁੱਕੀ ਘਰ ਘਰ ਫਿਰਦੀ ਹੋਵੇਗੀ ਅਤੇ ਦੁਪਹਿਰ ਵੇਲੇ ਸਾਰਾ ਮੂੰਹ ਘੁੰਡ ਵਿਚ ਕੱਜੀ ਸਿਰ ਤੇ ਛਾਬਾ ਰੱਖੀ ਰੋਟੀਆਂ ਮੰਗਦੀ ਫਿਰਦੀ ਹੋਵੇਗੀ। ਗਰਮ ਸਮੋਸੇ ਦੀ ਬੁਰਕੀ ਚਮਚੇ ਨਾਲ ਮੂੰਹ ਵਿਚ ਪਾਉਂਦਿਆਂ ਕੁਝ ਕਚਿਆਣ ਜੇਹੀ ਆਈ। "ਸਾਲੀ ਕਿਆ ਜ਼ਿੰਦਗੀ ਹੈ—ਇਨਸਾਨ ਦੀ ਏਸ ਸਮਾਜ ਵਿਚ" ਮੈਂ ਚਿੱਤ ਵਿਚ ਕਿਹਾ।

"ਦੇਖੋ ਬਾਈ ਸ਼ਾਮੂ" ਬਾਬੂਆਂ ਵਾਲੀ ਹਿੰਦੀ ਵਿਚ ਮੈਂ ਕਿਹਾ—"ਤੁਮ ਏਕ ਗਰੀਬ ਆਦਮੀ ਥੇ, ਤੁਮਹੇ ਅਪਨੇ ਬੀਵੀ-ਬੱਚੋਂ ਕਾ ਬੀ ਖ਼ਿਆਲ ਰਖਨਾ ਚਾਹੀਏ ਥਾ।" ਮੈਨੂੰ ਪਤਾ ਵੀ ਨਹੀਂ ਸੀ ਕਿ ਮੇਰੀ ਸੱਚੇ ਦਿਲੋਂ ਕੀਤੀ ਗਈ ਹਮਦਰਦੀ ਪੁਠੀ ਪੈ ਜਾਵੇਗੀ। ਉਹ ਇਕ ਦਮ ਮੇਰੇ ਵੱਲ ਕੌੜ ਕੌੜ ਕੇ ਵੇਖਣ ਲੱਗ ਪਿਆ।

"ਬਾਊ ਜੀ ! ਆਪ ਬੀ ਐਸਾ ਸੋਚਤੇ ਹੈਂ ? ਉਹ ਭਾਵਕ ਹੋ ਗਿਆ। ਸ਼ਾਇਦ ਉਹ ਨਹੀਂ ਸੀ ਜਾਣਦਾ ਕਿ ਮੈਂ ਅੱਜ ਕੱਲ ਬਹੁਤ ਸਮਝਦਾਰੀ ਤੋਂ ਕੰਮ ਲੈਣ ਲੱਗ ਪਿਆ ਸਾਂ। ਅਫ਼ਸਰ ਵੀ ਮੈਨੂੰ ਸਿਆਣਾ, ਇਮਾਨਦਾਰ ਤੇ ਸਮਝਦਾਰ ਆਦਮੀ ਕਹਿੰਦੇ ਸਨ। ਮੈਨੂੰ ਇਉਂ ਲੱਗਿਆ ਜਿਵੇਂ ਮੇਰਾ ਆਪਾ ਮੈਥੋਂ ਬਹੁਤ ਪਿਛੇ ਰਹਿ ਗਿਆ ਹੋਵੇ। ਮੈਂ ਉਸ ਨੂੰ ਛੇਤੀ ਛੇਤੀ ਫੜਨ ਦਾ ਜਤਨ ਕੀਤਾ—"ਠੀਕ ਐ, ਖ਼ੈਰ ਸੰਘਰਸ਼ ਬੀ ਇਨਸਾਨ ਕਾ ਜੀਵਨ ਹੋਤਾ ਹੈ।" ਮੈਂ ਸੰਭਲ ਕੇ ਜਵਾਬ ਦਿੱਤਾ।

"ਨਹੀਂ ਸੰਘਰਸ਼ ਹੀ ਜੀਵਨ ਹੋਂਦਾ ਹੈ।" ਉਸਨੇ ਹਿੰਦੀ ਲਹਿਜੇ ਵਾਲੀ ਪੰਜਾਬੀ ਵਿਚ ਹੀ ਤੇ ਜ਼ੋਰ ਦਿਤਾ—"ਮੈਨੂੰ ਸਮਝਾਣ ਵਾਲੇ ਬਹੁਤ ਲੋਗ ਸੀਗੇ। ਕੋਈ ਕਹਿੰਦਾ ਸੀ ਕਿ ਮੈਂ ਸਾਹਿਬ ਤੋਂ ਮੁਆਫੀ ਮੰਗ ਲਵਾਂ ਪਰ ਮੁਆਫੀ ਨਾਂ ਦਾ ਸ਼ਬਦ ਤਾਂ ਮੈਂ ਜ਼ਿੰਦਗੀ 'ਚ ਨਹੀਂ ਸਿੱਖਿਆ। ਮੁਆਫੀ ਮੰਗਣ ਨਾਲ ਅੱਧੀ ਮੌਤ ਹੋ ਜਾਂਦੀ ਐ, ਆਦਮੀ ਦੀ। "ਬੋਲਦਿਆਂ ਬੋਲਦਿਆਂ ਉਸਨੂੰ ਜ਼ੋਰ ਦੀ ਹੱਥੂ ਆ ਗਿਆ। ਉਸਦੀਆਂ ਅੱਖਾਂ ਉਭਰ ਆਈਆਂ—"ਬਾਪ ਰੇ"

ਆਖ ਕੇ ਉਹ ਖੰਘਦਾ ਖੰਘਦਾ ਬਾਹਰ ਚਲਾ ਗਿਆ। ਮੇਰਾ ਜੀਅ ਮਿਤਲਾ ਗਿਆ, ਕਿਉਂਕਿ ਉਸਦੇ ਬਾਹਰ ਜਾਣ ਮਗਰੋਂ ਵੀ ਉਸਦੀ ਖੰਘਦੇ ਦੀ ਤਸਵੀਰ ਅਤੇ ਨਿੱਕੇ ਨਿੱਕੇ ਕਾਲੇ ਪੀਲੇ ਦੰਦ ਮੇਰੀਆਂ ਅੱਖਾਂ ਅਗੋਂ ਹਟ ਨਹੀਂ ਸਨ ਰਹੇ। ਉਸਦਾ ਕਰੂਪ ਚਿਹਰਾ ਹੁਣ ਵੀ ਦਿਸ ਰਿਹਾ ਸੀ।

ਉਹ ਠੀਕ ਹੋ ਕੇ ਮੁੜ ਆਪਣੀ ਸੀਟ 'ਤੇ ਆ ਗਿਆ। ਮੈਂ ਸੋਚਿਆ—'ਆਦਮੀ ਸੱਚ ਮੁੱਚ ਹੀ ਆਦਮੀ ਹੈ। ਖਾ ਕੇ ਰੂੜੀਆਂ ਗੰਦੀਆਂ ਕਰਨ ਵਾਲੇ ਤਾਂ ਬਥੇਰੇ ਨੇ ਇਥੇ; ਪਰ ਆਦਮੀ ਘੱਟ ਮਿਲਦੇ ਨੇ।'

ਉਸ ਨੇ ਬੀੜੀਆਂ ਦਾ ਬੰਡਲ ਕੱਢਿਆ ਤੇ ਬੀੜੀ ਸੁਲਘਾ ਲਈ—"ਬਾਊ ਜੀ ਮੈਂ ! ਤਾ ਅਦਨਾ ਆਦਮੀ ਹਾਂ। ਆਪ ਜੇਹੇ ਲੋਕਾਂ ਦੀ ਤਾਂ ਮੈਂ ਪੈਰਾਂ ਦੀ ਖਾਕ ਆਂ ਪਰ ਆਖਰ ਮੇਰੀ ਵੀ ਤਾਂ ਕੋਈ ਇੱਜ਼ਤ ਹੈ।"

ਉਸ ਤੋਂ ਬਾਅਦ ਤਾਂ ਉਸਨੇ ਬੀੜੀ ਬੁਝਣ ਹੀ ਨਹੀਂ ਦਿੱਤੀ। ਇਕ ਤੋਂ ਬਾਅਦ ਇਕ ਸੁਲਘਾ ਲੈਂਦਾ ਰਿਹਾ।

"ਬੱਸ ਜੀ ਇਨਸਾਫ ਮਿਲਦਾ ਹੈ ਪੈਸੇ ਵਾਲਿਆਂ ਨੂੰ। ਸਾਹਿਬ ਨੇ ਪੈਸਾ ਖਰਚ ਕੇ ਇਸਤਗਾਸੇ ਦੀ ਰਿਪੋਰਟ ਵਿਚ ਮੈਨੂੰ ਸ਼ਰਾਬੀ ਵਿਖਾ 'ਤਾ। ਉਹ ਤਾਂ ਅਫਸਰ ਸੀ–ਉਹਦੀ ਮੰਨੀ ਗਈ। ਮੈਨੂੰ ਕਿਸੇ ਨੇ ਸ਼ਰੀਫ ਆਦਮੀ ਹੀ ਨਹੀਂ ਗਿਣਿਆ। ਇਹ ਸਿਰਫ ਮੇਰੀ ਨੀਵੀਂ ਜ਼ਾਤ ਕਰਕੇ ਅਤੇ ਗਰੀਬੀ ਕਰਕੇ ਈ ਹੋਇਆ। ਜੇ ਮੇਰੇ ਕੋਲ ਪੈਸਾ ਹੁੰਦਾ ਫੇਰ ਗੱਲ ਏਦੂੰ ਬਿਲਕੁਲ ਉਲਟ ਨਾ ਕਰ ਵਿਖਾਉਂਦਾ।" ਉਸ ਉਪਰ ਹੁਣ ਗੁੰਡਾ ਗਰਦੀ ਦਾ ਕੇਸ ਚੱਲ ਰਿਹਾ ਸੀ।

"ਮੈਂ ਸੋਚ ਰਿਹਾ ਸੀ ਕਿ ਜੇ ਉਹ ਮੁਕੱਦਮਾ ਹਾਰ ਗਿਆ ਤਾਂ ਉਹ ਨੌਕਰੀ ਤੋਂ ਹੱਥ ਧੋ ਬੈਠੇਗਾ। ਫਿਰ ਉਸਦਾ ਜੀਵਨ ਪੰਧ ਕਿਵੇਂ ਤੁਰੇਗਾ ?

"ਤੂੰ ਇਹ ਸਭ ਕੁੱਝ ਕਿਉਂ ਕਰ ਰਿਹਾ ਹੈਂ ਮੇਰੇ ਮਿੱਤਰ ?" ਮੈਨੂੰ ਉਸ ਉਤੇ ਤਰਸ ਆ ਗਿਆ। "ਤੂੰ ਜ਼ਮਾਨੇ ਦੀ ਹਵਾ ਵੇਖ–ਉਵੇਂ ਜਿਵੇਂ ਹੀ ਢਲ ਜਾਈਦੈ, ਜਿਹੋ ਜੇਹੀ ਹਵਾ ਵਗਦੀ ਹੋਵੇ, ਉਹੋ ਜੇਹਾ ਉਹਲਾ ਕਰ ਲੈਣਾ ਚਾਹੀਦੈ—ਇਨਸਾਨ ਨੂੰ।" ਜ਼ਿੰਦਗੀ ਦੇ ਕੌੜੇ ਤਜਰਬੇ ਨੇ ਮੈਨੂੰ ਇਹ ਸਿੱਖਿਆ ਦਿੱਤੀ ਸੀ ਜੋ ਹੁਣ ਮੈਂ ਆਪਣੇ ਸਨੇਹੀ ਨੂੰ ਦੇ ਸਕਦਾ ਸੀ ਪਰ ਸ਼ਾਮ ਲਾਲ ਨੂੰ ਮੇਰੀ ਗੱਲ ਦੀ ਔਖ ਹੋਈ, "ਬਾਊ ਜੀ"—ਉਹ ਟੁਣਕ ਪਿਆ—"ਇਹ ਸ਼ਾਮ ਲਾਲ ਚੂੜ੍ਹੇ ਦਾ ਪੁੱਤ ਹੈ। ਵਿਚਕਾਰੋਂ ਟੁੱਟ ਜਾਏਗਾ ਪਰ ਲਿਫੇਗਾ ਨਹੀਂ।" ਉਸ ਦੀ ਇਹ ਗੱਲ ਸੁਣ ਕੇ ਮੈਂ ਚੁੱਪ ਹੋ ਗਿਆ। ਕੁਝ ਚਿਰ ਉਹ ਵੀ ਚੁੱਪ ਰਿਹਾ।

"ਸਾਹਿਬ ਕੈਸਾ ਬੰਦੈ ?" ਉਸਨੇ ਮੇਰੇ ਵੱਲ ਅਪਣੱਤ ਨਾਲ ਵੇਖਿਆ ਜਿਸ ਤੋਂ ਮੈਂ ਸਾਫ ਅਤੇ ਸਪਸ਼ਟ ਅਰਥ ਫੜਨ ਦਾ ਜਤਨ ਕੀਤਾ ਕਿ ਉਹ ਮੇਰੇ ਪਾਸੋਂ ਇਮਦਾਦ ਚਾਹੁੰਦਾ ਹੈ। ਜੇਕਰ ਮੈਂ ਸਾਹਿਬ 'ਤੇ ਜ਼ੋਰ ਪਾਉਂਦਾ ਤਾਂ ਉਸਨੇ ਮੇਰੀ ਉਲਟਾਉਣੀ ਵੀ ਨਹੀਂ ਸੀ ਪਰ ਮੈਂ ਵਿਚਕਾਰ ਫਸਣਾ ਠੀਕ ਨਾ ਸਮਝਦਿਆਂ ਕਹਿ ਦਿੱਤਾ ! "ਬੱਸ ਜੀ, ਠੀਕ ਈ ਠੀਕ ਐ। ਚੰਗਾ ਤਾਂ ਇਥੇ ਭਗਵਾਨ ਦਾ ਨਾਂ ਈ ਐ।"

"ਤੁਸੀਂ ਮੇਰੀ ਕੋਈ ਮੱਦਦ ਨਹੀਂ ਕਰ ਸਕਦੇ ?" ਮੈਂ ਸੋਚਿਆ ਸ਼ਾਮ ਲਾਲ ਨੂੰ ਇਹ ਨਹੀਂ ਸੀ ਪੁੱਛਣਾ ਚਾਹੀਦੇ। ਕੁਝ ਰੁਕ ਕੇ ਉਹ ਬੋਲਿਆ—"ਇਸ ਅਦਨੇ ਇਨਸਾਨ ਦੀ ਮੱਦਦ ਕਰੋ।"

"ਮੈਂ ਉਸ ਤਰ੍ਹਾਂ ਤਾਂ ਹਾਜ਼ਰ ਹਾਂ ਪਰ ਸਾਹਿਬ ਨਾਲ ਮੇਰੀ ਅੱਖ ਮੈਲੀ ਐ। ਤੇਰੇ ਵਾਂਗ ਮਿੱਤਰਾ ਆਪਾਂ ਵੀ ਨਹੁੰ ਜਿੰਨਾ ਨੁਕਸ ਨਹੀਂ ਨਿਕਲਣ ਦਿੰਦੇ। ਤੂੰ ਆਪ ਈ ਸਿਆਣੈ, ਆਪਣੇ ਵਰਗੇ ਬੰਦਿਆਂ ਨੂੰ ਇਸ ਰਾਜ ਵਿਚ ਕੀ ਪਿਆ ਹੈ ?"

"ਇਕ ਮੋਟੇ ਜੇਹੇ ਬਾਊ ਜੀ ਤਾਂ ਕਹਿੰਦੇ ਸੀ ਤੁਸੀਂ ਸਿਫਾਰਸ਼ ਲਾ ਸਕਦੇ ਹੋ—ਸਾਹਿਬ ਨਾਲ ਕਹਿੰਦਾ ਸੀ ਤੁਹਾਡੇ ਅੱਛੇ ਤੱਲੁਕ ਹਨ।" ਇਸ ਗੱਲ ਦਾ ਵੀ ਮੈਨੂੰ ਪਤਾ ਲੱਗ ਗਿਆ ਸੀ ਅਤੇ ਹੁਣ ਯਾਦ ਆ ਗਿਆ ਕਿ ਇਹ ਮੋਟੇ ਕਲਰਕ ਘਨਸ਼ਿਆਮ ਨੂੰ ਹੀ ਮਿਲਿਆ ਸੀ ਜਿਸ ਕੋਲੋਂ ਉਸਨੇ ਮੇਰੇ ਬਾਰੇ ਜਾਣਕਾਰੀ ਲਈ ਸੀ।

"ਨਾ ਨਾ" ਮੈਂ ਅੰਗੂਠੇ ਨਾਲ ਦੀ ਉਂਗਲ ਹਵਾ ਵਿਚ ਲਹਿਰਾਈ—"ਜੇ ਸਾਹਿਬ ਨੂੰ ਇਹ ਵੀ ਪਤਾ ਲੱਗ ਗਿਆ ਕਿ ਤੂੰ ਮੈਨੂੰ ਜਾਣਦਾ ਹੈ ਤਾਂ ਉਸਨੇ ਤੈਨੂੰ ਬਿਲਕੁੱਲ ਹੀ ਜਾਇਨ ਨਹੀਂ ਕਰਾਉਣਾ। ਇਕ ਪਟਿਆਰੀ 'ਚ ਉਹ ਦੋ ਸੱਪ ਕਿਉਂ ਪਾਊਗਾ ?"

ਮੇਰਾ ਭਾਸ਼ਨ ਜਾਰੀ ਸੀ। ਸ਼ਾਮ ਲਾਲ ਬੀੜੀ 'ਤੇ ਬੀੜੀ ਖਿੱਚੀ ਜਾ ਰਿਹਾ ਸੀ। ਉਸਦੀਆਂ ਅੱਖਾਂ ਵਿਚ ਲਾਲ ਰੰਗ ਦੇ ਡੋਰੇ ਹੋਰ ਗੂੜ੍ਹੇ ਹੋ ਗਏ ਸਨ।

❋

# ਸਭ ਅੱਛਾ ਹੈ

—ਕੰਵਲਜੀਤ ਖੰਨਾ

[ਪਿਛੇ ਜਿਹੇ ਚੱਲੇ ਬੱਸ ਕਿਰਾਇਆ ਅੰਦੋਲਨ ਦੌਰਾਨ ਬੱਸਾਂ ਦੀ ਫੂਕ ਕੱਢੋ ਐਕਸ਼ਨ ਦੌਰਾਨ ਚਕੀਮਾਨ ਤੋਂ ਅਸੀਂ ਛੇ ਵਰਕਰ ਗ੍ਰਿਫ਼ਤਾਰ ਹੋਏ ਤੇ 29 ਦਸੰਬਰ ਤੋਂ 23 ਜਨਵਰੀ ਤੱਕ ਲੁਧਿਆਣਾ ਜੇਲ੍ਹ 'ਚ ਰਹੇ। ਉਥੋਂ ਦੀ ਵਾਰਤਾ]।

ਸਵੇਰੇ ਛੇ ਵਜੇ 'ਸਭ ਅੱਛਾ ਹੈ' ਦੀ ਘੰਟੀ ਵੱਜਣੀ — ਚਾਬੀਆਂ ਦਾ ਗੁੱਛਾ ਖਣ ਖਣ ਹਿਲਣਾ —

ਹੌਲਦਾਰ ਜੀ ਕੀ ਹਾਲ ਐ — ?

ਚੰਗੈ —

ਨਿੱਤ ਦਿਨ ਸਵੇਰੇ ਜਦੋਂ ਗਿਣਤੀ ਤੋਂ ਬਾਅਦ ਬੈਰਕਾਂ ਜਾਂ ਕੋਠੀਆਂ ਦੇ ਸੀਖਾਂ ਵਾਲੇ ਬੂਹੇ ਖੋਲ੍ਹਣ ਹੌਲਦਾਰ ਆਇਆ ਕਰਦਾ ਸੀ, ਅਵਾਜ਼ ਸਾਡੇ ਕੰਨਾਂ 'ਚ ਪਿਆ ਕਰਨੀ — ਸਾਨੂੰ ਬਾਕੀ ਕੈਦੀਆਂ ਨਾਲੋਂ ਅੱਡ ਫਾਂਸੀ ਕੋਠੀਆਂ ਦੇ ਅਹਾਤੇ 'ਚ ਰਖਿਆ ਗਿਆ ਸੀ — ਇਨ੍ਹਾਂ ਕੋਠੀਆਂ 'ਚ ਜਦ ਅਸੀਂ ਗਏ। ਇਨ੍ਹਾਂ ਛੇਆਂ ਕੋਠੀਆਂ 'ਚ ਬੰਦ ਸਨ ਜੇਲ੍ਹ ਅੰਦਰ ਜੇਲ੍ਹ ਭੁਗਤ ਰਹੇ ਕੈਦੀ। ਖੈਰ ਅਸੀਂ ਛੇਆਂ ਨੇ ਵੀ 8×8 ਦੀਆਂ ਉਨ੍ਹਾਂ ਛੇ ਕੋਠੀਆਂ 'ਚੋਂ ਇਕ 'ਚ ਡੇਰੇ ਜਮਾ ਦਿੱਤੇ। ਘਰ 'ਚ ਫੁਲਕੇ ਖਾਂਦਿਆਂ ਨੂੰ ਜਦੋਂ ਅੱਧ-ਕੱਚੀਆਂ, ਸੜੀਆਂ ਫੁੱਟ ਫੁੱਟ ਦੀਆਂ ਰੋਟੀਆਂ ਤੇ ਪਾਣੀ ਵਰਗੀ ਠੰਢੀ ਦਾਲ ਨਾਲ ਵਾਹ ਪਿਆ, ਤਾਂ ਕੁੱਝ ਔਖ ਜਿਹੀ ਮਹਿਸੂਸ ਹੋਈ, ਪਰ ਉਥੇ ਤਾਂ ਇਹੀ 'ਸਭ ਅੱਛਾ ਸੀ' — ਸੋ ਇਕ ਦੋ ਦਿਨ ਬਾਅਦ ਢਿੱਡ ਦੀ ਔਖ ਨੇ ਸਾਨੂੰ ਵੀ 'ਸਭ ਅੱਛਾ ਹੈ' ਕਹਿਣ ਲਈ ਮਜ਼ਬੂਰ ਕਰ ਦਿੱਤਾ। ਪਰ ਗੱਲ ਚਲੋ ਰੋਟੀ ਦਾਲ ਦੀ ਹੁੰਦੀ, ਸਾਰਿਆ ਜਾ ਸਕਦਾ ਸੀ, ਪਰ ਇਥੇ ਅੰਗਰੇਜ਼ਾਂ ਦੀ ਜ਼ਮਾਨੇ ਦੀ ਬਣੀ ਚਾਹ ਦੀ ਵਾਰੀ 'ਚ 'ਸਭ ਅੱਛਾ ਹੈ' ਦੇ ਕੀ ਅਰਥ ਹੋ ਸਕਦੇ ਹਨ, ਬਾਰੇ ਦਿਮਾਗ 'ਚ ਕਈ ਸਵਾਲ ਉਠਣੇ ਸ਼ੁਰੂ ਹੋ ਜਾਂਦੇ ਸਨ। ਇਕ ਅਸਲੋਂ ਅੱਡ ਦੁਨੀਆਂ 'ਚ ਵੱਸਦੇ ਲੱਗ ਭਗ 450 ਦੇ ਕਰੀਬ "ਸਮਾਜ ਦੇ ਦੋਸ਼ੀ" ਉਸ ਛੋਟੀ ਜਿਹੀ ਬਸਤੀ 'ਚ ਕੈਦੀ ਸਨ —

'ਹੌਲਦਾਰ ਜੀ', ਉਹ ਸੁਪਰੀਮ ਕੋਰਟ ਦੀ ਚਿੱਠੀ ਆਗੀ ਕਿ ਨਹੀਂ — ਕੁੱਝ ਪਤਾ ਲੱਗਿਆ —

ਉਏ ਆ ਜੂ — ਸਰਕਾਰੀ ਕੰਮ ਐਂ ਈਂ ਚੱਲਦੇ ਹੁੰਦੇ ਐ।

ਕਰੀਬਨ ਅੱਠ ਮਹੀਨੇ ਤੋਂ ਸੁਪਰੀਮ ਕੋਰਟ ਦੀ ਚਿੱਠੀ ਉਡੀਕਦੇ ਕੋਈ ਪੰਜਾਹ ਦੇ ਕਰੀਬ ਵੀਹ ਸਾਲਾ ਕੈਦੀ ਆਪਣੀ ਮਿੱਥੀ ਸਜ਼ਾ ਨਾਲੋਂ ਵੱਧ ਕੈਦ ਭੁਗਤ ਰਹੇ, ਉਹ ਬਾਹਰ ਨਿਕਲਣ ਦੀਆਂ ਆਸਾਂ ਲਾਈ ਬੈਠੇ ਸਨ। ਪਿਛੇ ਜਿਹੇ ਵੀਹ ਸਾਲਾ ਕੈਦ ਭੁਗਤਣ ਦਾ ਸਮਾਂ ਸਾਢੇ ਅੱਠ ਸਾਲ ਤੋਂ ਚੌਦਾਂ ਸਾਲ ਕਰ ਦਿੱਤਾ ਗਿਆ ਤਾਂ ਕੈਦੀਆਂ ਨੇ ਸੁਪਰੀਮ ਕੋਰਟ 'ਚ ਰਿੱਟ ਦਾਇਰ ਕਰ ਦਿੱਤੀ, ਜਿਸ ਤੇ ਇਹ ਫੈਸਲਾ ਹੋਇਆ ਕਿ ਇਹ ਹੁਕਮ 1978 ਤੋਂ ਬਾਅਦ ਦੇ ਦੋਸ਼ੀਆਂ ਤੇ ਲਾਗੂ ਹੋਵੇਗਾ — ਪਰ ਉਹ ਸੁਪਰੀਮ ਕੋਰਟ ਦੀ ਚਿੱਠੀ ਪਤਾ ਨਹੀਂ ਕਿਹੜੀ ਫਾਇਲ ਜਾਂ ਦਰਾਜ਼ 'ਚ ਬੰਦ ਇਨ੍ਹਾਂ ਵਰਗੇ ਅਨੇਕਾਂ ਕੈਦੀਆਂ ਦਾ ਮਜ਼ਾਕ ਉਡਾ ਰਹੀ ਸੀ।

ਹੌਲਦਾਰ ਜੀ, ਥੋਡੀ ਮਰਜ਼ੀ ਐ ? ਦੇਖ ਲਉ।

ਉਏ ਨਹੀਂ ਉਏ — ਮੈਂ ਵੀ ਜਵਾਕ ਪਾਲਣੇ ਐ — ਚਲੋ ਅੰਦਰ।

ਸਾਡੇ ਨਾਲ ਦੀਆਂ ਕੋਠੀਆਂ 'ਚ ਬੰਦ ਅੱਡ ਅੱਡ ਸਜ਼ਾਵਾਂ ਭੁਗਤ ਰਹੇ ਕੈਦੀਆਂ ਦੀ ਇਹ ਅਵਾਜ਼ ਹੌਲਦਾਰ ਦੀਆਂ ਲਿਲਕੜੀਆਂ ਕੱਢਦੀ ਸਾਡੇ ਕੰਨਾਂ 'ਚ ਨਿੱਤ ਪੈਂਦੀ ਸੀ —

ਤੇ ਉਹ ਇਹ ਅਵਾਜ਼ ਸੁਣ ਫਿਰ ਵਾਰੀ ਵਾਰੀ ਸੀਖਾਂ ਦੇ ਪਿਛੇ ਚਲੇ ਜਾਂਦੇ। ਜੇਲ੍ਹ 'ਚ ਜੇਲ੍ਹ ਕੱਟ ਰਹੇ ਇਹ ਸੱਤ ਅੱਠ ਕੈਦੀ ਜਿਨ੍ਹਾਂ 'ਚੋਂ ਕੋਈ ਗੋਲੀਆਂ ਖਾਂਦਾ ਨਸ਼ੇ ਦੀ ਹਾਲਤ 'ਚ ਫੜਿਆ ਗਿਆ ਸੀ ਤੇ ਕੋਈ ਰੋਅਬ ਨਾ ਝੱਲਦਾ ਕਿਸੇ ਅਫ਼ਸਰ ਦੀ ਲੱਤ ਬਾਂਹ ਭੰਨ ਕੇ ਇਥੇ ਜ਼ਿੰਦਗੀ ਦੇ ਦਿਹਾੜੇ ਪੂਰੇ ਕਰ ਰਿਹਾ ਸੀ, ਨੂੰ ਸਵੇਰੇ ਛੇ ਤੋਂ ਸੱਤ ਤੇ ਸ਼ਾਮ ਤਿੰਨ ਤੋਂ ਚਾਰ ਸਿਰਫ ਬਾਹਰਲੀ ਹਵਾ ਦੇ ਦਰਸ਼ਨ ਕਰਨ ਲਈ ਅਹਾਤੇ 'ਚ ਕੱਢਿਆ ਜਾਂਦਾ ਸੀ ਤਾਂ ਸਮੇਂ ਦੇ ਖਾਤਮੇ ਵੇਲੇ ਉਹ ਡਿਉਟੀ ਹਵਾਲਦਾਰ ਦੀਆਂ ਮਿੰਨਤਾਂ ਕੱਢਦੇ — ਕਿ ਦੱਸ ਮਿੰਟ ਹੋਰ ਠਹਿਰ ਜਾਵੇ — ਪਰ ! ਕਾਹਦੀ ਗੱਲ ਐ ! ਕਾਮਰੇਡੋ, ਬੱਸ ਕਿਰਾਏ ਤਾਂ ਸੱਚੀਉਂ ਵੱਧਗੇ — ਐਤਕੀਂ ਮੁਲਾਕਾਤ ਤੇ ਆਇਆ ਮੇਰਾ ਮੁੰਡਾ ਕਹਿਣ ਲੱਗਾ — ਭਾਪਾ ਜੀ ਕਿਰਾਏ ਬਹੁਤ ਵੱਧਗੇ ਅਗੇ ਜਲੰਧਰੋਂ ਇਥੇ ਆਉਣ ਜਾਣ ਦੇ 12 ਲੱਗਦੇ ਸੀ, ਹੁਣ ਵੀਹਾਂ 'ਚ ਆਉਣਾ ਜਾਣਾ ਪੈਂਦੇ।

ਤਾਂ ਕਾਕਾ ਜਿਥੇ ਅੱਗੇ ਤੂੰ ਪੰਦਰੀਂ ਦਿਨੀਂ ਆਉਣੈ, ਹੁਣ ਮਹੀਨੇ ਬਾਦ ਆ ਜਾਇਆ ਕਰ।

ਇਹ ਦੁੱਖ ਭਰੀ ਅਵਾਜ਼ ਰਾਤ ਨੂੰ ਪਹਿਰਾ ਡਿਉਟੀ ਤੇ ਆਏ ਵੀਹ ਸਾਲੇ ਕੈਦੀ ਨੰਬਰਦਾਰ ਦੀ ਸੀ, ਜਿਸ ਨੇ

ਆਉਂਦੇ ਨੇ ਸਾਨੂੰ ਇਹ ਪੁੱਛਿਆ ਸੀ ਕਿ ਕਾਹਦੇ 'ਚ ਆਏ ਉਂ, ਇਹ ਦੱਸਣ ਤੇ ਕਿ ਬੱਸ ਕਿਰਾਇਆ ਐਜੀਟੇਸ਼ਨ 'ਚ ਫੜੇ ਗਏ ਹਾਂ ਤਾਂ —

ਕਾਮਰੇਡੋ, ਉਂਝ ਤਾਂ ਸਾਰਾ ਆਵਾ ਈ ਊਤਿਆ ਪਿਐ — ਪਰ ਜਿੰਨਾ ਜੇਲ੍ਹ 'ਚ ਭ੍ਰਿਸ਼ਟਾਚਾਰ ਐ, ਬੱਸ ਪੁੱਛੋ ਨਾ -- ਜੇਲ੍ਹ 'ਚ ਹੀ ਆਪਣੀ ਜ਼ਿੰਦਗੀ ਦੇ ਤੇਰ੍ਹਾਂ ਸਾਲ ਪੂਰੇ ਕਰ ਚੁੱਕੇ ਅਚਾਨਕ ਗਵਾਂਢੀ ਦਾ ਕਤਲ ਕਰਕੇ ਜੇਲ੍ਹ ਦਾ ਸ਼ਿੰਗਾਰ ਬਣੇ। ਉਸ ਕੈਦੀ ਨੇ ਜਿਨ੍ਹੇ ਜੇਲ੍ਹ 'ਚ ਚੱਲਦੇ ਸਾਰੇ ਵਰਤਾਰੇ ਨੂੰ ਨੇੜਿਉਂ ਹੋ ਕੇ ਵੇਖਿਆ, ਜੋ ਕੁੱਝ ਵੇਖਿਆ ਸੱਚੀਉਂ ਲੂੰ ਕੰਢੇ ਖੜੇ ਕਰਦੈ — ਜਿੰਨੀ ਹੇਰਾ ਫੇਰੀ ਅੰਨ ਪਾਣੀ ਦੇ ਮਾਮਲੇ 'ਚ ਹੁੰਦੀ ਐ — ਜੇਲ੍ਹਰ ਦੇ ਬੂੱਟ ਚੱਟ ਨੰਬਰਦਾਰ ਜਿਵੇਂ ਵਜ਼ੀਰਾਂ ਵਾਂਗ ਹੁਕਮ ਚਾੜ੍ਹਦੇ ਹਨ — ਉਸ ਦਾ ਨਜ਼ਾਰਾ ਤਾਂ ਅਸੀਂ ਪਹਿਲੇ ਦਿਨ ਹੀ ਵੇਖ ਲਿਆ ਸੀ — ਕਿਸੇ ਵੀ ਨਵੇਂ ਆਏ ਇਖਲਾਕੀ ਕੈਦੀ ਨੂੰ ਜਿਵੇਂ ਗਾਲ੍ਹਾਂ ਦੇ ਗੱਫੇ ਦੇ ਕੇ ਨਿਵਾਜਿਆ ਜਾਂਦੈ, ਆਮ ਬੰਦੇ ਦੀ ਤਾਂ ਤੋਬੈ—

ਮਾੜੀ ਜਿਹੀ ਹੀਲ ਹੁੱਜਤ ਕਰਣ ਵਾਲੇ ਨੂੰ ਜਾਂ ਕਹਿਣਾ ਨਾ ਮੰਨਣ ਵਾਲੇ ਨਾਲ ਜਿਹੜਾ ਸਲੂਕ ਕੀਤਾ ਜਾਂਦੈ—ਬੱਸ ਪੁੱਛੋ ਨਾ—ਚੀਨੀ ਨਾਵਲ ਝੱਖੜ ਦੇ ਹਾਨ ਨੰ: 6 ਵਾਂਗ ਸਾਰਾ ਦਿਨ ਜੇਲ੍ਹ ਦੀ ਚਾਰਦੀਵਾਰੀ 'ਚ ਇਕ ਭੂਤ ਫਿਰਦੈ, ਜੋ ਹੁਕਮ ਚਾੜਦਾ ਹੈ, ਗਾਲ੍ਹਾਂ ਦੇ ਕੁੱਫਰ ਤੋਲਦਾ ਹੈ ਤੇ ਜਿਸ ਕਿਸੇ ਦੇ ਮਰਜ਼ੀ ਥੱਪੜ ਜੜ ਸਕਦਾ ਹੈ, ਉਸ ਦਾ ਦਾਵਾ ਹੈ ਕਿ ਜੇਲ੍ਹ ਦਾ ਪੱਤਾ ਵੀ ਉਸ ਦੇ ਹੁਕਮ ਤੋਂ ਬਿਨਾਂ ਨੀ ਹਿੱਲ ਸਕਦਾ, ਇਸ ਹਾਨ ਨੰ: 6 ਨਾਲ ਜਦੋਂ ਸਾਡਾ ਵਾਹ ਪਿਆ, ਆਮ ਬੰਦਾ ਜਿਸਨੂੰ ਵੇਖਕੇ ਹੀ ਪ੍ਰਾਣ ਛੱਡ ਸਕਦੈ —ਕਾਲਾ ਸਿਆਹ ਰੰਗ, ਨਾਟਾ ਜਿਹਾ ਕੱਦ, ਨਸ਼ੇ 'ਚ ਗੜੂੰਚ ਅੱਖਾਂ ਤੇ ਥੱਲੇ ਮੂੰਹ 'ਚ ਪੈਂਦੀਆਂ ਨੋਕਦਾਰ ਮੁੱਛਾਂ–ਤੇ ਸਾਰਾ ਦਿਨ ਉਸਦੀ ਪਾਟੀ ਹੋਈ ਅਵਾਜ਼ ਜੇਲ੍ਹ ਨੂੰ ਕਾਂਬਾਂ ਛੇੜਦੀ ਰਹਿੰਦੀ ਹੈ, ਤੇ ਆਮ ਕੈਦੀਆਂ ਦਾ ਦਾਅਵਾ ਸੀ ਕਿ ਔਰੰਗਜੇਬ ਦੇ ਢਾਈ ਮਣ ਜਨੇਊ ਲਾਹੁਣ ਵਾਂਗ ਇਹ ਹਵਾਲਦਾਰ ਜੇਲ੍ਹ 'ਚੋਂ ਰੋਜ 200 ਰੁਪਇਆ ਬਣਾ ਕੇ ਨਿਕਲਦਾ ਹੈ—

ਜੇਲ੍ਹ 'ਚ ਬਕਾਇਦਾ ਅਪਣੇ ਬੂਟ ਚੱਟ ਨੰਬਰਦਾਰ ਇਹਦੇ ਇਸ਼ਾਰੇ ਤੇ ਨਸ਼ੇ ਦੀਆਂ ਗੋਲੀਆਂ ਵੇਚਦੇ ਹਨ ਤੇ ਜੇ ਕੋਈ ਫੜਿਆ ਜਾਵੇ ਤਾਂ ਉਸਦੀ ਕੰਬਖਤੀ ਆ ਜਾਂਦੀ ਹੈ—ਜੇਲ੍ਹ 'ਚ ਸ਼ਰਾਬ ਤੇ ਨਸ਼ਾ ਤਾਂ ਆਮ ਗੱਲ ਹੈ ਤੇ ਜੇ ਕੋਈ ਅਮੀਰਜ਼ਾਦਾ ਕੈਦੀ ਚਾਹੇ ਤਾਂ ਜ਼ਨਾਨੀ ਵੀ ਲਿਆ ਸਕਦਾ ਹੈ।

ਪਿੱਛੇ ਜਿਹੇ ਇਲਾਕੇ ਦੇ ਬਦਮਾਸ਼ਾਂ ਦਾ ਇਕ ਟੋਲਾ ਕਿਸੇ ਕਤਲ ਕੇਸ 'ਚ ਇਥੇ ਰਹਿਕੇ ਗਿਐ ਤੇ ਪੈਸੇ ਦੇ ਜ਼ੋਰ ਉਹਨੇ ਜੋ ਖਰਮਸਤੀ ਜੇਲ੍ਹ 'ਚ ਮਚਾਈ ਬੱਸ ਪੁਛੋ ਨਾ— ਤੇ ਜੇ ਕੋਈ ਮਾੜਾ ਕੈਦੀ ਕਿਤੇ ਨਸ਼ੇ ਦੀ ਹਾਲਤ 'ਚ ਵੇਖ ਲਿਆ ਤਾਂ ਬੂਟਾਂ, ਠੁੱਡਿਆਂ, ਪੱਟਿਆਂ ਨਾਲ ਉਸਦੀ ਚਮੜੀ ਉਧੇੜ ਦਿੱਤੀ ਜਾਂਦੀ ਹੈ।

ਥੋੜੀ ਜਿਹੀ ਹੋਰ ਪਾ ਦਿਉ, ਜੀ ਡਾਕਟਰ ਸਾਹਿਬ, —ਇਹ ਲਿਲਕੜੀਆਂ ਕੱਢਦੇ ਵੱਡੀ ਸਾਰੀ ਲਾਈਨ ਬਣਾਈ ਖੜੇ ਨਸ਼ੇ ਦੇ ਆਦੀ ਜਾਂ ਰਾਤ ਨੂੰ ਚੰਗੀ ਤਰ੍ਹਾਂ ਨੀਂਦ ਲਈ ਜਾ ਸਕੇ, ਕੈਦੀ ਜੇਲ੍ਹ ਦੇ ਹਸਪਤਾਲ 'ਚ ਖੜੇ ਰਹਿੰਦੇ—ਤੇ ਜੇਲ੍ਹ 'ਚ ਇਹ ਆਮ ਗੱਲ ਹੈ ਕਿ ਜੇਲ੍ਹ ਨਿਯਮਾਂ ਮੁਤਾਬਿਕ ਅਲਾਉਡ ਉਪੀਅਮ ਦਾ ਸਤ ਨਾਂ ਦੀ ਦਵਾਈ ਦਾ ਇਕ ਡਟ ਪੰਜਾਂ ਰੁਪਈਆਂ 'ਚ ਵਿਕਦੈ ਤੇ ਜੇਲ੍ਹ ਦਾ ਡਾਕਟਰ ਪੂਰੀ ਚਾਂਦੀ ਬਣਾਉਂਦੈ - ਕੋਈ ਪੁਛਣ ਵਾਲਾ ਨਹੀਂ—ਮਾਰਿਆਂ ਥੁੜਿਆਂ ਨੂੰ ਕੈਦੀਆਂ ਨੂੰ ਪੰਜਾਂ ਦਾ ਨੋਟ ਦੇਣਾ ਪੈਂਦਾ—

ਸਾਡੇ ਬਾਹਰਲੇ ਸਮਾਜ ਵਾਂਗ ਅੰਦਰ ਵੀ ਟਾਊਟਾਂ ਦੀ, ਚਮਚਿਆਂ ਦੀ ਪੂਰੀ ਚਲਦੀ ਹੈ—ਪਿੰਡਾਂ ਦੇ ਟੋਡੀਆਂ ਵਾਂਗ ਮੁੱਛਾਂ ਖੜੀਆਂ ਕਰੀ ਚੰਦ ਕੁ ਨੰਬਰਦਾਰ ਚਿੱਟ ਕੱਪੜੀਏ ਗਾਲ੍ਹਾਂ ਕੱਢਦੇ, ਧੌਲ ਧੱਫਾ ਕਰਦੇ ਜੇਲ੍ਹ 'ਚ ਆਪਣੇ ਆਪ ਨੂੰ ਅੰਡਰ ਸੈਕਟਰੀ ਨਾਲੋਂ ਘੱਟ ਨਹੀਂ ਕਹਾਉਂਦੇ।

ਅਸੀਂ ਵੀ ਇਕ ਦਿਨ ਜਦੋਂ ਹਸਪਤਾਲ 'ਚ ਦਵਾਈ ਲੈਣ ਗਏ ਤਾਂ ਉਥੋਂ ਦਾ ਛੋਟਾ ਡਾਕਟਰ ਜਿਵੇਂ ਕੈਦੀਆਂ ਤੇ ਉਹਨਾਂ ਦੇ ਲਾਈਨ 'ਚ ਨਾ ਖੜਣ ਤੇ ਖਫ਼ਾ ਹੋਇਆ, ਉਹਨਾਂ ਦੀ ਕੁੱਤੇਖਾਣੀ ਕਰ ਰਿਹਾ ਸੀ (ਸ਼ੈਦ ਅੱਜ ਪੰਜਾਂ ਦੇ ਨੋਟ ਘੱਟ ਬਣੇ ਸਨ) ਜੀ ਕਰਦਾ ਸੀ ਗਿੱਚੀਉਂ ਫੜਕੇ ਥੱਪੜ ਮਾਰਨ ਪਿੱਛੋਂ ਕਹਾਂ ਕਿ ਤੈਨੂੰ ਡਾਕਟਰ ਕਿਸ ਮੂਰਖ ਨੇ ਬਣਾ ਤਾ।

ਉਹ ਇਕ ਮਰੂ ਜਿਹਾ ਮੁੰਡਾ ਸੀ, ਹੱਥ 'ਚ ਦਵਾਈ ਖਾਤਰ ਕੱਪ ਫੜੀ ਖੜਾ ਉਸ ਦੀਆਂ ਗਾਲ੍ਹਾਂ ਖਾ ਰਿਹਾ ਸੀ —ਹੋਰਨਾਂ ਕੈਦੀਆਂ ਦੇ ਕਹਿਣ ਤੇ ਡਾਕਟਰ ਦੀ ਗਰਮੀ ਠੰਢੀ ਕਰਨ ਖਾਤਰ ਉਹ ਉਸਦੇ ਪੈਰੀਂ ਵੀ ਹੱਥ ਲਾ ਆਇਆ ਪਰ ਉਹ ਕਿਥੋਂ ਮੰਨਣ ਵਾਲਾ ਸੀ — ਅੰਤ ਇਕ ਨੰਬਰਦਾਰ ਤੋਂ ਹਾਨ ਨੰ: 6 ਰਾਹੀਂ ਉਸ ਦੀ ਪਰੇਡ ਕਰਵਾਕੇ ਹੀ ਉਸਦਾ ਗੁੱਸਾ ਠੰਢਾ ਹੋਇਆ।

ਤੁਸੀਂ ਡਾਕਟਰ ਨੂੰ ਦੋ ਚਾਰ ਸੌ ਦੇ ਕੇ ਜੇਲ੍ਹ 'ਚ ਕੰਮ ਕਰਨ ਤੋਂ ਬੱਚ ਸਕਦੇ ਹੋ।

ਤੁਸੀਂ ਜੇਲ੍ਹ ਹਵਾਲਦਾਰ ਨੂੰ ਦੋ ਚਾਰ ਸੌ ਦੇ ਕੇ ਕਿਸੇ ਵੀ ਅੰਦਰਲੀ ਸਜ਼ਾ ਤੋਂ ਬੱਚ ਸਕਦੇ ਹੋ।

ਤੁਸੀਂ ਜੇਲ੍ਹ ਵਾਰਡਨਾਂ ਨੂੰ 50, 100 ਦੇ ਕੇ ਜੇਲ੍ਹ ਦੇ ਅੰਦਰ ਕੁਝ ਵੀ ਮੰਗਵਾ ਸਕਦੇ ਹੋ।

ਤੁਸੀਂ ਪੰਜ ਦੱਸ ਦਿੱਤੇ ਬਿਨਾਂ ਜੇਲ੍ਹ 'ਚ ਮੁਲਾਕਾਤ ਨਹੀਂ ਕਰ ਸਕਦੇ।

ਤੁਸੀਂ ਬਾਹਰ ਮੁਲਾਕਾਤ ਤੇ ਗਏ ਹੋ, ਅੰਦਰ ਵੜਦੇ ਸਮੇਂ ਆਏ ਸਮਾਨ ਦੇ ਦਰਸ਼ਨ ਕਰਾਉਣ ਲਗਿਆਂ ਮਿਠਾਈ ਦਾ, ਫਲਾਂ ਦਾ ਹਿੱਸਾ ਹੌਲਦਾਰਾਂ ਦੀ ਭੇਂਟ ਚੜ੍ਹਾਉਣਾ ਤੁਹਾਡਾ ਇਖਲਾਕੀ ਫਰਜ਼ ਹੈ, ਤੇ ਜਾਂ ਪੰਜਾਂ ਦੱਸਾਂ ਦਾ ਨੋਟ —

ਰਾਤ ਨੂੰ ਛੇ ਵਜੇ ਦੀ ਬੰਦੀ ਤੋਂ ਬਾਅਦ ਸਵੇਰ ਦੇ ਛੇ ਵਜੇ ਤਕ ਜਦੋਂ ਸਾਰਿਆਂ ਵਾਂਗ ਸਾਨੂੰ ਵੀ ਕੋਠੜੀ 'ਚ ਤਾੜ ਦਿੱਤਾ ਜਾਂਦਾ ਤਾਂ ਗਵਾਂਢੀ ਕੋਠੜੀਆਂ 'ਚ ਇਉਂ ਅਵਾਜ਼ਾਂ ਆਉਣੀਆਂ ਜਿਵੇਂ ਖੇਤ ਦੇ ਇਕ ਬੰਨੇ ਖੜਾ ਦੂਰ ਪਰਲੇ ਖੇਤ ਆਲੇ ਨੂੰ ਹਾਕਾਂ ਮਾਰਦੈ—ਆਮ ਤੌਰ ਤੇ ਕੈਦੀਆਂ 'ਚ ਇਹੀ ਗੱਲਾਂ ਹੁੰਦੀਆਂ।

ਕਿਉਂ ਬਈ ਦੁੱਲਿਆ ਕੀ ਹਾਲ ਐ ?

ਠੀਕ ਐ—ਤੂੰ ਸੁਣਾ !

ਬੱਸ ਠੀਕ ਐ !

ਕੀ ਗੱਲ ਕੁਝ ਸੋਚਦਾ ਲਗਦੈਂ।

ਸੋਚਣਾ ਕੀ ਐ—ਮਾਂ ਦਾ ਸਿਰ—

ਹਾਂ ਸੋਚ ਵੀ ਉਹ ਕੀ ਸਕਦੇ ਨੇ ਜਿਹੜੇ ਜ਼ਿੰਦਗੀ ਦਾ ਕਾਫੀ ਅਰਸਾ ਸਿਰਫ ਇਕ ਛੱਤ ਤੇ ਬਿੱਟ ਬਿੱਟ ਝਾਕਦਿਆਂ ਕੱਟ ਛੱਡਦੇ ਨੇ—

ਸਾਡੇ ਆਉਣ ਨਾਲ ਉਹਨਾਂ ਦੇ ਚਿਹਰਿਆਂ ਤੇ ਕੁਝ ਰੌਣਕ ਆਈ ਸੀ—ਜਦੋਂ ਰਾਤ ਨੂੰ ਅਸੀਂ ਉੱਚੀ ਉੱਚੀ ਹੇਕਾਂ ਲਾ ਕੇ ਲੋਕ ਦੁਖਾਂ ਦੇ ਗੀਤ ਲਾਉਣੇ—

ਬੱਲੇ ਬਈ ਕਾਲਜੀਏਟੋ,

ਬੱਲੇ ਓਏ ਮੁੰਡਿਓ ਕਮਾਲ ਕਰਤੀ।

ਤੇ ਇਕ ਹੋਰ —ਇਕ ਹੋਰ ਗੀਤ ਦੀ ਫਰਮਾਇਸ਼—

ਦਿਲ ਦੇ ਮਿਲੇ ਮਹਿਰਮ ਵਾਂਗ ਦਿਲਾਂ ਦੇ ਦੁੱਖ ਸਾਂਝੇ ਕਰਦਿਆਂ ਨੇ ਸਾਡੇ ਨਾਲ ਜਿਹੜੇ ਦਿਨ ਕੱਟੇ—ਬੱਸ—

ਸਮੇਂ ਦੀ ਮਾਰ ਹੇਠ ਜਾਂ ਚਾਣਚੱਕ ਗੁੱਸੇ 'ਚ ਸਭ ਕੁਝ ਭੁੱਲਕੇ ਕਿਸੇ ਦਾ ਕਤਲ ਜਾਂ ਲੱਤ ਬਾਂਹ ਭੰਨ ਕੇ ਹੁਣ ਪਛਤਾ ਰਹੀਆਂ ਇਨ੍ਹਾਂ ਜਿੰਦਾਂ ਦੀ ਅਵਾਜ਼ ਕੌਣ ਸੁਣੇਗਾ ਤੇ ਉਹ ਵੀ ਜੇਲ੍ਹ ਦੀ ਇਸ ਚਾਰਦੀਵਾਰੀ ਅੰਦਰ।

ਯਾਰ—ਕਾਹਦੀ ਗੱਲ ਐ ? ਬਥੇਰੀ ਨਰਮੀ ਵਰਤੀ —ਮਿੰਨਤਾਂ ਤਰਲੇ ਵੀ ਕੀਤੇ—ਪੰਚੈਤ 'ਚ ਵੀ ਮਨੌਤੀ ਹੋਈ—ਪਰ ਕਾਹਨੂੰ ਟਲਦੇ ਨੇ—ਤੇ ਜਦੋਂ ਇਕ ਦਿਨ ਘਰ ਬੈਠਿਆਂ ਨੂੰ ਮਾਰਨ ਆ ਪਏ—ਗੁੱਸੇ 'ਚ ਆਏ ਤੋਂ ਰਿਹਾ ਨਾ ਗਿਆ—ਕਈ ਵੇਰ ਪਹਿਲਾਂ ਪੁਲਸ 'ਚ ਵੀ ਰਿਪੋਟ ਲਿਖਾਈ ਕਿ ਮੈਨੂੰ ਉਹਨਾਂ ਤੋਂ ਖਤਰੈ—ਪਰ ਪੁਲਸ ਦਾ ਜਵਾਬ ਸੀ ਕਿ ਕੁਝ ਕਰ ਕੇ ਆਊ ਤਾਂ ਫਿਰ ਅਸੀਂ ਵੀ ਕੁਝ ਕਰੀਏ। ਇਕ ਵੀਹ ਸਾਲਾ ਕੈਦੀ ਆਪਣੀ ਦਾਸਤਾਂ ਸੁਣਾ ਰਿਹਾ ਲਗਭਗ ਰੋ ਪਿਆ ਸੀ।

ਦੋਸਤਾ—ਮੈਂ ਉਥੇ ਹੈ ਵੀ ਨਹੀਂ ਸੀ, ਪਰ ਦੂਜੀ ਪਾਰਟੀ ਨੇ ਨਾਲ ਲਿਖਾਤਾ – ਬਾਕੀ ਬਰੀ ਹੋਗੇ ਤੇ ਮੈਂ ਹਾਅ ਥੋੜੇ ਕੋਲ ਖੜਾਂ।

ਇਕ ਹੋਰ ਕੈਦੀ ਦਰਦ ਸਾਂਝਾ ਕਰ ਰਿਹਾ ਸੀ, ਜਿਹੜਾ 307 'ਚ ਸਜ਼ਾਯਾਫ਼ਤਾ ਹੋਇਆ ਸੀ।

ਜੇਲ੍ਹ ਦੇ ਮੁੰਡੇ ਖਾਨੇ 'ਚੋਂ ਮੁਸ਼ਕਤੀ ਬਣ ਕੇ ਆਏ ਪੱਥਰ ਦੇ ਤਖਲਸ਼ ਨਾਲ ਬੁਲਾਏ ਜਾਂਦੇ ਚੋਰੀ ਦੇ ਕੇਸ 'ਚ ਫੜਿਆ ਉਹ ਕਹਿ ਰਿਹਾ ਸੀ ਕਿ ਜਦੋਂ ਸੱਤਵੀਂ 'ਚ ਪੜ੍ਹਦਾ ਸੀ, ਪਹਿਲੀ ਵੇਰ ਮਾਸਟਰਆਣੀ ਦਾ ਪਰਸ ਚੱਕ ਕੇ ਭੱਜਿਆ ਸਾਂ ਤੇ ਹੁਣ ਤੱਕ ਚੋਰੀ ਕਰਕੇ ਸੱਠ ਹਜ਼ਾਰ ਦਾ ਸ਼ਾਨਦਾਰ ਮਕਾਨ ਉਸਾਰਿਆ ਹੈ — ਉਸ ਦਾ ਦਾਅਵਾ ਸੀ ਕਿ ਪਹਿਲੀ ਮਾਰ ਨਾਲ ਤਾਲਾ ਖੋਲ੍ਹਣਾ, ਤੇਜ ਤੋਂ ਤੇਜ਼ ਗੱਡੀ 'ਚੋਂ ਛਾਲ ਮਾਰਣ ਦਾ ਉਸ ਦਾ ਰਿਕਾਰਡ ਸੀ — ਤੇ ਹੁਣ ਬਾਹਰ ਜਾ ਕੇ ਕਿਸੇ ਤਕੜੇ ਸਰਾਫ਼ ਦੀ ਦੁਕਾਨ ਨੂੰ ਹੱਥ ਪਾਉਣੈ।

ਸਰਦਾਰ ਜੀ ਤੁਸੀਂ ਮੇਰੀ ਜ਼ਮਾਨਤ ਕਰਾ ਦੋਂਗੇ —

ਇਕ ਬਿਹਾਰੀ ਭਈਆ ਜੋ ਫੜਿਆ ਤਾਂ ਚੋਰੀ 'ਚ ਸੀ, ਪਰ ਚੋਰੀ ਦਾ ਟਰੰਕ ਪੁਲਸ ਨੇ ਮਾਲਕ ਤੋਂ ਪੈਸੇ ਲੈ ਕੇ ਵਾਪਸ ਦੇਣ ਉਪਰੰਤ ਇਸ ਤੇ ਬਾਰਾਂ ਬੋਤਲਾਂ ਸ਼ਰਾਬ ਦੀਆਂ ਪਾ ਕੇ ਜੇਲ੍ਹ ਭੇਜ ਦਿੱਤਾ ਸੀ।

ਕਹਾਂ ਜੀ — ਕੌਣ ਪੁੱਛਤਾ ਹੈ — ਕੇਸ ਪੜਾ ਥਾ ਚੋਰੀ ਕਾ ਬਾਬੂ ਪਰ, ਲੱਗਤੀ ਉਨ ਕੀ ਬਾਬੂ ਕੇ ਸਾਥ ਥੀ, ਪਰ ਪੜੋਸ ਕੀ ਦੁਕਾਨ ਸੇ ਚੋਰੀ ਹੂਈ ਟੇਪ ਰਿਕਾਡਰ ਬਾਬੂ ਨੇ ਪੈਸੇ ਦੇਕਰ ਮੇਰੇ ਪੇ ਡਲਵਾ ਦੀ — ਤੀਨ ਮਹੀਨੇ ਹੋ ਗਏ ਜਹਾਂ ਪਰ — ਚਲੋ ਕਭੀ ਤੋ ਛੋੜੇਂਗੇ ਹੀ —

ਇਹ ਮੁੰਡਾ ਕਿਸੇ ਬਾਬੂ ਦੀ ਦੁਕਾਨ ਤੇ ਨੌਕਰ ਸੀ — ਇਹ ਪੁੱਛਣ ਤੇ ਕਿ ਕੀ ਬਾਬੂ ਹੁਣ ਜ਼ਮਾਨਤ ਨਹੀਂ ਕਰਵਾਉਂਦਾ ਜਵਾਬ ਸੀ — ਕਹਾਂ ਜੀ, ਵੋ ਤੋ ਮੁਝੇ ਮਿਲਣੇ ਭੀ ਨਹੀਂ ਆਇਆ — ਇਹ ਪੁੱਛਣ ਤੇ ਕਿ ਘਰੇ ਕੋਈ ਖਬਰ ਸਾਰ ਕਰਨੀ ਸੀ — ਦਰਦਨਾਕ ਹਾਸਾ ਹੱਸਦਾ ਬੋਲਿਆ — ਬਾਬੂ ਜੀ ਲਖਨਊ ਸੇ ਘਰ ਵਾਲੋਂ ਨੇ ਪੈਸੇ ਕਮਾਣੇ ਜਹਾਂ ਭੇਜਾ ਥਾ, ਅਬ ਉਨਹੇਂ ਜੇ ਬਤਲਾਉਂਗਾ ਤੋ — ਅੱਖਾਂ ਉਸ ਦੀਆਂ ਰੋ ਰਹੀਆਂ ਸਨ।

ਥੋਨੂੰ ਕਾਮਰੇਡੋ, ਪਤਾ ਨ੍ਹੀ — ਇਕ ਡਿਊਟੀ ਹਵਾਲਦਾਰ ਦੱਸ ਰਿਹਾ ਸੀ, ਜੇਲ੍ਹ ਦੇ ਮੁੰਡੇ ਖਾਨੇ 'ਚ ਬੰਦ 96 ਮੁੰਡਿਆਂ ਬਾਰੇ, ਜਿਨ੍ਹਾਂ 'ਚੋਂ ਕੋਈ ਜੇਬ ਕੱਟਣ 'ਚ, ਕੋਈ ਚੋਰੀ 'ਚ, ਕੋਈ ਰਾਹਜ਼ਨੀ 'ਚ, ਕੋਈ ਅਵਾਰਾਗਰਦੀ 'ਚ ਤੇ ਕੋਈ ਅਫ਼ੀਮ, ਸ਼ਰਾਬ 'ਚ ਬੰਦ ਸੀ —

ਇਹਨਾਂ ਦਾ ਤਾਂ ਕੰਮ ਈ ਇਹੋ ਐ।

ਗਰਮੀਆਂ 'ਚ ਇਹ ਬਾਹਰ ਰਹਿੰਦੇ ਹਨ ਤੇ ਸਰ-ਦੀਆਂ 'ਚ ਠੰਢ ਤੋਂ ਬਚਣ ਖਾਤਰ ਪ੍ਰਵਾਸੀ ਪੰਛੀਆਂ ਵਾਂਗ ਇਹ ਕੋਈ ਨਾ ਕੋਈ ਜੁਰਮ ਕਰਕੇ ਜੇਲ੍ਹ 'ਚ

ਵੜਦੇ ਹਨ — ਰੋਟੀ ਫਰੀ — ਜੂੰਆਂ ਤੇ ਖਾਰਸ਼ ਵਾਲੀਆਂ ਰਜ਼ਾਈਆਂ ਫਰੀ — ਤੇ ਉਹ ਹੱਸ ਰਿਹਾ ਸੀ — ਸਭ ਅੱਛਾ ਹੈ — ਜੇਲ੍ਹ 'ਚ ਜਿਹੜਾ ਆ ਗਿਆ, ਉਹ ਪੱਕ ਕੇ ਨਿਕਲਦੈ — ਇਹ ਤਾਂ ਸਕੂਲ ਐ — ਜਿਥੇ ਅੱਡ ਅੱਡ ਤਜਰਬੇ ਸਾਂਝੇ ਹੁੰਦੇ ਐ — ਆੜੀਆਂ ਪੈ ਕੇ ਗਰੋਹ ਬਣਦੇ ਹਨ।

ਇਹ ਤਾਂ ਸਾਡਾ ਘਰ ਐ — ਇਕ ਜੇਬ ਕਤਰਾ ਦੱਸ ਰਿਹਾ ਸੀ।

'ਸੁਧਾਰ ਘਰ' ਮੋਟਾ ਕਰਕੇ ਜੇਲ੍ਹ ਦੇ ਮੱਥੇ ਤੇ ਲਿਖਿਆ 'ਸੁਧਾਰ' ਲਫ਼ਜ਼ ਦੇ ਅਰਥਾਂ ਤੇ ਹੱਸ ਰਿਹਾ ਸੀ — ਕਿ ਜੇਲ੍ਹ 'ਚ ਦੁਨੀਆਂ ਨਾਲੋਂ ਕੱਟ ਕੇ ਰੱਖਣ ਨਾਲ ਕੀ ਕੋਈ ਸੁਧਰ ਸਕਦੈ!

ਸਾਡੇ ਉਥੇ ਰਹਿਣ ਦੌਰਾਨ ਕੇਂਦਰ ਦੀ ਗਠਿਤ ਜੇਲ੍ਹ ਸੁਧਾਰ ਕਮੇਟੀ ਪੰਜਾਬ ਦੀਆਂ ਹੋਰਨਾਂ ਜੇਲ੍ਹਾਂ ਵਾਂਗ ਇਸ ਜੇਲ੍ਹ 'ਚ ਵੀ ਆਈ — ਕੈਦੀਆਂ ਤੇ ਹਵਾਲਾਤੀਆਂ ਨੂੰ ਲਾ ਕੇ ਦਿਨ ਰਾਤ ਕੰਮ ਕਰਾਕੇ ਸਾਰੀ ਜੇਲ੍ਹ 'ਚ ਕਲੀ ਕੀਤੀ ਗਈ, ਰੰਗ ਰੋਗਨ ਕੀਤਾ ਗਿਆ, ਸਫਾਈ ਦੀਆਂ ਛਾਹੰਬਰਾਂ ਲਾ ਦਿੱਤੀਆਂ — ਉਸ ਦਿਨ ਰੋਟੀਆਂ ਵੀ ਪਹਿਲਾਂ ਨਾਲੋਂ ਵਧੀਆ — ਚਾਹ ਵੀ ਸਮੇਂ ਸਿਰ — ਤੇ ਸਾਰੇ ਮੁਲਾਜ਼ਮ ਪ੍ਰੈੱਸ ਕੀਤੀਆਂ ਵਰਦੀਆਂ 'ਚ ਅਟੈਨਸ਼ਨ ਖੜੇ ਸੁਧਾਰ ਕਮੇਟੀ ਜਿਸ 'ਚ ਜੇਲ੍ਹ ਆਈ. ਜੀ. ਤੇ ਰਿਟਾਇਰਡ ਚੀਫ਼ ਜਸਟਿਸ ਨੇ ਆਉਣਾ ਸੀ — ਦੀ ਉਡੀਕ ਕਰ ਰਹੇ ਸਨ — ਹਵਾਲਾਤੀਆਂ ਨੇ ਸਾਰੇ ਜੇਲ੍ਹ ਨੂੰ ਰਾਤ ਦਿਨ ਇਕ ਕਰਕੇ ਚਮਕਾਇਆ ਸੀ — ਤੇ ਇਥੋਂ ਤੱਕ ਕਿ ਜੇਲ੍ਹ ਤੇ ਲੱਗੇ ਤਰੰਗੇ ਨੂੰ 54/— ਲਾ ਕੇ ਬਦਲਣ ਦਾ ਸੁਭਾਗ ਪ੍ਰਾਪਤ ਹੋਇਆ ਸੀ — ਸਾਰਿਆਂ ਨੂੰ ਆਰਡਰ ਕਿ ਧੋਤੇ ਕਪੜੇ ਪਾ ਕੇ ਆਪਣੀਆਂ ਬੈਰਕਾਂ ਤੇ ਕੋਠੜੀਆਂ 'ਚ ਘੜਿਆਲ ਵੱਜਣ ਤੇ ਅਟੈਨਸ਼ਨ ਹੋ ਜਾਣ। ਸੁਧਾਰ ਕਮੇਟੀ ਜੇਲ੍ਹ ਦੀਆਂ ਖਾਮੀਆਂ ਤੇ ਕੈਦੀਆਂ ਦੀਆਂ ਮੁਸ਼ਕਲਾਂ ਸੁਣੇਗੀ — ਪਰ ਸੁਧਾਰ ਕਮੇਟੀ ਦਾ ਤੀਹ ਪੈਂਤੀ ਜਣਿਆਂ ਦਾ ਕਾਫਲਾ ਆਇਆ ਤੇ ਨਿਕਲ ਗਿਆ, ਬਿਨਾ ਦਰਸ਼ਨ ਦਿੱਤਿਆਂ — ਅਗਲੇ ਦਿਨ ਅਖਬਾਰਾਂ 'ਚ ਰਿਪੋਟ ਸੀ ਕਿ ਜੇਲ੍ਹ ਪ੍ਰਬੰਧ ਤੇ ਕਮੇਟੀ ਨੇ ਤਸੱਲੀ ਪ੍ਰਗਟ ਕੀਤੀ ਹੈ।

ਭੈਣ ਦਾ ਠੁੱਠ ਤਸੱਲੀ — ਸਾਡੇ ਕੋਲ ਆਉਂਦਾ ਦਸਦੇ ਵੱਡੇ ਆਈ. ਜੀ. ਨੂੰ, ਸਾਨੂੰ ਤਾਂ ਸ਼ਕਲ ਵੀ ਨ੍ਹੀ ਵਿਖਾਈ —

ਤੇ ਹੈਰਾਨ ਅਸੀਂ ਵੀ ਸਾਂ — ਮੁਲਾਜ਼ਮਾਂ ਨੂੰ ਪੁੱਛਣ ਤੇ ਪਤਾ ਲੱਗਿਆ, ਆਏ ਸੀ, ਗੇੜਾ ਦੇ ਕੇ ਮੁੜਗੇ — ਲੰਗਰ ਵੇਖਿਆ — ਫੈਕਟਰੀ ਵੇਖੀ — ਸਲਾਮੀ ਲਈ ਤੇ ਉਹ ਚਲੇ ਗਏ—'ਸਭ ਅੱਛਾ ਹੈ' ਤੇ ਮੋਹਰ ਲਾ ਕੇ!

---

## ਪੁਸਤਕ ਰੀਵਿਊ

# ਪੀਲੇ ਪੱਤਿਆਂ ਦੀ ਦਾਸਤਾਨ / ਸੋਹਣ ਸਿੰਘ ਜੋਸ਼

### ਨਾਵਲਕਾਰ : ਦਲੀਪ ਕੌਰ ਟਿਵਾਣਾ

ਦਲੀਪ ਕੌਰ ਟਿਵਾਣਾ ਨੇ ਜਦੋਂ ਪਹਿਲਾ ਨਾਵਲ 'ਏਹੁ ਹਮਾਰਾ ਜੀਵਣਾ' ਲਿਖਿਆ ਸੀ ਤਾਂ ਮੈਂ ਉਸ ਨੂੰ ਇੱਕ ਚਿੱਠੀ ਲਿਖੀ ਸੀ ਜਿਸ ਦਾ ਭਾਵ ਇਹ ਸੀ : ਸਮਾਜ ਵਿਚ ਜੋ ਕੁਛ ਵਾਪਰ ਰਿਹਾ ਹੈ ਉਸ ਨੂੰ ਸ਼ੀਸ਼ੇ ਦੀ ਤਸਵੀਰ ਵਾਂਗ ਹੂ-ਬਹੂ, ਇਨਬਿਨ ਪੇਸ਼ ਕਰ ਦੇਣਾ ਸਾਹਿਤਕਾਰੀ ਨਹੀਂ, ਉਸ ਵਿਚ ਸਾਹਿਤਕਾਰ ਦੀ ਕੁਛ ਆਪਣੀ ਦੇਣ ਵੀ ਹੁੰਦੀ ਹੈ। ਏਹੋ ਦੇਣ 'ਏਹੁ ਹਮਾਰਾ ਜੀਵਣਾ' ਵਿਚੋਂ ਨਹੀਂ ਲੱਭਦੀ!

ਹੁਣ ਮੈਂ ਟਿਵਾਣਾ ਸਾਹਿਬ ਦੀ 'ਪੀਲੇ ਪੱਤਿਆਂ ਦੀ ਦਾਸਤਾਨ' ਪੜ੍ਹੀ ਹੈ, ਇੱਕ ਵਾਰ ਨਹੀਂ, ਦੋ ਵਾਰ ਅਤੇ ਬੜਾ ਇਕਾਗਰ ਚਿੱਤ ਹੋ ਕੇ! ਮੈਨੂੰ ਇਸ ਨਾਵਲ ਵਿਚ ਉਹ ਅੱਜ ਵੀ ਓਥੇ ਹੀ ਖਲੋਤੀ ਨਜ਼ਰ ਆਈ ਹੈ, ਜਿਥੇ 'ਏਹੁ ਹਮਾਰਾ ਜੀਵਣਾ' ਵੇਲੇ ਸੀ—ਫਰਕ ਇਹ ਪਿਆ ਹੈ ਕਿ ਉਸ ਦੇ ਬਿਆਨ ਕਰਨ ਦੇ ਢੰਗ ਵਿਚ ਬਿਹਤਰੀ ਆਈ ਹੈ। ਇਸ ਨਵੇਂ ਨਾਵਲ ਵਿਚ ਉਸ ਨੇ ਵਰਤਮਾਨ ਬੁਰਯੂਆ ਸਮਾਜ ਦੇ ਘਿਨਾਉਣੇ ਲਿੰਗ ਸਬੰਧਾਂ ਦਾ ਹੀ [illegible] ਸ਼ੀਸ਼ਾ ਸਾਨੂੰ ਵਿਖਾਇਆ ਹੈ!

ਮੈਂ ਆਪਣੀ ਵਲੋਂ ਪੂਰਾ ਜਤਨ ਕੀਤਾ ਹੈ ਕਿ ਇਸ ਨਾਵਲ ਦੀ ਸਮੁੱਚੀ ਵੱਥ (Content) ਅਤੇ ਰੂਹ ਨੂੰ ਫੜ ਸਮਝ ਸਕਾਂ, ਇਸ ਦੇ ਪਾਤਰਾਂ ਦੇ ਚਲਨ ਤੇ ਕਿਰਦਾਰ ਦੀ ਤੁੱਲਵੀਂ ਜੋਖ ਪਰਖ ਕਰ ਸਕਾਂ ਅਤੇ ਜਾਣ ਸਕਾਂ ਕਿ ਨਾਵਲਕਾਰ ਸਾਹਿਬਾ ਸਾਡੇ ਸਾਮ੍ਹਣੇ ਕੀ ਕੀ ਪਰੋਸ ਕੇ ਰੱਖ ਰਹੇ ਹਨ। ਇਹ ਮੈਂ ਇਸ ਪੜਚੋਲ ਦੇ ਪਾਠਕਾਂ ਉਤੇ ਛਡਦਾ ਹਾਂ ਕਿ ਇਸ ਛਾਣ-ਬੀਨ ਵਿਚ ਮੈਂ ਕਿੰਨਾ ਕੁ ਸਰਲ ਹੋਇਆ ਹਾਂ।

ਨਾਵਲ ਦੇ ਮੁਖ-ਤਮ ਪਾਤਰ ਦੋ ਹਨ : ਇਕ, ਪੀ. ਸੀ. ਐਸ ਅਫਸਰ ਭਗੀਰਥ ਅਤੇ ਦੂਜਾ, ਉਸ ਦੀ ਦਸਵੀਂ ਪਾਸ ਸ਼ਿਰੀ ਮਤੀ ਊਸ਼ਾ। ਨਾਵਲ ਦੀ ਕਹਾਣੀ ਅਸਲ ਵਿਚ ਇਹਨਾਂ ਦੋਹਾਂ ਪਾਤਰਾਂ ਦੁਆਲੇ ਹੀ ਘੁੰਮਦੀ ਹੈ। ਭਗੀਰਥ ਟੀ. ਬੀ. ਦਾ ਬਿਮਾਰ ਹੈ ਉਹਨੂੰ ਏਹੋ ਜਿਹੀ ਪਤਨੀ ਚਾਹੀਦੀ ਸੀ, ਜਿਹੜੀ ਸੋਹਣੀ ਵੀ ਹੋਵੇ ਤੇ ਉਸ ਦੀ ਤਨ ਮਨ ਲਾ ਕੇ ਸੇਵਾ ਕਰੇ! ਇਸ ਸੇਵਾ ਲਈ ਉਸ ਨੇ ਊਸ਼ਾ ਨੂੰ ਚੁਣਿਆ।

ਊਸ਼ਾ ਪੁਰਾਤਨ ਖਿਆਲਾਂ ਦੀ ਹਿੰਦੂ ਤੀਵੀਂ ਹੈ: ਪਤੀ

ਨੂੰ ਪਰਮੇਸ਼ਰ ਮੰਨਦੀ ਹੈ। ਉਹਦੀ ਅਰੋਗਤਾ ਲਈ ਸਾਧਾਂ ਸੰਤਾਂ ਮੰਦਰਾਂ ਮੂਰਤੀਆਂ ਨੂੰ ਪੂਜਦੀ ਹੈ। ਉਹ ਵਹਿਮਾਂ ਭਰਮਾਂ ਦੇ ਗਏ-ਗੁਜਰੇ ਜ਼ਮਾਨੇ ਦੀ ਵਸਨੀਕ ਹੈ। ਨਵੇਂ ਜ਼ਮਾਨੇ ਦੇ ਖਿਆਲਾਂ ਨਾਲ ਉਹਦਾ ਕੋਈ ਵਾਸਤਾ ਨਹੀਂ। ਪਤੀ ਦੀ ਸੇਵਾ ਕਰਦੀ ਕਰਦੀ ਖੁਦ ਟੀ. ਬੀ. ਦਾ ਸ਼ਿਕਾਰ ਹੋ ਜਾਂਦੀ ਹੈ। ਖੁਦ ਭਗੀਰਥ ਉੱਤੇ ਆਪਣੀ ਬਿਮਾਰੀ ਦਾ ਇਹ ਅਸਰ ਪਿਆ ਹੈ ਕਿ ਉਸ ਦਾ ਮਾਨਸਕ ਸੰਤੁਲਨ ਸਾਂਵਾਂ ਨਹੀਂ ਰਿਹਾ।

ਇਹਨਾਂ ਦੋਹਾਂ ਦੇ ਵਿਚਾਰ ਕਿਸੇ ਇੱਕ ਨੁਕ ਦੇ ਨਹੀਂ ਹਨ। ਪ੍ਰੇਮ ਪਿਆਰ ਵੀ ਚਲਦਾ ਹੈ ਅਤੇ ਮਾੜਾ ਮੋਟਾ ਇੱਟ-ਖੜੱਕਾ ਵੀ। ਭਗੀਰਥ ਬੜਾ ਔਖਾ ਹੁੰਦਾ ਹੈ ਜਦੋਂ ਊਸ਼ਾ ਉਸ ਦੇ ਪਹਿਲੇ ਪਿਆਰ ਦੀ ਪ੍ਰੇਮਿਕਾ ਆਸ਼ਾ ਦੀ ਗੱਲ ਕਰਦੀ ਹੈ। ਉਹ ਉਹਨੂੰ ਅਨਪੜ ਤੇ ਗਰੀਬ ਘਰ ਹੋਣ ਦਾ ਮਿਹਣਾ ਮਾਰਦਾ ਹੈ ਜਿਸ ਤੇ ਉਹ ਢੇਰ ਸੀਖਪੌ ਹੁੰਦੀ ਹੈ। ਇਸਤਰੀ ਜਾਤੀ ਬਾਰੇ ਭਗੀਰਥ ਦੇ ਵਿਚਾਰ ਬੜੇ ਰੋਗੀ ਤੇ ਅਜੁੱਖਵੇਂ ਹਨ—ਮੁੜੀ ਜਿਹਾ ਬੰਦਾ ਹੈ—ਅਨਾਰਕਿਸਟ ਵਿਚਾਰਾਂ ਦਾ। ਉਹ ਇਸਤਰੀ-ਬਰਤ ਮਰਦ ਨਹੀਂ। ਉਹ ਸਾਡੇ ਪੁਰਾਣੇ ਸੁਯਰੇ ਦਾ ਭਰਾ-ਭਾਈ ਹੈ: ਖਾਓ, ਪੀਓ ਤੇ...ਬਸ ਤਿੰਨੇ ਗੱਲਾਂ ਜ਼ਿੰਦਗੀ ਦਾ ਤੱਥ! ਊਸ਼ਾ ਪਤੀ-ਬਰਤ ਇਸਤਰੀ ਹੈ-ਉਹ ਸੁਪਨੇ ਵਿਚ ਵੀ ਕਦੇ ਦੂਜੇ ਮਰਦ ਦਾ ਮੂੰਹ ਨਹੀਂ ਵੇਖਦੀ!

ਊਸ਼ਾ ਨੂੰ ਗੰਭੀਰ ਦੋ ਸੰਕਟਾਂ ਦਾ ਸਾਮ੍ਹਣਾ ਕਰਨਾ ਪਿਆ। ਪਹਿਲਾ ਸੰਕਟ ਉਹਦੇ ਸਿਰ ਉੱਤੇ ਓਦੋਂ ਟੁੱਟ ਪਿਆ ਜਦੋਂ ਭਗੀਰਥ ਨੇ ਉਹਦੇ ਸਾਮ੍ਹਣੇ ਇਕ ਕਾਗਜ਼ ਰੱਖ ਦਿਤਾ ਜਿਸ ਉਤੇ ਲਿਖਿਆ ਸੀ ਕਿ ਊਸ਼ਾ ਬੱਚਾ ਨਾ ਹੋਣ ਕਰਕੇ ਆਪਣੇ ਪਤੀ ਨੂੰ ਦੂਜਾ ਵਿਆਹ ਕਰਾ ਲੈਣ ਲਈ ਰਜ਼ਾਮੰਦ ਹੈ। ਊਸ਼ਾ ਨੇ ਪਹਿਲੋਂ ਤਾਂ ਕਾਗਜ਼ ਉਤੇ ਦਸਖਤ ਕਰ ਦਿਤੇ, ਫੇਰ ਝੇਕਾਏਕੀ ਕਾਗਜ਼ ਖੋਹ ਕੇ ਲੀਰੂੰ ਲੀਰੂੰ ਕਰਕੇ ਪਰ੍ਹਾਂ ਵਗਾਹ ਮਾਰਿਆ। ਕਿਉਂਕਿ ਕਾਗਜ਼ ਉਤੇ ਝੂਠ ਲਿਖਿਆ ਸੀ ਕਿ ਉਹਦੇ ਕੋਈ ਬੱਚਾ ਨਹੀਂ ਹੋਇਆ—ਉਹਦੀ ਕੁੱਖ ਵਿਚ ਤਾਂ ਦੋ ਬੱਚੇ ਪਏ ਸਨ, ਜਿਹੜੇ ਭਗੀਰਥ ਨੇ ਗਿਰਵਾ ਦਿਤੇ ਸਨ। ਊਸ਼ਾ ਸੱਚ ਤੇ ਖੜੀ ਸੀ। ਉਹ ਬਾਂਝ ਨਹੀਂ ਸੀ।

ਪਰ ਭਗੀਰਥ ਦੇ ਗੁੱਸੇ ਦਾ ਪਾਰਾ ਸਭ ਟੀਚੇ ਪਾਰ ਕਰ ਗਿਆ: "ਕੁਤੀ, ਹਰਾਮਜ਼ਾਦੀ" ਦੀਆਂ ਗਾਲ੍ਹਾਂ ਕੱਢ ਕੇ ਉਸ ਨੇ ਆਪਣੀ ਪਤਨੀ ਨੂੰ ਧੱਕੇ ਮਾਰ ਕੇ ਇਹ ਕਹਿ ਕੇ ਘਰੋਂ ਕੱਢ ਦਿੱਤਾ। ਮੈਂ ਅਦਾਲਤ ਵਿਚ ਤੇਰੇ ਉਤੇ ਬਦਚਲਨੀ ਦਾ ਕੇਸ ਬਣਾ ਕੇ ਤੇਰੀ ਤੇ ਤੇਰੇ ਪਿਉ ਦੀ ਇੱਜ਼ਤ ਮਿੱਟੀ ਵਿਚ ਮਿਲਾ ਦਿਆਂਗਾ। ਊਸ਼ਾ ਨੇ ਬੜੇ ਠਰੰਮੇ ਨਾਲ ਜਵਾਬ ਦਿਤਾ ਸੀ: ਵੇਖ ਲਵਾਂਗੀ, ਭਗੀਰਥ ਬਾਬੂ ਆਪਣੀ ਪਤਨੀ ਨੂੰ ਬਦਚਲਨ ਕਿਵੇਂ ਸਾਬਤ ਕਰਦਾ ਏ! ਉਸ ਨੂੰ ਸਾਰੀ ਰਾਤ ਘਰ ਦੇ ਪਿਛਲੇ ਬਾਗ ਦੇ ਇਕ ਰੁੱਖ ਦੇ ਮੁਢ ਨਾਲ ਬਹਿ ਕੇ ਕਟਣੀ ਪਈ ਅਤੇ ਬੜੇ ਨਾਟਕੀ ਢੰਗ ਨਾਲ ਉਹਦਾ ਭਰਾ ਉਹਨੂੰ ਘਰ ਲੈ ਗਿਆ ਅਤੇ ਉਸ ਨੇ ਟਬਰ ਦੀ ਸਲਾਹ ਨਾਲ ਮੁੜ ਵਿਦਿਆ ਹਾਸਲ ਕਰਨ ਦਾ ਮਨ ਬਣਾ ਲਿਆ ਅਤੇ ਲਗਨ ਨਾਲ ਪੜ੍ਹਾਈ ਸ਼ੁਰੂ ਕਰ ਦਿਤੀ। ਇਕ ਇਸਤਰੀ ਵਾਸਤੇ ਇਹ ਸੰਕਟ ਬੜਾ ਭਿਆਨਕ ਸੀ, ਪਰ ਊਸ਼ਾ ਨੇ ਪੜ੍ਹਾਈ ਵਿਚ ਪੂਰਾ ਮਨ ਲਾ ਕੇ ਇਸ ਤੇ ਕਾਬੂ ਪਾ ਲਿਆ। ਭਗੀਰਥ ਊਸ਼ਾ ਨੂੰ ਲੈਣ ਲਈ ਜਾਂਦਾ ਰਿਹਾ। ਪਰ ਉਹ ਪੜ੍ਹਦੀ ਰਹੀ। ਬੀ. ਏ. ਪਾਸ ਕਰ ਗਈ, ਉਹਦੇ ਨਾਲ ਨਹੀਂ ਗਈ, ਉਸ ਤੋਂ ਛੁਟਕਾਰਾ ਹਾਸਲ ਕਰਨ ਲਈ, ਘਰਦਿਆਂ ਦੇ ਮਸ਼ਵਰੇ ਨਾਲ ਉਹ ਦਿਲੀ ਦੇ ਕਿਸੇ ਕਾਲਜ ਵਿਚ ਐਮ. ਏ. ਵਿਚ ਆ ਦਾਖਲ ਹੋਈ!

ਦਿਲੀ ਦੇ ਕਾਲਜ ਹੋਸਟਲ ਵਿਚ ਲਿੰਗ ਅਨਾਰਕੀ ਹੋਸ਼ ਗੁਆ ਦੇਣ ਵਾਲੀ ਸੀ। ਪਰ ਊਸ਼ਾ ਨੇ ਆਪਦੀ ਹੋਸ਼ ਕਾਇਮ ਰਖੀ—ਉਹ ਉਹਨਾਂ ਲੜਕੀਆਂ ਦੇ ਰਾਹ ਨਹੀਂ ਪਈ। ਕੁੜੀਆਂ ਉਸ ਨੂੰ 'ਪੇਂਡੂ', 'ਸਾਧਾਰਨ ਅਕਲ ਵਾਲੀ', 'ਕਿਤਾਬੀ ਕੀੜਾ' ਤੇ ਆਬਨਾਰਮਲ (abnormal) ਕਹਿ ਕਹਿ ਭੰਡਿਆ ਤੇ ਛਟਿਆ; ਉਹਨਾਂ ਦੇ ਫੈਸ਼ਨ, ਸ਼ਿੰਗਾਰ, ਨਿਤ ਨਵੇਂ ਖੁਸ਼ਬੂਦਾਰ ਤੇਲ ਤੇ ਚਕਮਕ ਚਕਮਕ ਕਰਦੇ ਕਪੜੇ ਉਹਨੂੰ ਭਰਮਾ ਨਾ ਸਕੇ। ਉਹ ਉਹਨਾਂ ਦੀਆਂ ਪਾਰਟੀਆਂ ਵਿਚ ਜਾਣੋ ਇਨਕਾਰ ਕਰਦੀ ਰਹੀ। ਉਸ ਨੇ ਆਪਣੀ ਚਿੱਟੀ ਚਾਦਰ ਨੂੰ ਦਾਗ ਨਹੀਂ ਲੱਗਣ ਦਿਤਾ। ਉਹ ਆਪਣੀ ਪੜ੍ਹਾਈ ਵਿਚ ਰੁਚਿਤ ਰਹੀ, ਵੱਡੀਆਂ ਦੁਕਾਨਾਂ ਤੋਂ ਨਵੀਆਂ ਪੁਸਤਕਾਂ ਖਰੀਦ ਖਰੀਦ ਪੜ੍ਹਦੀ ਰਹੀ। ਉਸ ਨੇ ਐਮ. ਏ. ਵਿੱਚ ਫਸਟ ਨਿਕਲਨ ਦਾ ਨਿਸ਼ਾਨਾ ਬਣਾ ਲਿਆ। ਇਹ ਸੀ ਦਿੱਲੀ ਕਾਲਜ ਦੀ ਐਮ. ਏ. ਦੀ ਵਿਦਿਆਰਥਨ ਊਸ਼ਾ!—ਜਿਵੇਂ ਸਾਡੀ ਨਾਵਲਕਾਰ ਸਾਹਿਬਾਂ ਨੇ ਉਸ ਦਾ ਚਲਨ ਚਿੱਤਰਿਆ ਹੈ!

ਪੀਟਰ ਦੀਆਂ ਢੇਰ ਚਿਰਾਂ ਤੋਂ ਊਸ਼ਾ ਉਤੇ ਅੱਖਾਂ ਸਨ। ਉਸ ਨੇ ਆਪਣੀ ਯਾਰ ਲਵਲੀ ਨਾਲ ਗੋਂਦ ਗੁੰਦੀ। ਨਾਲ ਰਮਾ ਤੇ ਰੀਟਾ ਨੂੰ ਰਲਾਇਆ ਅਤੇ ਖਿੱਚ ਧੂਹ ਕੇ ਊਸ਼ਾ ਨੂੰ ਇਕ ਨਵੀਂ-ਲੱਗੀ ਪਿਕਚਰ ਦੇ ਵਿਖਾਲਣ ਲਈ ਰਜ਼ਾਮੰਦ ਕਰ ਲਿਆ। ਪਿਕਚਰ ਵੇਖ ਕੇ ਪੀਟਰ ਨੇ ਲਵਲੀ ਨੇ ਰਮਾ ਤੇ ਰੀਟਾ ਨੂੰ ਕਾਰ ਵਿਚ ਥਾਉਂ ਥਾਂਈ ਪਹੁੰਚਾ ਦਿਤਾ ਅਤੇ ਲਵਲੀ ਤੇ ਊਸ਼ਾ ਨੂੰ ਮੋਤੀ ਮਹਲ ਹੋਟਲ ਸਾਮ੍ਹਣੇ ਲੈ ਆਇਆ: ਚਿਕਨ ਖਾ ਕੇ ਚਲਦੇ ਹਾਂ! ਊਸ਼ਾ ਤਾਂ ਮਾਸ ਦੇ ਲਾਗੇ ਨਹੀਂ ਸੀ ਜਾਂਦੀ! ਉਹਦੇ ਲਈ ਕੋਕਾ ਕੋਲੇ ਦੀ ਖੁਲ੍ਹੀ-ਹੋਈ ਬੋਤਲ ਲੈ ਆਇਆ ਜਿਸ ਦੇ ਪੀਂਦਿਆਂ ਹੀ ਉਹ ਬੇਹੋਸ਼ ਹੋ ਗਈ। ਇਸ ਬੇਹੋਸ਼ੀ ਦੀ ਹਾਲਤ ਵਿਚ ਹਰਾਮੀ ਪੀਟਰ ਨੇ ਉਹਦੀ ਪਤ ਲੁੱਟ ਲਈ।

ਇਹ ਸੀ ਦੂਜਾ ਭਿਆਨਕ ਸੰਕਟ ਜਿਹੜਾ ਊਸ਼ਾ ਤੇ ਝੁੱਲਿਆ ! ਊਸ਼ਾ ਇਕ ਸਾਜ਼ਸ਼ ਦਾ ਸ਼ਿਕਾਰ ਹੋਈ । ਉਹ ਬਿਲਕੁਲ ਬੇ-ਗੁਨਾਹ ਸੀ !

ਪਾਠਕ ਸੋਚਦਾ ਹੋਵੇਗਾ ਕਿ ਇਹ ਨਾਵਲ ਦੀ ਆਲੋਚਨਾ ਤਾਂ ਨਹੀਂ । ਇਹ ਤਾਂ ਆਪਣੀ ਵਾਰਤਕ ਵਿਚ ਜੋਸ਼ ਨਾਵਲ ਨੂੰ ਹੀ ਬਿਆਨ ਕੀਤੀ ਜਾ ਰਿਹਾ ਹੈ ! ਪਾਠਕ ਨੇ ਠੀਕ ਸੋਚਿਆ ਹੈ । ਮੈਂ ਹੁਣ ਤਕ ਇਹੋ ਕੁਛ ਹੀ ਕੀਤਾ ਹੈ ।

ਵਾਰਤਕ ਮੇਰੀ ਹੈ ਇਹ ਠੀਕ ! ਪਰ ਇਹ ਵਾਰਤਕ ਨਾਵਲ ਦੀਆਂ ਘਟਨਾਵਾਂ ਤੋਂ ਇਸ ਦੇ ਪਾਤਰਾਂ ਦੇ ਵਾਰਤਾਲਾਪ ਤੋਂ ਏਧਰ ਓਧਰ ਨਹੀਂ ਹੋਈ । ਇਸ ਨੇ ਤੁਹਾਡੇ ਸਾਹਮਣੇ ਨਾਵਲ ਦੀ ਤਸਵੀਰ ਰੱਖ ਦਿਤੀ ਹੈ ! ਇਹ ਤਰੀਕਾ ਮੈਂ ਤੁਹਾਡੇ ਮੋਹਰੇ ਇਕ ਸਵਾਲ ਰੱਖਣ ਲਈ ਅਖਤਿਆਰ ਕੀਤਾ ਹੈ । ਸਵਾਲ ਇਹ ਹੈ !

ਕੀ ਊਸ਼ਾ ਨੂੰ ਹੁਣ ਤੋਂ ਅੱਗੇ, ਆਪਣਾ ਪਹਿਲੇ ਵਾਲਾ ਪਾਕਦਾਮਨੀ ਦਾ ਜੀਵਨ ਹੀ ਜੀਏ ਜਾਣਾ ਚਾਹੀਦਾ ਹੈ ਜਾਂ ਦੂਜੇ ਭਿਆਨਕ ਸੰਕਟ ਪਿਛੋਂ, ਉਸ ਨੂੰ ਦੁਰਾਚਾਰ ਦਾ ਰਾਹ ਅਪਨਾ ਲੈਣਾ ਚਾਹੀਦਾ ਹੈ ?

ਦੂਜੇ ਸੰਕਟ ਪਿਛੋਂ ਊਸ਼ਾ ਬੜੀ ਘਬਰਾਈ ਹੋਈ ਹੈ ! ਉਹ ਸੋਚਦੀ ਹੈ, ਇਹ ਸਭ ਕੁੱਛ ਕਿਵੇਂ ਹੋ ਗਿਆ ! ਮੈਂ ਆਪਣੀ ਮਾਂ ਨੂੰ ਮੂੰਹ ਕਿਵੇਂ ਵਿਖਾਵਾਂਗੀ । ਲਵਲੀ ਥਾਂ ਥਾਂ ਮੇਰੀ ਮਿੱਟੀ ਬਾਲ ਦੇਵੇਗੀ ! ਸਾਰੇ ਕਾਲਜ ਵਿਚ ਮੇਰੀ ਬਦਚਲਨੀ ਦੀ ਚਰਚਾ ਹੋਵੇਗੀ—ਇਹ ਕੀ ਕਹਿਰ ਟੁੱਟ ਪਿਆ ਮੇਰੇ ਉਤੇ !

ਤੁਹਾਡੀ ਵਿਚਾਰ ਆਸ ਦੇ ਇਹ ਉਲਟ ਹੋਵੇ ਜਾਂ ਮੁਤਾਬਿਕ, ਨਾਵਲਕਾਰ ਨੇ ਊਸ਼ਾ ਨੂੰ ਗੰਦੀ ਤੋਂ ਗੰਦੀ ਵਿਭਚਾਰਨ ਬਣਾ ਕੇ ਰੱਖ ਦਿਤਾ ਹੈ, ਉਸ ਦੇ ਸਾਰੇ "ਪਿਛਲੇ" ਪਾਕ ਜੀਵਨ ਦਾ ਕੋਈ ਮੁੱਲ ਨਹੀਂ ਪਾਇਆ । ਉਸ ਨੂੰ ਉਸ ਵੇਸਵਾ ਦੇ ਬਰਾਬਰ ਬਣਾ ਦਿਤਾ ਹੈ, ਜਿਹੜੀ ਪੜ੍ਹਾਈ ਵਿਚੇ ਛਡ ਚੁਕੀ ਹੈ, ਆਪਣਾ ਸਰੀਰ ਵੇਚਣ ਲਈ ਗਾਹਕ ਢੂੰਡਦੀ ਫਿਰਦੀ ਹੈ, ਸ਼ਰਾਬ ਤੇ ਸਿਗਰਟ ਪੀਂਦੀ ਹੈ ਅਤੇ ਸਾਰੇ ਗੁਨਾਹ ਕਰਦੀ ਫਿਰਦੀ ਹੈ, ਜਿਵੇਂ ਉਸ ਦੀ ਆਤਮਾ, ਸ਼ਰਮ ਹਯਾ ਸਭ ਮਰ ਚੁਕੀਆਂ ਹਨ !

ਮੇਰੀ ਜੋਖ ਪਰਖ ਤੋਂ ਵਿਚਾਰ ਮੁਤਾਬਿਕ ਅਤੇ ਨਾਵਲਕਾਰ ਵਲੋਂ ਊਸ਼ਾ ਦੇ ਬਾਰੇ ਪ੍ਰਗਟਾਏ ਵਿਚਾਰਾਂ ਮੁਤਾਬਿਕ ਊਸ਼ਾ ਬੱਦੀ ਦਾ ਰਾਹ ਕਦਾਚਿਤ ਨਹੀਂ ਅਖਤਿਆਰ ਕਰ ਸਕਦੀ ! ਨਾਵਲਕਾਰ ਨੇ ਇਹ ਰਾਹ, ਬਦੋ-ਬਦੀ ਉਸ ਤੇ ਠੋਸ ਦਿਤਾ ਹੈ ! ਤੁਸੀਂ ਹੀ ਦਸੋ !

ਜਿਹੜੀ ਊਸ਼ਾ 'ਸੋਨਾ-ਵੰਨੀ ਕਣਕ' ਬਣਨ ਦੇ ਜਤਨਾਂ ਵਿਚ ਰੁਝੀ ਹੋਈ ਹੈ, ਉਹ ਕਦੇ ਕਾਂਗਿਆਰੀ ਬਣਨਾ ਲੋਚ ਸਕਦੀ ਹੈ ? ਦਿਲ ਦਿਮਾਗ ਤੇ ਮਰਜ਼ੀ ਰਖਣ ਵਾਲੀ ਊਸ਼ਾ ਕਿਸੇ ਦਾ ਪਰਛਾਵਾਂ ਬਣਨ ਬਾਰੇ ਕਦੇ ਸੋਚ ਸਕਦੀ ਹੈ ? ਪਤੀ ਨੂੰ ਪਰਮੇਸ਼ਰ ਸਮਝਣ ਵਾਲੀ ਊਸ਼ਾ ਜਿਹੜੀ ਜੁਰਅਤ ਕਰਕੇ ਪਤੀ ਦੇ ਮੂੰਹ ਉਤੇ ਮਾਰ ਸਕਦੀ ਹੈ ! ਵੇਖਾਂਗੇ ਤੁਸੀਂ ਅਦਾਲਤ ਵਿਚ ਆਪਣੀ ਪਤਨੀ ਨੂੰ ਕਿਵੇਂ ਬਦ-ਚਲਨ ਸਾਬਤ ਕਰਦੇ ਹੋ ?—ਕਦੇ ਬਦ-ਚਲਨੀ ਦੇ ਰਾਹ ਉਤੇ ਪੈਰ ਰਖ ਸਕਦੀ ਹੈ ! ਆਪਣੀ ਭਰਜਾਈ ਜਗਜੀਤ ਨੂੰ ਲਿਖਣ ਵਾਲੀ ਊਸ਼ਾ ਕਿ ਹੁਣ ਸਭੇ ਰਾਹ ਆਪਣੇ ਘਰ ਵੱਲ ਨੂੰ ਹੀ ਆਉਂਦੇ ਹਨ, ਆਪਣੀ ਮਾਂ ਤੇ ਭਰਜਾਈ ਨੂੰ ਦੁਰਕਾਰ ਕੇ ਆਪਣੀ ਫਲੈਟ ਵਿਚੋਂ ਕਢ ਸਕਦੀ ਹੈ ? ਅਤੇ ਮੂੰਹ ਪਾੜ ਕੇ ਕਹਿ ਸਕਦੀ ਹੈ ? ਤੁਸੀਂ ਮੇਰੇ ਕੁਛ ਨਹੀਂ ਲਗਦੇ । ਏਥੋਂ ਨਿਕਲ ਜਾਓ !

ਕਿਸੇ ਤਰਕ, ਕਿਸੇ ਦਲੀਲ ਨੂੰ ਵੀ ਸਾਹਮਣੇ ਰਖ ਕੇ ਅਤੇ ਨਾਵਲਕਾਰ ਦੇ ਊਸ਼ਾ ਬਾਰੇ ਆਪਣੇ ਚਿੱਤਰਿਤ ਕੀਤੇ ਵਾਰਤਾਲਾਪ ਨੂੰ ਜਾਚ ਤੋਲ ਕੇ ਵੇਖੀਏ ਤਾਂ ਊਸ਼ਾ ਦਾ ਬਦਕਾਰੀ ਦੇ ਰਾਹ ਉਤੇ ਪੈਣਾ ਕਦਾਚਿਤ ਸੰਭਵ ਨਹੀਂ ਜਾਪਦਾ । ਨਾਵਲਕਾਰ ਦੇ ਆਪਣੇ ਮਨ ਦਾ ਘਚੋਲਾ ਜਾਪਦਾ ਹੈ ।

ਦਿਮਾਗੀ ਘਚੋਲਾ ਤੇ ਕਚਘਰੜ ਵਿਚਾਰ ਕਚਘਰੜ ਨਾਵਲਾਂ ਨੂੰ ਹੀ ਜਨਮ ਦੇ ਸਕਦੇ ਹਨ ! ਇਹ ਹਾਲਤ ਇਕ ਦੋਂਹ ਨਾਵਲਕਾਰਾਂ ਦੀ ਨਹੀਂ, ਢੇਰ ਸਾਰਿਆਂ ਦੀ ਹੈ ! ਆਮ ਨਾਵਲਾਂ ਦੀ ਪੱਧਰ ਲੋੜੀਂਦੀ ਪੱਧਰ ਤਕ ਹਾਲਾਂ ਨਹੀਂ ਉਠੀ ! ਜਦ ਤਕ ਪੜਚੋਲ ਵਿਚ ਲਿਹਾਜ਼ਦਾਰੀ ਹੈ, ਇਹ ਨਹੀਂ ਉਠ ਸਕਦੀ । ਅਸੀਂ ਅੱਜ ਭਾਈ ਵੀਰ ਸਿੰਘ ਜਾਂ ਨਾਨਕ ਸਿੰਘ ਦੇ ਯੁੱਗ ਵਿਚ ਨਹੀਂ ਰਹਿ ਰਹੇ—ਬਹੁਤ ਅੱਗੇ ਨਿਕਲ ਆਏ ਹਾਂ !

ਇਹ ਕਚਘਰੜ ਨਾਵਲਕਾਰ ਨਾਵਲ ਦੀ ਕਿਸ਼ਤੀ ਨੂੰ ਡੂੰਘੇ ਪਾਣੀਆਂ ਵਿਚ ਠੇਲ੍ਹ ਦਿੰਦੇ ਹਨ–ਕੋਈ ਨਿਸ਼ਾਨਾ ? —ਕੋਈ ਨਹੀਂ । ਕੋਈ ਵਿਓਂਤਬੰਦੀ ?—ਕੋਈ ਨਹੀਂ । ਕੋਈ ਸੇਧ ?—ਦਿਸ਼ਾ ?—ਕੋਈ ਨਹੀਂ । ਕੋਈ ਅਗੋਕੜ (Perspective) ? ਕੋਈ ਨਹੀਂ ! ਕੋਈ ਕਿਨਾਰਾ ?—ਬਸ, ਜਿਥੇ ਜਾ ਲੱਗੀ ਓਹੋ ਕਿਨਾਰਾ !!

ਇਸ ਨਾਵਲ ਦੀ ਊਸ਼ਾ ਇਕ ਵੀਰਾਂਗਣਾ ਬਣ ਕੇ ਉਭਰ ਸਕਦੀ ਸੀ ਜਿਹੜੀ ਵਿਦਿਆ ਵਿਚ ਫੈਲੀ ਹੋਈ ਬਦਕਾਰੀ ਦੇ ਵਿਰੁਧ ਲੜਨ ਲਈ ਆਪਣੀ ਉਮਰ ਦਾ ਬਾਕੀ ਦਾ ਹਿੱਸਾ ਸਮਰਪਤ ਕਰਦੀ—ਜਿਹੜੀ ਔਰਤ ਜਾਤੀ ਉਤੇ ਹੋ—ਰਹੇ ਅਤਿਆਚਾਰ, ਨਾ-ਬਰਾਬਰੀ ਤੇ ਬੇ-ਇਨਸਾਫੀਆਂ ਦੇ ਵਿਰੁਧ ਸੰਘਰਸ਼ ਕਰਨ ਲਈ ਬਚਨ ਬੱਧ ਹੁੰਦੀ ਅਤੇ ਪਤੀ ਪਤਨੀ ਦੇ ਸਾਂਵੇਂ ਹਕਾਂ ਲਈ, ਵਿਆਹ ਵਿਚ ਦਾਜ ਵਗੈਰਾ ਦੀ ਲਾਅਨਤ ਨੂੰ ਖਤਮ ਕਰਨ ਲਈ ਲੜਦੀ, ਲੋਕਾਂ ਨੂੰ, ਇਸਤਰੀਆਂ ਨੂੰ ਲਾਮਬੰਦ ਕਰਦੀ ਅਤੇ ਇਕ ਜ਼ਬਰਦਸਤ ਤਹਿਰੀਕ

ਪੈਦਾ ਕਰ ਦੇਂਦੀ ! —ਦੇਸ਼ ਨੂੰ ਅੱਗੇ ਖੜਨ ਲਈ ਇਕ ਨਵੀਂ ਚੇਤਨਾ, ਨਵੀਂ ਜਾਗਰਤ ?

ਨਾਵਲਕਾਰ ਸਾਹਿਬ ਖੁਦ ਊਸ਼ਾ ਨੂੰ ਵੀਰਾਂਗਣ ਬਨਾਣ ਦੇ ਸੰਕੇਤ ਦੇ ਰਹੀ ਸੀ ? ਪੰਨਾ 150 ਉਤੇ ਲਿਖਦੀ ਹੈ ?

"ਪਰ ਭਗੀਰਥ ਉਹਦੇ ਨਾਲ ਕਿਉਂ ਔਖਾ ਹੈ ? ਉਸ ਨੇ ਆਪਣੀ ਹੋਂਦ ਮਿੱਟੀ ਕਰ ਲਈ ਸੀ । ਫਿਰ ਵੀ ਉਹ ਉਹਨੂੰ ਨਹੀਂ ਸੀ ਜਰਦਾ । ਉਹ ਕੀ ਚਾਹੁੰਦਾ ਸੀ ! ਮੇਰੇ ਨਾਲ ਇਉਂ ਵਰਤਣ ਦਾ ਉਹਨੂੰ ਕੀਹਨੇ ਅਧਿਕਾਰ ਦਿੱਤਾ ਏ । ਜੇ ਉਹ ਪਤੀ ਪਰਮੇਸ਼ਰ ਐ ਤਾਂ ਮੈਂ ਕੌਣ ਆਂ ? ..."

ਇਸ ਤਰ੍ਹਾਂ ਦੇ ਸੋਚਣ ਵਾਲੀ ਊਸ਼ਾ ਕਦੇ ਵੀ ਵਿਭਚਾਰ ਦਾ ਰਾਹ ਨਹੀਂ ਅਪਣਾ ਸਕਦੀ ਜਿਹੜਾ ਨਾਵਲਕਾਰ ਨੇ ਉਸ ਦੇ ਸਿਰ ਮੜ ਦਿਤਾ ਹੈ ! ਇਹ ਅਸਲ ਵਿਚ ਨਾਵਲਕਾਰ ਦੇ ਸਾਹਿਤਕ ਦੀਵਾਲੀਅਪਨ ਦਾ ਇਜ਼ਹਾਰ ਹੈ—ਉਸ ਦੀ ਤੰਗ-ਦਿਲੀ ਤੇ ਤੰਗ ਨਜ਼ਰੀ ਦਾ ਇਜ਼ਹਾਰ ! ਜਿਸ ਨੇ ਭਗੀਰਥ ਵਾਂਗ ਉਸ ਨੂੰ ਵੀ 'ਹਰਜਾਈ' ਬਣਾ ਦਿਤਾ ਹੈ । ਅਤੇ ਨਾਵਲ ਦਾ ਸਮੁਚਾ ਪੈਗਾਮ ਹੈ ਸੁੱਥਰੇ ਵਾਲਾ ! ਤਿੰਨੇ ਗਲਾਂ ਤੱਥ ! ਖਾਣਾ ਪੀਣਾ ਤੇ...!"

ਮੈਂ ਨਹੀਂ ਸਮਝਦਾ ਸਾਡੇ ਆਉਣ ਵਾਲੇ ਨਵੇਂ ਸਮਾਜ ਦੇ ਪਤੀ-ਪਤਨੀ ਦੇ ਰਿਸ਼ਤੇ ਇਸ ਤਰ੍ਹਾਂ ਦੇ ਹੋਣਗੇ । ਨਹੀਂ ਉਹ ਬਰਾਬਰੀ ਤੇ ਇਨਸਾਫ ਉਤੇ ਆਧਾਰਤ ਹੋਣਗੇ । ਉਹ ਸਾਡੀ ਸਭਿਆਚਾਰਕ ਉੱਨਤੀ ਦਾ ਇਕ ਖੁਸ਼ਗੁਆਰ ਪੜਾਅ ਹੋਵੇਗਾ ।

ਕੀ ਮਨੁੱਖ, ਪਿਆਰ ਦੇ ਮਾਮਲੇ ਵਿਚ, ਕੁਤੇ ਕੁੱਤੀ, ਬਿੱਲੇ-ਬਿਲੀ ਦਾ ਰਾਹ ਅਪਣਾਏਗਾ । ਜਾਂ ਚਿੜੇ-ਚਿੜੀ, ਕਬੂਤਰ-ਕਬੂਤਰੀ ਦੇ ਰਾਹ ਉਤੇ ਤੁਰੇਗਾ ? ਇਸ ਨਾਵਲ ਦਾ ਤੋੜਾ ਕੁੱਤੇ-ਕੁੱਤੀ ਵਾਲੇ ਰਾਹ ਉਤੇ ਹੀ ਟੁਟਦਾ ਹੈ—ਇਕ ਦੂਜੇ ਦੇ ਵਫ਼ਾਦਾਰ ਰਹਿਣ ਉਤੇ ਨਹੀਂ ?

# "ਚਾਨਣ ਦਾ ਜੰਗਲ" ਬਾਰੇ

## ਜਸਵੰਤ ਸਿੰਘ ਕੰਵਲ

ਨਾਵਲ ਚਾਨਣ ਦਾ ਜੰਗਲ ਨਿਰਾ ਮਾਸਟਰ ਵਰਗ ਉਤੇ ਈ ਭਾਰੀ ਵਿਅੰਗ ਨਹੀਂ; ਸਗੋਂ ਇਹ ਹਰ ਪੜ੍ਹੇ ਲਿਖੇ ਤੇ ਜ਼ਿੰਮੇਂਵਾਰ ਵਿਅਕਤੀ ਨੂੰ ਝੰਜੋੜਦਾ ਹੈ । ਵਿਦਿਅਕ ਢਾਂਚੇ ਦੀ ਅਜ ਦੀ ਸਥਿਤੀ ਨੂੰ ਸਮਾਜਕ ਤੇ ਇਤਿਹਾਸਕ ਪੱਖੋਂ ਨੰਗਿਆਂ ਕਰਕੇ ਸ੍ਰ: ਇੰਦਰ ਸਿੰਘ ਖ਼ਾਮੋਸ਼ ਨੇ ਦਲੇਰੀ ਵਾਲਾ ਕਦਮ ਪੁੱਟਿਆ ਹੈ। ਆਪਣੇ ਦੇਸ਼ ਤੇ ਲੋਕਾਂ ਲਈ ਥੋੜ੍ਹੀ ਜਿੰਨੀ ਈਮਾਨਦਾਰੀ ਰੱਖਣ ਵਾਲਾ, ਲੇਖਕ ਨੂੰ ਆਪ ਮੁਹਾਰੇ ਥਾਪੀ ਦੇਵੇਗਾ । ਸਾਗਰ ਦੀ ਤਹਿ ਨੂੰ ਤੂਫਾਨਾਂ ਨਾਲ ਘੋਲ ਕਰਨ ਵਾਲਾ ਮਲਾਹ ਕਿਨਾਰੇ ਬੈਠੇ ਇਨਸਟੱਕਟਰ ਨਾਲੋਂ ਕਿਤੇ ਵਧੇਰੇ ਜਾਣਦਾ ਹੈ । ਅਧਿਆਪਕ ਵਰਗ ਦੇ ਚੱਜ-ਆਚਾਰ ਬਾਰੇ ਇਕ ਮਾਸਟਰ ਹੀ ਵਧੀਆ ਨਖੇੜਾ ਕਰ ਸਕਦਾ ਸੀ । ਜੋ ਚਿੱਤਰ ਚਾਨਣ ਦੇ ਜੰਗਲ ਵਿਚ ਪੇਸ਼ ਕੀਤੇ ਗਏ ਹਨ, ਉਹ ਮੈਂ ਵੇਖੇ ਤੇ ਅਨੁਭਵ ਹੀ ਨਹੀਂ ਕੀਤੇ, ਸਗੋਂ ਅਧਿਆਪਕਾਂ ਨੇ ਹੀ ਅੱਖੀਂ ਵਖਾਏ ਹਨ । ਫੰਡ ਖਾਣਾ, ਗੈਰ ਹਾਜ਼ਰ ਰਹਿਣਾ, ਫਰਲੋ ਮਾਰਨਾ, ਘੇਰਾਓ ਦੀ ਧਮਕੀ ਦੇਣਾ ਤਾਂ ਮਾਮੂਲੀ ਗੱਲਾਂ ਹਨ; ਨਵੀਂ ਪਨੀਰੀ ਵਿਚ ਸ਼ਰਾਬ ਤੇ ਬਿਭਚਾਰ ਦੇ ਜਿਰਮ ਖਿਲਾਰਨ ਦੇ ਸਿਟਿਆਂ ਦਾ ਬੋਝ ਕੌਮ ਕਿਵੇਂ ਚੁਕੇਗੀ । ਵਿਦਿਆਰਥੀਆਂ ਵਿਚ ਵਧਦੀ ਜ਼ਬਤ ਦੀ ਘਾਟ, ਮਿਹਨਤ ਤੋਂ ਭੱਜਣਾ ਤੇ ਨਕਲ ਮਾਰਕੇ ਪਾਸ ਹੋਣ ਨਾਲ ਕੌਮ ਦਾ ਭਵਿਖ ਅਸਲੋਂ ਧੁੰਦਲਾ ਕਰ ਛਡਿਆ ਹੈ । ਸਫਾਰਸ਼ੀ ਤੇ ਮੁੱਲ ਲਏ ਸਰਟੀਫੀਕੇਟ ਹੁਨਰ ਤੇ ਕਲਾ ਦੀ ਯੋਗਤਾ ਕਿਵੇਂ ਪੂਰੀ ਕਰਨਗੇ ।

ਦੁਨੀਆਂ ਦੀ ਕੋਈ ਨਾਵਲ ਕਹਾਣੀ ਅਜਿਹੀ ਨਹੀਂ, ਜੀਹਦਾ ਛੋਟਾ ਮੋਟਾ ਅਧਾਰ ਸਮਾਜਕ ਸੱਚ ਨਾ ਹੋਵੇ । ਲੇਖਕ ਜ਼ਿੰਦਗੀ ਦੇ ਹਾਂਦੂ ਪੱਖਾਂ ਰਾਹੀਂ ਲੋਕਾਂ ਨਾਲ ਵਚਨਬੱਧ ਹੈ । ਨਾਵਲ ਕਹਾਣੀ ਵਿਚ ਲੇਖਕ ਦਾ ਚੁਕਿਆ ਮਸਲਾ ਜੇ ਮਨੁੱਖ ਨੂੰ ਉਸਾਰ ਵੱਲ ਲਿਜਾਂਦਾ ਹੈ ਤਾਂ ਉਹ ਚਾਨਣੀ ਕਿਰਨ ਹੈ । ਇਹ ਹੋ ਸਕਦਾ ਹੈ ਉਸ ਕਿਰਨ ਨੂੰ ਝਟ ਪਲ ਲਈ ਕੋਈ ਬੱਦਲ ਅਥਵਾ ਧੁੰਦ ਰੋਕ ਲਵੇ । ਪਰ ਕੁਦਰਤ ਦਾ ਪ੍ਰਵਾਹ ਤਾਂ ਵਾਪਰ ਜਾਣ ਵਾਲਾ ਸੱਚ ਹੈ । ਉਹ ਇਕ ਦਿਨ ਮਨੁਖ ਨੂੰ ਜ਼ਰੂਰ ਵਡਾ ਕਰੇਗਾ ਹੀ ।

ਸੱਚ ਦੇ ਚਾਨਣ ਨੂੰ ਰੋਕਣ ਵਾਲਾ ਅਨਾੜੀ ਹੋ ਸਕਦਾ ਹੈ । ਇਸ ਤੋਂ ਬਿਨਾ ਰੋਕਣ ਵਾਲੇ ਨਹਾਂਦੂ ਪੱਖ ਦੇ ਵਿਅਕਤੀਆਂ ਨੂੰ ਸਮਗਲਰ, ਲੁਟੇਰੇ, ਬਦਮਾਸ਼ ਆਦਿ ਦੇ ਵਸ਼ੇਸ਼ਣ ਦਿਤੇ ਜਾਂਦੇ ਹਨ । ਸੱਚ ਤੇ ਪਹਿਰਾ ਦੇਣ ਵਾਲੇ ਨੂੰ ਇਹਨਾਂ ਆਟੇ ਦੇ ਸ਼ੀਹਾਂ ਤੋਂ ਡਰਨ ਦੀ ਲੋੜ ਨਹੀਂ । ਜੇ ਲੇਖਕ ਦੀ ਜ਼ਮੀਰ ਸੁਚੇਤ ਹੈ ਤਾਂ ਉਹ ਅੰਨ੍ਹੇਰੇ ਦੇ ਜੰਗਲਾਂ ਵਿਚ ਸੱਚ ਦਾ ਰੋਸ਼ਨ ਮੀਨਾਰ ਖੜਾ ਕਰੇਗਾ । ਭਾਵੇਂ ਉਸਨੂੰ ਕਿਹੋ ਜਿਹੇ ਨਤੀਜੇ ਵੀ ਕਿਉਂ ਨਾ ਭੁਗਤਣੇ ਪੈਣ ।

ਸਵਾਲ ਪੈਦਾ ਹੁੰਦਾ ਹੈ ਇੰਦਰ ਸਿੰਘ ਖਾਮੋਸ਼ ਨੇ ਚਾਨਣ ਦਾ ਜੰਗਲ ਵਿਚ ਜਿਹੜੇ ਮਸਲੇ ਉਠਾਏ ਹਨ, ਉਹ ਸੱਚ ਤੇ ਸਹੀ ਹਨ ਕਿ ਨਹੀਂ ? ਜੇ ਇਹ ਦਰੁਸਤ ਹਨ ਤਦ ਵਿਦਿਅਕ ਢਾਂਚੇ ਵਿਚ ਨਵੀਂ ਜਦੋ ਜਹਿਦ

ਕਰਨ ਦਾ ਮੁੱਢ ਬੰਨ੍ਹਣਾ ਪਵੇਗਾ । ਘਰੋਂ ਸਿਰਾਂ ਤੇ ਖੱਫਣ ਬੰਨ੍ਹ ਕੇ ਨਿਕਲੇ ਬਿਨਾਂ ਜੰਗ ਨਹੀਂ ਜਿਤਿਆ ਜਾਂਦਾ। 'ਜਥਾ ਰਾਜਾ, ਤਥਾ ਪਰਜਾ' ਦੇ ਮੁਹਾਵਰੇ ਨੂੰ ਰਾਜਸੀ ਪਾਰਟੀਆਂ ਦੇ ਮੁਖੀਆਂ ਨੇ ਲੋਕਾਂ ਤੱਕ ਦੇ ਆਚਾਰ ਨੂੰ ਭਰਿਸ਼ਟ ਕਰਕੇ ਸੱਚ ਕਰ ਵਖਾਇਆ ਹੈ । ਇਹ ਆਰਥਿਕ ਸਮਾਜਿਕ ਗੰਦ ਸਭ ਦੇ ਸਾਹਮਣੇ ਪਿਆ ਹੈ । ਨੱਕ ਤੇ ਰੁਮਾਲ ਰੱਖਕੇ ਸਭ ਕੋਲੋਂ ਲੰਘੀ ਜਾ ਰਹੇ ਹਨ । ਗੰਦ ਢੇਰਾਂ ਦੇ ਢੇਰ ਉਸਰੀ ਜਾ ਰਿਹਾ ਹੈ । ਇਸ ਨੂੰ ਚੁਕਣਾ ਕਿਸ ਹੈ ? ਜਵਾਬ ਆਵੇਗਾ ਲੋਕਾਂ ਨੇ ਹੀ, ਇਨਕਲਾਬ ਨੇ । ਲੋਕਾਂ ਦੀ ਤਿਆਰੀ ਬਿਨਾਂ ਇਨਕਲਾਬ ਆਪਣੇ ਆਪ ਆ ਜਾਵੇਗਾ ? ਲੋਕਾਂ ਨੂੰ ਕੌਣ ਸੂਝਵਾਨ ਤੇ ਸਿਦਕਵਾਨ ਬਣਾਵੇਗਾ ? ਆਖਰ ਨੂੰ ਗੱਲ ਸੁਚੇਤ ਵਰਗ ਦੇ ਕੰਨ੍ਹੇ ਆ ਪੈਣੀ ਹੈ ! ਇਸ ਗੁਨਾਹ ਤੋਂ ਸੁਚੇਤ ਵਰਗ ਨਹੀਂ ਬਚ ਸਕਦਾ । ਇਹ ਨਾਵਲ ਆਮ ਲੋਕਾਂ ਨਾਲੋਂ ਸੁਚੇਤ ਵਰਗ ਨੂੰ ਵਧੇਰੇ ਚੈਲਿੰਜ ਹੈ । ਜੇ ਉਸ ਵਰਗ ਨੇ ਈਮਾਨਦਾਰੀ ਨਾਲ ਆਪਣਾ ਹਾਣੂੰ ਰੋਲ ਨਾ ਨਿਭਾਇਆ, ਇਤਿਹਾਸ ਉਹਨਾਂ ਨੂੰ ਕਦੇ ਮਾਫ਼ ਨਹੀਂ ਕਰੇਗਾ । ਸ਼ਾਇਦ ਇਸ ਗੱਲ ਨੂੰ ਉਹ ਸੰਜੀਦਗੀ ਨਾਲ ਮਹਿਸੂਸ ਕਰਨ ।

ਇਕ ਗੱਲ ਹੋਰ ਆਖਣੀ ਹੈ । ਟ੍ਰਿਬਿਊਨ ਦੇ ਸੌ ਸਾਲਾ ਸਮਾਗਮ ਸਮੇਂ ਪ੍ਰਧਾਨ ਸੰਜੀਵਾ ਰੈਡੀ ਨੇ ਬੋਲ-ਦਿਆਂ ਸੱਚ ਪਾਲੇਟੀਸ਼ਨਾਂ ਦੇ ਮੂੰਹ ਤੇ ਮਾਰਿਆ : "ਹਵਸ ਰਾਤੋ ਰਾਤ ਸਿਖਰ ਤੇ ਚੜ੍ਹ ਜਾਣ ਦਾ ਜਤਨ ਕਿਵੇਂ ਕਰਦੀ ਹੈ । ਗੁਣ, ਚਰਿਤ੍ਰ, ਨੇਕਨੀਅਤੀ, ਈਮਾਨਦਾਰੀ ਤੇ ਵਿਦਿਆ ਭਾਵੇਂ ਨਾ ਹੋਵੇ । ਪਈ ਮਹੀਨੇ ਰਾਜਨੀਤੀ ਵਿਚ ਦਾਖਲ ਹੋਣ ਵਾਲੇ ਜੂਨ ਵਿਚ ਐਮ. ਐਲ. ਏ. ਬਣਨ ਦੀ ਕੋਸ਼ਿਸ਼ ਕਰਦੇ ਹਨ, ਜੁਲਾਈ ਵਿਚ ਮੰਤਰੀ ਤੇ ਅਗਸਤ ਵਿਚ ਮੁਖ ਮੰਤਰੀ । ਇਸ ਸੱਚ ਨੂੰ ਸਰਮਾਏਦਾਰ ਪ੍ਰੈਸ ਨੇ ਆਪਣੇ ਖਿਲਾਫ ਜਾਂਦੇ ਨੂੰ ਵੀ ਵੱਡੀ ਥਾਂ ਦਿੱਤੀ, ਕਿਉਂਕਿ ਉਹ ਬੋਲ ਰਾਸ਼ਟਰਪਤੀ ਨੇ ਆਖੇ ਸਨ । ਪਰ ਇੰਦਰ ਸਿੰਘ ਖਾਮੋਸ਼ ਦੇ ਲੋਕਾਂ ਹੱਕ ਵਿਚ ਜਾਣ ਵਾਲੇ ਸੱਚ ਨੂੰ ਕਿਵੇਂ ਲਿਆ ਗਿਆ ? ਏਹੋ ਅੱਜ ਦੇ ਈਮਾਨ-ਦਾਰ ਮਨੁੱਖ ਦਾ ਇਮਤਿਹਾਨ ਹੈ ।

---

# ਓ ਪਿਆਰੇ ਆਸਾਮ...ਤੈਨੂੰ ਬਦੇਸ਼ੀਆਂ ਵੀ ਲੁਟਿਆ ਤੇ ਦੇਸ਼ੀਆਂ ਵੀ ਲੁਟਿਆ...

ਪ੍ਰੋਫੈਸਰ ਭਾਰਦਵਾਜ

ਅਸਾਮ ਦੀ ਸਮੱਸਿਆ ਨੂੰ ਸਮਝਣ ਲਈ ਆਓ ਉਸ ਦੇ ਸਮਾਜਕ ਆਰਥਕ ਅਤੇ ਸਿਆਸੀ ਪਿਛੋਕੜ ਨੂੰ ਗੌਰ ਨਾਲ ਵਾਚੀਏ :—

## ਆਸਾਮ ਦਾ ਇਤਿਹਾਸ

ਆਵਾਜਾਈ ਅਤੇ ਸੰਚਾਰ ਸਾਧਨਾਂ ਦੀ ਘਾਟ ਕਾਰਨ, ਹਿੰਦੁਸਤਾਨ ਦਾ ਪੂਰਾ-ਪੂਰਬੀ ਪਹਾੜੀ ਇਲਾਕਾ, ਆਸਾਮ, ਅਠਾਰ੍ਹਵੀਂ ਸਦੀ ਤੀਕ ਤਾਂ ਲਗਭਗ ਬਾਕੀ ਪ੍ਰਾਂਤਾਂ ਨਾਲੋਂ ਇਕ ਕਿਸਮ ਦਾ ਕੱਟਿਆ ਹੀ ਰਿਹਾ ਸੀ । ਪਹਾੜੀ ਅਤੇ ਹੜ੍ਹ ਮਾਰਿਆ ਸੇਮੀ ਇਲਾਕਾ ਹੋਣ ਕਾਰਣ ਆਬਾਦੀ ਵੀ ਘੱਟ ਸੀ । ਬਹੁਤੀ ਆਬਾਦੀ ਕਬੀਲਿਆਂ ਜਾਂ ਅਰਧ-ਕਬੀਲਿਆਂ ਵਿਚ ਵੰਡੀ ਹੋਈ ਸੀ ਜਿਨ੍ਹਾਂ ਉਪਰ 'ਅਹਿਮ' ਨਾਉਂ ਦੀ ਰਜਵਾੜਾਸ਼ਾਹੀ ਰਾਜ ਕਰਦੀ ਸੀ । ਖੇਤੀ ਬਾੜੀ ਦੇ ਉਨਤ ਢੰਗ ਬਿਲਕੁਲ ਨਹੀਂ ਸਨ । ਚਾਹ ਦੇ ਖੇਤ ਵੀ ਨਾ ਮਾਤਰ ਹੀ ਸੀ । ਗਰੀਬ ਲੋਕ ਜਗੀਰਦਾਰੀ ਅਤੇ ਰਜਵਾੜਾਸ਼ਾਹੀ ਤੋਂ ਤੰਗ ਆ ਕੇ ਬਗਾਵਤ ਤੇ ਤੁਲੇ ਹੋਏ ਸਨ । ਠੀਕ ਇਸੇ ਸਮੇਂ ਹੀ ਸੰਨ 1826 ਵਿਚ ਅੰਗਰੇਜ਼ਾਂ ਨੇ ਆਸਾਮ ਉਪਰ ਯੂਨੀਅਨ ਜੈਕ (ਅੰਗਰੇਜ਼ੀ ਝੰਡਾ) ਲਿਆ ਗਡਿਆ ।

## ਪਹਿਲੇ ਬੰਗਾਲੀਆਂ ਦੀ ਆਮਦ

ਭਾਵੇਂ ਕੁਝ ਬੰਗਾਲੀ ਅਤੇ ਕਨੌਜੀ ਵਿਦਵਾਨ ਅਤੇ ਕਾਰੀਗਰ 'ਅਹਿਮਰਾਜ' ਵਿਚ ਵੀ ਆਸਾਮ ਵਿਚ ਆਏ ਸਨ ਜਿਨ੍ਹਾਂ ਦੀ ਬਦੌਲਤ ਦਵਾ-ਦਾਰੂ, ਵਿੱਦਿਆ, ਖੇਤੀ ਬਾੜੀ, ਵਿਉਪਾਰ, ਰਾਜਨੀਤੀ ਅਤੇ ਫੌਜੀ ਸਿੱਖਿਆ ਵਿਚ ਕਾਫੀ ਫੈਲਾਓ ਹੋਇਆ ਸੀ ਪਰ ਭਾਰੀ ਗਿਣਤੀ ਵਿਚ ਬੰਗਾਲੀਆਂ ਨੂੰ ਅੰਗਰੇਜ਼ਾਂ ਨੇ ਹੀ ਖਾਸ ਸਹੂਲਤਾਂ ਦੇ ਕੇ ਸੱਦਿਆ ਸੀ । ਜਿਉਂ ਹੀ ਫਰੰਗੀਆਂ ਨੇ ਅਸਾਮ ਦੀ ਧਰਤੀ ਤੇ ਚਾਹ ਦੇ ਬਾਗ ਲਾਉਣੇ ਸ਼ੁਰੂ ਕੀਤੇ, ਲੱਖਾਂ ਬੰਗਾਲੀਆਂ, ਬਿਹਾਰੀਆਂ, ਮਦਰਾਸੀਆਂ ਅਤੇ ਮਰਾਠੀਆਂ ਨੂੰ ਉਥੇ ਬੁਲਾ ਲਿਆ । ਇਨ੍ਹਾਂ ਨੂੰ ਬਾਦ ਵਿਚ 'ਕਾਲੇ ਕਬੀਲਿਆਂ' ਦੇ ਨਾਉਂ ਨਾਲ ਜਾਣਿਆ ਜਾਣ ਲੱਗਾ ।

## ਬੰਗਾਲੀ ਮੁਸਲਮਾਨ ਬੇਜ਼ਮੀਨੇ ਕਿਸਾਨਾਂ ਦੀ ਆਮਦ

ਕਿਉਂਕਿ ਅਠਾਰ੍ਹਵੀਂ ਸਦੀ ਤੀਕ ਆਸਾਮ ਅਤੇ ਹੋਰ ਦੂਰ ਪੂਰਬੀ ਪਹਾੜੀ ਇਲਾਕੇ, ਮੈਦਾਨੀ ਇਲਾਕਿਆਂ ਦੀਆਂ ਖੇਤੀਬਾੜੀਆਂ ਹੋਰ ਵਿਕਾਸ ਸਬੰਧੀ ਕੀਤੀਆਂ ਪ੍ਰਾਪਤੀਆਂ ਤੋਂ ਵੀ ਉਹ ਅਣਜਾਣ ਰਹੇ ਸਨ । ਅੰਗਰੇਜ਼ਾਂ ਦੇ ਆਉਣ ਸਮੇਂ ਇਹ ਹਾਲਾਤ ਸੀ ਕਿ ਸਮੁੱਚੇ ਮਾਮਲੇ ਤੋਂ ਪ੍ਰਬੰਧਕੀ ਮਸ਼ੀਨਰੀ ਦੀਆਂ ਤਨਖਾਹਾਂ ਪੂਰੀਆਂ ਨਹੀਂ ਸਨ ਹੁੰਦੀਆਂ । ਭਾਰੀ ਬਾਰਸ਼ ਅਤੇ ਜਗ੍ਹਾ ੨ ਨਦੀ-ਨਾਲਿਆਂ ਦੇ ਗੁਜਰਨ ਕਾਰਣ,

ਬਰ੍ਹਮ ਪੁੱਤਰ ਦੀ ਵਾਦੀ ਵਿਚ ਹੜ੍ਹ ਅਕਸਰ ਆਉਂਦੇ ਰਹਿੰਦੇ ਸਨ ਜਿਸ ਬਤੌਲਤ ਜ਼ਮੀਨ ਸੇਮ ਦੀ ਮਾਰੀ ਹੀ ਰਹਿੰਦੀ। ਅੰਗਰੇਜ਼ਾਂ ਨੇ ਸੋਚਿਆ ਕਿ ਕਿਉਂ ਨਾ ਪੂਰਬੀ ਬੰਗਾਲੀਆਂ ਨੂੰ ਇਥੇ ਬੁਲਾਇਆ ਜਾਵੇ ਜੋ ਸੇਮੀ ਇਲਾਕਿਆਂ ਵਿਚ ਖੇਤੀ ਕਰਨ ਦੇ ਕਾਫੀ ਮਾਹਿਰ ਸਨ ਕਿਉਂਕਿ ਪੂਰਬੀ ਬੰਗਾਲ ਵਿਚ ਵੀ ਅਸਾਮ ਵਾਂਗੂੰ ਨਦੀਆਂ ਨਾਲੇ ਜਗ੍ਹਾ ਜਗ੍ਹਾ ਵਹਿੰਦੇ ਸਨ (ਜਿਵੇਂ ਸਾਡੇ ਬੇਟ ਦੇ ਇਲਾਕੇ ਵਿਚ ਮੁਸਲਮਾਨ ਗੁਜਰ, ਪੇਠੇ ਹਦਵਾਣੇ ਆਦਿ ਬੀਜਣ ਵਿਚ ਮਾਹਿਰ ਹਨ) ਇਸ ਦਾ ਵੀ ਉਨ੍ਹਾਂ ਨੂੰ ਦੋਹਰਾ ਫਾਇਦਾ ਹੋਣਾ ਸੀ। ਇਕ ਉਪਜ ਵਧਣ ਨਾਲ ਵੱਧ ਮਾਮਲੇ ਦੀ ਪ੍ਰਾਪਤੀ ਅਤੇ ਦੂਜਾ ਅਸਾਮੀ ਵਿਚ ਬੰਗਾਲੀਆਂ ਨੂੰ ਫਸਾ ਦੇਣ ਦੀ ਚਾਲ ਕਿਉਂਕਿ ਇਸ ਤਰ੍ਹਾਂ ਉਹ ਬਗਾਵਤੀ ਦਿਖ ਰਖਣ ਵਾਲੀ ਅਸਾਮੀ ਕੌਮ ਦੇ ਉਭਰਨ ਤੇ ਰੋਕ ਲਗਾ ਸਕਦੇ ਸਨ, ਅਸਾਮੀਆਂ ਦੇ ਕੁਦਰਤੀ ਸੋਮਿਆਂ ਉਤੇ ਭਾਵੇਂ ਅੰਗਰੇਜ਼ ਦੂਹੋ-ਦੂਹ ਕਬਜ਼ੇ ਕਰੀ ਜਾ ਰਹੇ ਸਨ। ਪਰ ਉਨ੍ਹਾਂ ਦੀਆਂ ਬਗਾਵਤੀ ਰੁਚੀਆਂ ਤੋਂ ਉਹ ਭੈਅ ਖਾਂਦੇ ਸਨ। ਭਾਰੀ ਗਿਣਤੀ ਵਿਚ ਮੁਸਲਮਾਨ ਬੰਗਾਲੀ ਕਿਸਾਨਾਂ ਨੂੰ ਅਸਾਮ ਵਿਚ ਵਸਾਉਣ ਵਾਸਤੇ ਉਨ੍ਹਾਂ ਆਬਾਦ ਕੀਤੀਆਂ ਜ਼ਮੀਨਾਂ ਦੀ ਪੱਕੀ ਅਲਾਟਮੈਂਟ ਅਬਾਦਕਾਰ ਦੇ ਨਾਉਂ ਮੁਫਤ ਕਰ ਦੇਣ ਵਰਗੇ ਲਾਲਚ ਹੀ ਨਹੀਂ ਸਨ ਦਿੱਤੇ, ਸਗੋਂ ਕਈ ਕਈ ਸਾਲਾਂ ਲਈ ਜ਼ਮੀਨ ਅਬਾਦ ਕਰਨ ਤੋਂ ਮਗਰੋਂ ਤੀਕ ਵੀ ਟੈਕਸ ਛੋਟਾਂ ਦਾ ਐਲਾਨ ਕੀਤਾ। ਹੋਰ ਤੇ ਹੋਰ ਪੂਰਬੀ ਬੰਗਾਲ ਤੋਂ ਆਉਣ ਵਾਲਿਆਂ ਨੂੰ ਪਲਿਓਂ ਕਿਰਾਏ-ਭਾੜੇ ਅਗਾਊਂ ਦਿੱਤੇ ਜਾਂਦੇ ਅਤੇ ਇਸ ਕੰਮ ਲਈ ਏਜੰਟਾਂ ਦੀ ਵਰਤੋਂ ਕੀਤੀ ਜਾਂਦੀ ਤੇ ਫਿਰ ਦੇਖਦਿਆਂ ੨ ਹੀ ਬੰਗਾਲੀ ਮੁਸਲਮਾਨ, ਅਸਾਮ ਦੀ ਧਰਤੀ ਤੇ ਛਾ ਗਏ। 1830-1930 ਦੇ ਸੌ ਸਾਲਾਂ ਦੁਰਾਨ ਕਿਸ ਭਾਰੀ ਤੇਦਾਦ ਵਿਚ ਬੰਗਾਲੀ ਅਸਾਮ ਵਿਚ ਆਏ ਉਹ ਆਜ਼ਾਦੀ ਤੀਕ ਹੋਇਆ ਤਮਾਮ ਮਰਦਮ ਸ਼ੁਮਾਰੀਆਂ ਤੋਂ ਸਾਫ਼ ਪਤਾ ਲਗ ਜਾਂਦਾ ਹੈ।

| ਸੰਮਤ | 1911 | 1921 | 1931 |
|---|---|---|---|
| ਅਸਾਮੀ | 19.2 | 44.60 | 42.0 |
| ਬੰਗਾਲੀ | 27.5 | 28.3 | 30.7 |

ਇਹ ਅੰਕੜੇ ਭਾਸ਼ਾ ਦੇ ਅਧਾਰ ਤੇ ਹਨ। ਇਹ ਅਬਾਦੀ ਬਰਹਮ ਪੁੱਤਰ ਵਾਦੀ ਦੀ ਹੈ। ਉਪਰ ਦਿੱਤੀ ਸਾਰਨੀ ਤੋਂ ਵੀ ਸਾਫ ਨਜ਼ਰ ਆਉਂਦਾ ਹੈ ਕਿ ਅਸਾਮ ਵਿਚ ਸਾਰੇ ਬੰਗਾਲੀ ਬਤੌਰ ਬੰਗਲਾਦੇਸ਼ੀ ਹੀ ਨਹੀਂ ਆਏ ਜਿਵੇਂ ਅੱਜ ਫੌਰਨਰਜ਼ ਦਾ ਰੌਲਾ ਪਾਇਆ ਜਾ ਰਿਹਾ ਹੈ ਸਗੋਂ ਸੰਨ 1931 ਵਿਚ ਹੀ ਬੰਗਾਲੀਆਂ ਦੀ ਗਿਣਤੀ ਅਸਾਮੀਆਂ ਦੇ ਦੋ-ਤਿਹਾਈ ਤੋਂ ਵੱਧ ਸੀ।

ਇਸ਼ ਵਿਚ ਕੋਈ ਸ਼ੱਕ ਨਹੀਂ ਕਿ ਹੋਰ ਵੀ ਬਹੁਤ ਸਾਰੇ ਪੂਰਬੀ ਬੰਗਾਲੀ 1931 ਤੋਂ ਮਗਰੋਂ ਵੀ ਆਸਾਮ ਵਿਚ ਆਏ। 1937-38 ਦੁਰਾਨ ਜਦੋਂ ਮੁਸਲਿਮ ਲੀਗੀ ਸਰਕਾਰ ਸੀ ਜਿਸ ਦੇ ਮੁੱਖ ਮੰਤਰੀ 'ਸਾਏਦੁੱਲਾ' ਨੇ ਬੇਜ਼ਮੀਨੇ ਪੂਰਬੀ ਬੰਗਾਲੀ ਮੁਸਲਮਾਨ ਕਿਸਾਨਾਂ ਨੂੰ ਜ਼ਮੀਨ ਦੀ ਮੁਫਤ ਅਲਾਟਮੈਂਟ ਕਰਨ ਵਰਗੇ ਲਾਲਚ ਦੇ ਕੇ, ਅਸਾਮ ਵਿਖੇ ਵੱਸੇ ਜਾਣ ਲਈ ਪ੍ਰੇਰਿਆ ਸੀ। ਉਸ ਤੋਂ ਮਗਰੋਂ ਬਰ੍ਹਮਾ ਦੀ ਵੰਡ ਸਮੇਂ ਵੀ, ਬਹੁਤ ਸਾਰੇ ਹਿੰਦੂ ਬੰਗਾਲੀ ਬਰ੍ਹਮਾ ਵਿਚੋਂ ਪਹਾੜੀ ਰਸਤੇ ਆ ਕੇ ਅਸਾਮ ਤੇ ਉਸ ਦੇ ਲਾਗੇ ਸ਼ਾਗੇ ਆਣ ਵੱਸੇ। ਦੂਜੀ ਜੰਗ ਸਮੇਂ ਵੀ ਜਦੋਂ ਜਪਾਨ ਬਰ੍ਹਮਾ ਵਿਚ ਪਹੁੰਚ ਗਿਆ ਤਾਂ ਵੀ ਬਹੁਤ ਸਾਰੇ ਪੂਰਬੀ ਬੰਗਾਲੀ ਜੋ ਬਰ੍ਹਮਾ ਦੇ ਨਾਲ ਲੱਗਵੇਂ ਇਲਾਕੇ ਵਿਚ ਰਹਿੰਦੇ ਸਨ, ਆਸਾਮ-ਤ੍ਰਿਪੁਰਾ ਵੱਲ ਨੂੰ ਭੱਜੇ ਆਏ। 1947 ਦੀ ਵੰਡ ਸਮੇਂ ਵੀ ਜਿਨ੍ਹਾਂ ਤਿੰਨਾਂ ਸੂਬਿਆਂ ਵਿਚ ਸਭ ਤੋਂ ਵੱਧ ਰਿਫੂਜੀ ਆਏ ਸਨ, ਉਹ ਸਨ — ਪੰਜਾਬ, ਬੰਗਾਲ ਅਤੇ ਅਸਾਮ। ਬੰਗਲਾ ਦੇਸ਼ ਦੀ ਲੜਾਈ ਵਕਤ ਆਏ ਰਿਫੂਜੀਆਂ ਵਿਚੋਂ ਵੀ ਲੱਖ, ਡੇਢ ਲੱਖ ਦੇ ਕਰੀਬ ਮੁੜ ਵਾਪਸ ਨਾ ਗਏ। ਭਾਵੇਂ 1951-71 ਦੁਰਾਨ ਕਾਫੀ ਬੰਗਲਾਦੇਸ਼ੀ ਚੋਰੀ-ਛੁਪੇ ਵੀ ਆਸਾਮ ਦੀ ਸਰਹੱਦ ਪਾਰ ਕਰਕੇ ਆਏ ਹਨ ਪਰੰਤੂ ਅਜਿਹੇ ਤਮਾਮ ਬੰਗਲਾਦੇਸ਼ੀਆਂ ਦੀ ਗਿਣਤੀ ਪੰਜ-ਛੇ ਲੱਖ ਤੋਂ ਕਿਸੇ ਵੀ ਸੂਰਤ ਵਿਚ ਵੱਧ ਨਹੀਂ। ਹੁਣ ਇਨ੍ਹਾਂ 5-6 ਲੱਖ ਬੰਗਲਾਦੇਸ਼ੀਆਂ ਨੂੰ ਬਾਹਰ ਕੱਢਣ ਦੀ ਆੜ ਹੇਠ 50-60 ਲੱਖ ਬਾਹਰਲੇ ਸੂਬਿਆਂ ਤੋਂ ਆ ਕੇ ਵੱਸੇ ਬੰਗਾਲੀਆਂ, ਬਿਹਾਰੀਆਂ, ਪੰਜਾਬੀਆਂ, ਮਦਰਾਸੀਆਂ ਦਾ ਨੱਕ ਵਿਚ ਦਮ ਕਰ ਦੇਣਾ ਕਿਧਰ ਦੀ ਸ਼ਰਾਫਤ ਹੈ? ਉਨ੍ਹਾਂ ਬੰਗਾਲੀਆਂ, ਬਿਹਾਰੀਆਂ, ਮਦਰਾਸੀਆਂ ਦਾ ਜਿਨ੍ਹਾਂ ਦੀਆਂ ਕਈ ਪੁਸ਼ਤਾਂ 1825-1925 ਦੁਰਾਨ ਉਥੇ ਹੀ ਜੰਮੀਆਂ, ਪਲੀਆਂ ਅਤੇ ਮਰੀਆਂ ... ਜਿਨ੍ਹਾਂ ਦੀ ਬਦੌਲਤ ਅਸਾਮ ਵਿਚ ਖੇਤੀ ਬਾੜੀ, ਵਪਾਰ, ਵਿੱਦਿਆ, ਚਕਿੱਤਸਾ ਆਦਿ ਦਾ ਪਸਾਰ ਹੋਇਆ ... ਜਿਨ੍ਹਾਂ ਨੇ ਅਸਾਮ ਨੂੰ ਹੀ ਸਥਾਈ ਤੌਰ ਤੇ ਆਪਣਾ ਘਰ ਬਣਾ ਲਿਆ।

## ਆਰਥਕ ਹਾਲਾਤ ਚਾਹ ਦੇ ਬਾਗ !

1826 ਈ: ਵਿਚ ਅਸਾਮ ਤੇ ਕਬਜਾ ਕਰਨ ਮਗਰੋਂ ਅੰਗਰੇਜ਼ਾਂ ਨੇ ਚਾਹ ਦੀ ਖੇਤੀ ਤੇ ਕਬਜਾ ਕਰਨਾ ਸ਼ੁਰੂ ਕਰ ਦਿਤਾ ਅਤੇ ਵੇਖਦਿਆਂ ਹੀ ਵੇਖਦਿਆਂ ਲੱਖਾਂ ਏਕੜ ਧਰਤੀ ਤੇ ਅੰਗਰੇਜ਼ੀ ਚਾਹ ਕੰਪਨੀਆਂ ਦੇ ਬੋਰਡ ਲਗ ਗਏ ... ਕਰੋੜਾਂ ਰੁਪਈਆਂ ਦੀ ਚਾਹ ਬਾਹਰ ਭੇਜੀ ਜਾਣ

ਲਗੀ। ਅਸਾਮੀ ਅਤੇ ਬੰਗਾਲੀ-ਬਿਹਾਰੀ, ਮਜਦੂਰਾਂ-ਮੁਲਾਜ਼ਮਾਂ ਦਾ ਕੰਮ ਕਰਦੇ ਰਹੇ ਅਤੇ ਸਵਾ ਸੌ ਸਾਲ, ਧਨਵਾਨ, ਬਰੁੱਕ ਬਾਂਡ ਵਰਗੀਆਂ ਅੰਗਰੇਜ਼ੀ-ਚਾਹ ਕੰਪਨੀਆਂ ਹੁੰਦੀਆਂ ਗਈਆਂ। ਅਜ਼ਾਦੀ ਦੇ ਮਗਰੋਂ ਨਾਂ ਹੀ ਸਾਡੀ ਨਹਿਰੂ ਸਰਕਾਰ ਨੇ ਫਰੰਗੀਆਂ ਦੇ ਬਾਗ ਜਬਤ ਕੀਤੇ ਅਤੇ ਨਾਂ ਹੀ ਖੁਦ ਖਰੀਦਿਆ ਅਤੇ ਅੰਗਰੇਜ਼ ਚਾਹ ਦੇ ਬਾਗ ਬਿਰਲੇ-ਡਾਲਮੀਏ ਤੇ ਟਾਟੇ ਆਦਿ ਨੂੰ ਵੇਚ ਗਏ। ਅਜੇ ਵੀ ਸਾਢੇ ਚਾਰ ਸੌ ਬਾਗਾਂ ਵਿਚੋਂ ਵੱਡੇ ਢਾਈ ਸੌ ਚਾਹ ਬਾਗ, ਹਿੰਦੁਸਤਾਨ ਦੇ ਉਪਰਲੇ 75 ਅਜਾਰੇਦਾਰ ਦੇ ਘਰਾਣਿਆਂ ਦੀ ਮਲਕੀਅਤ ਹੇਠ ਹਨ। ਵੈਸੇ ਅਸਾਮ ਸਰਕਾਰ ਨੂੰ ਸਾਰੇ ਸੂਬੇ ਵਿਚ ਟੈਕਸਾਂ ਰਾਹੀਂ ਉਨੀਂ ਆਮਦਨ ਨਹੀਂ ਹੁੰਦੀ ਜਿਨ੍ਹਾਂ ਮੁਨਾਫਾ ਇਹ ਵਡੀਆਂ ਕੰਪਨੀਆਂ ਹਰ ਸਾਲ ਚਾਹ ਵਿਚੋਂ ਹੀ ਕਮਾ ਜਾਂਦੀਆਂ ਹਨ।

## ਤੇਲ ਅਤੇ ਗੈਸ ਕੌਡੀਆਂ ਦੇ ਭਾਉ :

ਅਸਾਮ ਵਿਚ 7 ਕਰੋੜ ਟਨ ਤੇਲ ਅਤੇ 23 ਅਰਬ ਘਣ ਮੀਟਰ ਗੈਸ ਦੇ ਭੰਡਾਰ ਮੌਜੂਦ ਹਨ। 50 ਲਖ ਟਨ ਤੇਲ ਹਰ ਸਾਲ ਅਸਾਮ ਦੇ ਸੋਮਿਆਂ ਵਿਚੋਂ ਕਢਿਆ ਜਾ ਰਿਹਾ ਹੈ, ਜੋ ਸੈਂਟਰ ਸਰਕਾਰ 42 ਰੁਪਏ ਟਨ ਖਰੀਦਦੀ ਹੈ। (ਰਾਇਲਟੀ) ਕਈ ਸਾਲਾਂ ਤੋਂ ਆਸਾਮੀ ਇਹ ਮੰਗ ਕਰ ਰਹੇ ਹਨ ਕਿ ਉਨ੍ਹਾਂ ਨੂੰ ਘਟੋ ਘਟ ਤੇਲ ਦਾ ਮੁੱਲ 300 ਰੁਪਏ ਟਨ ਦਿਤਾ ਜਾਵੇ। 1976 ਦੁਰਾਨ ਅਸਾਮੀ ਕਹਿ ਰਹੇ ਸਨ ਕਿ ਜਿਸ ਭਾਉ ਤੁਹਾਨੂੰ ਬਾਹਰਲਾ ਤੇਲ ਪੈਂਦਾ ਹੈ ਬਹੁਤਾ ਨਹੀਂ ਤਾਂ ਸਾਨੂੰ ਉਸਦਾ 20 ਫੀ ਸਦੀ ਹੀ ਦੇ ਦੇਵੋ—1976 ਵਿਚ ਤੇਲ ਦਾ ਭਾਉ 1500 ਰੁਪਏ ਪ੍ਰਤੀ ਟਨ ਸੀ। ਇਥੇ ਯਾਦ ਰਖਿਆ ਜਾਵੇ ਕਿ ਅਜ ਆਮ ਅਰਬੀ ਤੇਲ ਸਾਨੂੰ 2400 ਰੁਪਏ ਪ੍ਰਤੀ ਟਨ ਤੋਂ ਵੀ ਉਪਰ ਪੈ ਰਿਹਾ ਹੈ ਜਦੋਂ ਕਿ ਆਸਾਮੀ ਤੇਲ ਦੁਨੀਆਂ ਭਰ ਦੇ ਬੇਹਤਰੀਨ ਤੇਲਾਂ ਵਿਚੋਂ ਇਕ ਹੈ, ਕਿਉਂਕਿ ਇਸ ਵਿਚ 'ਐਰੋਮੇਟਿਕ' ਰਸਾਇਣ ਦਾ ਕਾਫੀ ਅੰਸ਼ ਹੁੰਦਾ ਹੈ। ਸੱਚ ਪੁਛੋ ਤਾਂ ਇਸ ਦੀ ਕੀਮਤ ਅਰਬੀ ਤੇਲ ਨਾਲੋਂ ਵੀ ਡਿਉਢੀ ਹੋਣੀ ਚਾਹੀਦੀ ਹੈ। ਇਥੇ ਹੀ ਬੱਸ ਨਹੀਂ ਜਦੋਂ ਅਸਾਮ ਸਰਕਾਰ ਨੂੰ ਤਾਂ ਤੇਲ ਉਤੋਂ ਕੇਵਲ 54 ਰੁਪਏ ਬਤੌਰ ਸੇਲ ਟੈਕਸ ਪ੍ਰਾਪਤ ਹੁੰਦੇ, ਸੈਂਟਰ ਸਰਕਾਰ ਅਠ੍ਹਾਰਾਂ ਗੁਣਾ ਵਧ 991 ਰੁਪਏ ਪ੍ਰਤੀ ਟਨ ਬਤੌਰ ਸੇਲ ਟੈਕਸ ਕਮਾ ਰਹੀ ਹੈ।

ਏਥੇ ਲੋਕ ਗੈਸ ਖਾਤਰ ਜੁੱਤੀਓ-ਜੁੱਤੀ ਹੋ ਰਹੇ ਹਨ... ਉਧਰ ਕਈ ਹਜ਼ਾਰ ਸਲਿੰਡਰਾਂ ਜੋਗੀ ਗੈਸ ਹਰ ਰੋਜ਼ ਫਜ਼ੂਲ ਫੂਕਣੀ ਪੈ ਰਹੀ ਹੈ। 500,0000 ਘਣ ਫੁੱਟ ਰੋਜ਼ਾਨਾ ਵਿਅਰਥ ਜਾ ਰਹੀ ਗੈਸ ਨਾਲ ਇਕ ਥਰਮਲ ਪਲਾਂਟ ਚਲਾਇਆ ਜਾ ਸਕਦਾ ਹੈ, ਜਿਸਦੀ ਬਿਜਲੀ ਨਾਲ ਹਜ਼ਾਰਾਂ ਫੈਕਟਰੀਆਂ, ਮਸ਼ੀਨਾਂ, ਟਿਊਬਵੈਲਾਂ ਨੂੰ ਚਲਾਇਆ ਜਾ ਸਕਦਾ ਹੈ।

ਭਾਵੇਂ ਦੇਸ਼ ਭਰ ਵਿਚੋਂ, ਸਭ ਤੋਂ ਵਧ ਤੇਲ ਅਸਾਮ ਵਿਚੋਂ ਹੀ ਕਢਿਆ ਜਾ ਰਿਹਾ ਹੈ ਪਰ ਮਿੱਟੀ ਦੇ ਤੇਲ ਦੇ ਦਰਸ਼ਣ, ਪੰਜਾਬ ਵਾਂਗੂ ਅਸਾਮ ਦੇ ਪਿੰਡਾਂ, ਸ਼ਹਿਰਾਂ ਵਿਚ ਵੀ ਕਦੇ ਕਦੇ ਹੀ ਹੁੰਦੇ ਹਨ।

## ਪਟਸਨ-ਪਲਾਈਵੁਡ :

ਅਸਾਮ ਬੱਜਟ ਤੇ ਬਹਿਸ ਕਰਦਿਆਂ ਸੀ. ਪੀ. ਐਮ. ਦੇ ਯੋਤੀਬਾਸੂ ਜੀ ਨੇ ਦਸਿਆ ਕਿ ਜਿਸ ਅਸਾਮ ਵਿਚੋਂ ਪਲਾਈਵੁਡ ਪ੍ਰਾਪਤ ਹੁੰਦੀ ਹੈ ਉਸਨੂੰ ਤਾਂ ਸਿਰਫ 35 ਲੱਖ ਦੀ ਆਮਦਨ ਹੁੰਦੀ ਹੈ ਜਦੋਂ ਕਿ ਦਿੱਲੀ ਸਰਕਾਰ ਉਸੇ ਤੋਂ ਢਾਈ ਸੌ ਗੁਣਾ 8000 ਲੱਖ ਬਤੌਰ ਟੈਕਸ ਪ੍ਰਾਪਤ ਕਰਦੀ ਹੈ ਤੇ ਇਸ ਤਰ੍ਹਾਂ ਅਸਾਮ ਕਿਵੇਂ ਵਿਕਾਸ ਕਰ ਸਕਦਾ ਹੈ ? ਸੰਨ 1978 ਵਿਚ ਚਲ ਰਹੇ ਪਟਸਨ ਦੇ 64 ਵਡਿਆਂ ਕਾਰਖਾਨਿਆਂ ਵਿਚੋਂ ਸੁਖੀ ਸਾਂਦੀ ਇਕੋ ਹੀ ਅਸਾਮ ਵਿਚ ਸੀ।

ਇਸੇ ਤਰ੍ਹਾਂ ਰੇਸ਼ਮ ਨਾਈਲਨ, ਰਬੜ, ਪਲਾਸਟਿਕ, ਪੋਲਿਸਟਰ ਧਾਗੇ, ਰੰਗ-ਰੋਗਨ, ਕੀੜੇ ਮਾਰ ਦਵਾਈਆਂ, ਆਦਿ ਦੇ ਅਨੇਕਾਂ ਕਾਰਖਾਨੇ ਅਸਾਮ ਵਿਚ ਲਗ ਸਕਦੇ ਹਨ, ਕਿਉਂਕਿ ਇਨ੍ਹਾਂ ਲਈ ਕੱਚਾ ਮਾਲ ਅਤੇ ਸੈਂਕੜੇ ਕਾਰਖਾਨੇ ਚਲਾਉਣ ਲਈ ਬਾਲਣ (ਗੈਸ) ਇਥੇ ਮੌਜੂਦ ਹੈ ਪਰ ਲਗਾਵੇ ਕੌਣ...? ਇਕ ਟੈਕਨੀਕਲ ਸਰਵੇ ਦੁਰਾਨ ਪਤਾ ਲਗਿਆ ਕਿ ਰੋਜਮਰਾ ਦੀ 28 ਅਜਿਹੀਆਂ ਚੀਜ਼ਾਂ ਹਨ ਜੋ ਅਸਾਨੀ ਨਾਲ ਆਸਾਮ ਵਿਚ ਬਣਾਈਆਂ ਜਾ ਸਕਦੀਆਂ ਹਨ ਪਰ ਉਨ੍ਹਾਂ ਦਾ ਕੱਚਾ ਮਾਲ ਅਸਾਮ ਵਿਚੋਂ ਘੜਕੇ ਬਿਰਲੇ-ਟਾਟੇ ਦੇ ਸ਼ਹਿਰਾਂ ਵਿਚੋਂ ਬਣ ਕੇ ਮੁੜ ਅਸਾਮ ਵਿਖੇ ਤਿਗਣੀਆਂ-ਚੌਗੁਣੀਆਂ ਕੀਮਤਾਂ ਤੇ ਵੇਚੀਆਂ ਜਾ ਰਹੀਆਂ ਹਨ। ਅਜ ਵੀ ਕੀ ਟਿੱਚ ਬਟਨ ਤੇ ਕੀ ਬਸਕੂਏ...ਕੀ ਰਬੜ ਦੇ ਗੇਂਦ ਤੇ ਕੀ ਫਰਨੈਲ ਦੀਆਂ ਗੋਲੀਆਂ...ਸਭ ਚੀਜ਼ਾਂ ਬਾਹਰ ਹੀ ਬਣਾਈਆਂ ਜਾ ਰਹੀਆਂ ਹਨ।

## ਸਿਆਸੀ ਕਾਰਨ:

### 1. ਨਾਮਾਤਰ ਵਿਕਾਸ :

ਕਿਸੇ ਵੀ ਸੂਬੇ/ਦੇਸ਼ ਦਾ ਵਿਕਾਸ ਉਸ ਦੇਸ਼ ਦੀ ਕੁਲ ਪ੍ਰਤੀ ਜੀ ਪੈਦਾਵਾਰ, ਬਿਜਲੀ ਸ਼ਕਤੀ ਰੇਲਾਂ-ਸੜਕਾਂ ਅਤੇ ਬੈਂਕ-ਕਾਰਖਾਨਿਆਂ ਤੋਂ ਲਗਾਇਆ ਜਾ ਸਕਦਾ ਹੈ।

### (ੳ) ਆਮਦਨ ਪਤੀ ਜੀ:

ਭਾਵੇਂ ਅਸਾਮ ਕੁਦਰਤੀ ਸੋਮਿਆਂ ਵਿਚ ਦੇਸ਼ ਭਰ ਵਿਚੋਂ ਸਭ ਤੋਂ ਵਧ ਅਮੀਰ ਹੈ, ਚਾਹੇ ਅਸਾਮ ਦਾ ਇਕੱਲਾ ਤੇਲ ਹੀ, ਪੰਜਾਬ ਦੀ ਤਮਾਮ ਕਣਕ ਨਾਲੋਂ ਵਧ ਮੁਲ ਦਾ ਹੁੰਦਾ ਹੈ...ਪੰਜਾਬ ਦੀ ਤਮਾਮ 8 ਕਰੋੜ ਕੁਵਿੰਟਲ ਕਣਕ ਅਤੇ 4 ਕਰੋੜ ਕਵਿੰਟਲ ਝੋਨਾ ਮਸਾਂ 1300 ਕਰੋੜ

ਦੀ ਬਣਦੀ ਹੈ ਜਦੋਂ ਕਿ ਅਸਾਮ ਦਾ 5 ਕਰੋੜ ਕਵਿੰਟਲ ਸਲਾਨਾ ਤੇਲ ਅਤੇ 2 ਕਰੋੜ ਕਵਿੰਟਲ ਝੋਨਾ ਹੀ ਅੰਤਰ ਰਾਸ਼ਟਰੀ ਦਾ ਮੁਤ-ਬਕ 1400 ਕਰੋੜ ਦਾ ਬਣਦਾ ਹੈ। ਇਸ ਤੋਂ ਇਲਾਵਾ ਚਾਹ, ਪਟਸਨ, ਰੇਸ਼ਮ, ਪਲਾਈਵੁਡ, ਗੈਸ, ਖਾਦ ਵੀ ਅਰਬਾਂ ਰੁਪਏ ਦੀ ਪੈਦਾ ਹੁੰਦੀ ਹੈ ਪਰ ਅਫਸੋਸ ਕਿ ਅਸਾਮ ਫਿਰ ਵੀ ਅਤੀ ਪਛੜਿਆਂ ਸੂਬਿਆਂ ਵਿਚੋਂ ਇਕ ਗਿਣਿਆ ਜਾਂਦਾ ਹੈ। ਜਦੋਂ ਇਕ ਪੰਜਾਬੀ ਦੀ ਔਸਤਨ ਸਲਾਨਾ ਆਮਦਨ 2088 ਰੁਪਏ ਹੈ...... ਸਮੁੱਚੇ ਦੇਸ਼ ਦੀ ਸਲਾਨਾ ਪ੍ਰਤੀ ਜੀ 1189 ਰੁਪਏ ਹੈ ਪਰ ਅਸਾਮ ਦੀ ਆਮਦਨ ਸਿਰਫ 866 ਰੁਪਏ ਪ੍ਰਤੀ ਜੀ ਹੈ।

## (ਅ) ਰੇਲਾਂ :

ਅੰਗਰੇਜ਼ਾਂ ਨੇ ਅਸਾਮ ਦੇ ਚਾਹ ਬਾਗਾਂ ਵਿਚੋਂ ਚਾਹ ਢੋਣ ਅਤੇ ਫੌਜਾਂ ਦੀ ਆਵਾਜਾਈ ਲਈ ਅਜ ਤੋਂ ਸੌ ਸਾਲ ਪਹਿਲਾਂ ਸੰਨ 1881 ਵਿਚ ਕਦੇ ਇਕ ਛੋਟੀ ਲਾਈਨ ਅਸਾਮ ਵਿਚ ਵਿਛਾਈ ਸੀ। ਨਾ ਉਨ੍ਹਾਂ ਨੇ ਹੀ ਅਸਾਮ ਦੇ ਪਿੰਡਾਂ-ਸ਼ਹਿਰਾਂ ਨੂੰ ਰੇਲਵੇ ਲਾਈਨ ਨਾਲ ਜੋੜਨ ਦੀ ਕਦੇ ਕੋਸ਼ਿਸ਼ ਕੀਤੀ ਅਤੇ ਨਾ ਇਨ੍ਹਾਂ ਪਿਓ ਦੇ ਪੁੱਤਰਾਂ ਨੇ ਹੀ ਪਿੰਡ-ਸ਼ਹਿਰ ਰੇਲਵੇ ਨਾਲ ਜੋੜੇ, ਅਜ ਤੀਕ ਵੀ ਅਸਾਮ ਦੇ ਮੁੱਖ ਕਸਬੇ ਮਸਲਨ ਲਵਗਾਂਗ, ਜੋਰਹਟ, ਸਿਬਸਾਗਰ, ਡਿਬਰੂਗੜ ਆਦਿ ਆਪਸ ਵਿਚ ਸਿਧੇ ਨਹੀਂ ਜੋੜੇ ਜਾ ਸਕੇ।

## (ੲ) ਬਿਜਲੀ :

ਭਾਵੇਂ ਅਸਾਮ ਵਿਚ ਤੇਜ਼ ਰਫਤਾਰ ਨਾਲ ਵਗਣ ਵਾਲਿਆਂ ਨਾਲਿਆਂ ਦੀ ਗਿਣਤੀ ਬੇਸ਼ੁਮਾਰ ਹੈ, ਬਿਜਲੀ ਪੈਦਾ ਕਰਨ ਲਈ ਅਨੇਕਾਂ ਛੋਟੇ ਵਡੇ ਦਰਿਆ/ਪਹਾੜ ਮੌਜੂਦ ਹਨ, ਤਪਤ-ਬਿਜਲੀ ਘਰ ਚਲਾਉਣ ਲਈ ਤੇਲ-ਗੈਸ ਦੇ ਅਟੁਟ ਭੰਡਾਰ ਹਨ ਪਰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਬਿਜਲੀ (ਸ਼ਕਤੀ) ਦੇ ਮਾਮਲੇ ਵਿਚ ਵੀ ਅਸਾਮ ਅਤੇ ਉਸਦੇ ਗਵਾਂਢੀ ਪਹਾੜੀ ਸੂਬੇ, ਸਾਰੇ ਹਿੰਦੁਸਤਾਨ ਵਿਚੋਂ ਫਾਡੀ ਹਨ ਜੋ ਹੇਠਾਂ ਦਿਤੇ ਗਏ ਸਰਕਾਰੀ ਅੰਕੜਿਆਂ ਤੋਂ ਵੀ ਸਪੱਸ਼ਟ ਹੋ ਜਾਵੇਗਾ।

| | |
|---|---|
| ਉੱਤਰੀ ਇਲਾਕਾ | 2754 (ਕਰੋੜ ਯੂਨਿਟਸ) |
| ਪੱਛਮੀ ਇਲਾਕਾ | 3120 " |
| ਦਖਣੀ ਇਲਾਕਾ | 2635 " |
| ਪੂਰਬੀ ਇਲਾਕਾ | 1640 " |

(ਸ) ਬੈਂਕ : ਉੱਤਰੀ-ਪੂਰਬੀ (ਅਸਾਮ) 93

ਕਿਸੇ ਵੀ ਸੂਬੇ ਦੀ ਤਰੱਕੀ-ਵਪਾਰ (ਕਾਰਖਾਨਿਆਂ) ਦਾ ਅੰਦਾਜ਼ਾ ਉਸ ਸੂਬੇ ਦੇ ਬੈਂਕਾਂ ਦੀ ਕਾਰਗੁਜ਼ਾਰੀ ਤੋਂ ਅਸਿਧੇ ਤੌਰ ਤੇ ਲਗਾਇਆ ਜਾ ਸਕਦਾ ਹੈ। ਅਸਾਮ ਇਸ ਮਾਮਲੇ ਵਿਚ ਵੀ ਇਕ ਉੜੀਸਾ ਨੂੰ ਛੱਡ ਕੇ ਸਭ ਤੋਂ ਪਛੜਿਆ ਪ੍ਰਾਂਤ ਹੈ।

## (ਹ) ਮੁੱਖ ਕਾਰਖਾਨੇ (ਤੇਲ-ਸੋਧਕ ਕਾਰਖਾਨੇ)

ਅਜ ਤੋਂ ਸੋ ਸਾਲ ਪਹਿਲਾਂ ਅੰਗਰੇਜ਼ਾਂ ਨੇ ਡਿਗਬੋਈ ਵਿਖੇ ਇਕ ਤੇਲ ਸੋਧਕ ਕਾਰਖਾਨਾ ਕਦੇ ਲਗਾਇਆ ਸੀ ਜਿਸਦਾ ਸਮੁੱਚਾ ਮੁਨਾਫਾ ਅਜ਼ ਵੀ ਅੰਗਰੇਜ਼ਾਂ ਨੂੰ ਲੰਡਨ ਵਿਖੇ ਪਹੁੰਚ ਰਿਹਾ ਹੈ। ਭਾਵੇਂ ਸਾਰੇ ਦੇਸ਼ ਵਿਚ ਅੱਧ ਤੋਂ ਵੱਧ ਤੇਲ ਅਸਾਮ ਵਿਚੋਂ ਹੀ ਕੱਢਿਆ ਜਾਂਦਾ ਹੈ ਪਰ ਤੇਲ ਸੋਧਕ ਕਾਰਖਾਨੇ ਕੇਵਲ ਦੋ ਹੀ ਹਨ ਅਸਾਮ ਵਿਚ, ਉਹ ਵੀ ਛੋਟੇ ਛੋਟੇ ਅਸਾਮ ਵਿਚਲੇ 2 ਕਾਰਖਾਨਿਆਂ ਦੀ ਕੁਲ ਕਸ਼ਮਤਾ (ਕਪੈਸੀਟੀ) =146 ਲੱਖ ਟਨ ਅਸਾਮ ਤੋਂ ਬਾਹਰ ਲਗੇ 9 ਕਾਰਖਾਨਿਆਂ ਦੀ ਕਪੈਸੀਟੀ =305 ਲੱਖ ਟਨ ਫਿਰ 1956 ਵਿਚ ਵੀ ਬਰੌਲੀ ਵਿਖੇ ਵਡਾ ਕੇਂਦਰੀ ਤੇਲ ਸਾਫ ਕਰਨ ਵਾਲਾ ਕਾਰਖਾਨਾ ਲਾਉਣ ਤੇ ਕਾਫੀ ਅੰਦੋਲਨ ਭਖਿਆ ਸੀ। ਅਸਾਮੀ ਇਹੋ ਵਡਾ ਕਾਰਖਾਨਾ ਅਸਾਮ ਵਿਖੇ ਲਾਉਣ ਦੀ ਮੰਗ ਕਰ ਰਹੇ ਸਨ। ਬਰੌਲੀ ਵਿਖੇ ਕਾਰਖਾਨਾ ਲਗਾਉਣ ਕੇਂਦਰ ਦੀ ਸਿਆਸੀ ਸਾਜਿਸ਼ ਸੀ, ਅਸਲ ਵਿਚ ਟੈਕਨੀਕਲੀ ਇਹ ਕਾਰਖਾਨਾ ਅਸਾਮ ਵਿਚ ਹੀ ਲਗਣਾ ਚਾਹੀਦਾ ਸੀ। ਪਰ ਉਸ ਵਕਤ ਗੁਹਾਟੀ ਵਿਖੇ ਇਕ ਛੋਟੇ ਕਾਰ-ਖਾਨੇ ਦਾ ਭਰੋਸਾ ਦਿਵਾ ਕੇ ਕੇਂਦਰੀ ਸਰਕਾਰ ਨੇ ਆਸਾਮੀਆਂ ਦੇ ਗੁੱਸੇ ਨੂੰ ਠੰਡਾ ਕਰ ਦਿੱਤਾ ਸੀ।

ਫਿਰ 1970-72 ਵਿਚ ਦੁਬਾਰਾ "ਹੋਰ ਤੇਲ ਸੋਧਕ ਕਾਰਖਾਨਾ ਲਾਓ" ਦੀ ਮੰਗ ਨੂੰ ਲੈ ਕੇ ਅਸਾਮੀ ਲੋਕਾਂ ਨੇ ਭਾਰੀ ਅੰਦੋਲਨ ਕੀਤਾ ਸੀ। ਮੌਜੂਦਾ ਅੰਦੋਲਨ ਚਲਾ ਰਹੀ ਮੁੱਖ ਵਿਦਿਆਰਥੀ ਜਥੇਬੰਦੀ ਆਸੂ (AASU) ਦਰਅਸਲ ਉਦੋਂ ਹੀ ਲੋਕਾਂ ਵਿਚ ਹਰਮਨ ਪਿਆਰੀ ਬਣੀ ਸੀ।

## 2. ਬੇਰੁਜ਼ਗਾਰੀ

ਮੌਜੂਦਾ ਅੰਦੋਲਨ ਦੇ ਛਿੜਨ ਦਾ ਮੁੱਖ ਕਾਰਨ ਅਸਲ ਵਿਚ ਬੇਰੁਜ਼ਗਾਰੀ ਹੈ। ਸੂਬਾ ਅਸੈਂਬਲੀ ਦੁਆਰਾ ਬਣਾਈ ਗਈ ਰੁਜ਼ਗਾਰ ਸਬੰਧੀ ਕਮੇਟੀ ਨੇ ਆਪਣੀ ਰਿਪੋਟ ਵਿਚ ਲਿਖਿਆ ਹੈ ਕਿ ਭਾਵੇਂ ਰੁਜ਼ਗਾਰ—ਦਫਤਰਾਂ ਵਿਚ ਕੁਲ ਢਾਈ ਲੱਖ ਲੋਕਾਂ ਨੇ ਹੀ ਨਾਮ ਦਰਜ਼ ਕਰਵਾਏ ਕਈ ਐਸੇ ਦੇਸ਼ ਹਨ ਜਿਨ੍ਹਾਂ ਦੀ ਸਮੁੱਚੀ ਅਬਾਦੀ ਵੀ ਐਨੀ ਨਹੀਂ) ਅਸਾਮ ਵਿਚ ਪੜ੍ਹੇ ਲਿਖੇ ਬੇ-ਰੁਜ਼ਗਾਰਾਂ ਦੀ ਗਿਣਤੀ ਹੀ ਇਕ ਲੱਖ ਤੋਂ ਉਪਰ ਹੈ। ਜਿਥੇ ਕੰਮ ਕਰਨ ਯੋਗ ਆਦਮੀ-ਔਰਤਾਂ, ਪੜ੍ਹੇ ਲਿਖੇ-ਅਨਪੜ੍ਹ, ਪੇਂਡੂ ਸ਼ਹਿਰੀ ਕੁਲ 72 ਲੱਖ ਹੋਣ (1971) ਅਤੇ ਉਨ੍ਹਾਂ ਵਿਚ 15 ਲੱਖ ਬੇਕਾਰ ਹੋਣ ਦਾ ਮਤਲਬ ਹੈ ਕਿ ਲਗ ਭਗ ਹਰ ਪੰਜਵਾਂ ਕੰਮ ਕਰਨ ਯੋਗ ਅਸਾਮੀ ਬੇ-ਰੁਜਗਾਰੀ ਦਾ ਸ਼ਿਕਾਰ ਹੋਇਆ ਪਿਆ ਹੈ। ਇਥੋਂ ਤੁਸੀਂ ਆਪ ਹੀ ਸੂਬੇ

ਵਿਚ ਹੋਣ ਵਾਲੀ ਤਬਾਹੀ ਦਾ ਅੰਦਾਜ਼ਾ ਲਗਾ ਸਕਦੇ ਹੋ । 1978 ਦੁਰਾਨ "ਬਨਗਾਏਗਾਉਂ ਤੇਲ ਸੋਧਕ ਕਾਰਖਾਨੇ ਵਿਚ 80 ਫੀ ਸਦੀ ਨੌਕਰੀਆਂ, ਅਸਾਮੀਆਂ ਲਈ ਰਾਖਵੀਆਂ ਕਰੋ" ਦੇ ਨਾਉਂ ਹੇਠ ਚਲਣ ਵਾਲੀ ਐਜੀਟੇਸ਼ਨ ਨਾਲ ਹੀ ਮੌਜੂਦਾ ਅੰਦੋਲਨ ਦੀ ਪਹਿਲੀ ਚੰਗਿਆੜੀ ਮੱਚੀ ਸੀ ... ਹਰ ਪਿੰਡ ਹਰ ਸ਼ਹਿਰ ਬੇ-ਰੁਜ਼ਗਾਰਾਂ ਦੀਆਂ ਜਥੇਬੰਦੀਆਂ ਬਣ ਉਠੀਆਂ । ਵੇਖਦਿਆਂ ਹੀ ਵੇਖਦਿਆਂ ਲਹਿਰ ਸਾਰੇ ਅਸਾਮ ਵਿਚ ਫੈਲ ਗਈ । ਆਲ ਅਸਾਮ ਵਿਦਿਆਰਥੀ ਜਥੇਬੰਦੀ ਦੀਆਂ ਸ਼ਾਖਾ ਵੀ ਸਾਰੇ ਅਸਾਮ ਵਿਚ ਪਹਿਲਾਂ ਤੋਂ ਹੀ ਮੌਜੂਦ ਸਨ — ਅੰਦੋਲਨ ਵਿਚ ਕੁਦ ਪਈ । ਅੰਦੋਲਨਕਾਰੀਆਂ ਦੀਆਂ ਮੰਗਾਂ ਇਹ ਹਨ :

1. ਫੌਰਨਰਜ਼ (ਬੰਗਲਾਦੇਸ਼ੀਆਂ ਨੂੰ ਬਾਹਰ ਕਢੋ ।
2. ਹੜਾਂ ਦੀ ਰੋਕ-ਥਾਮ ਦਾ ਪ੍ਰਬੰਧ ਕਰੋ ।
3. ਅਸਾਮ ਵਿਚ ਚਾਲੂ ਰੇਲਾਂ, ਤੇਲ, ਖਾਦ, ਬੈਂਕ, ਫੂਡ ਕਾਰਪੋਰੇਸ਼ਨ ਵਰਗੀਆਂ ਕੇਂਦਰੀ ਸਨਅੱਤਾਂ ਵਿਚ ਆਸਾਮੀਆਂ ਲਈ 80% ਨੌਕਰੀਆਂ ਰਾਖਵੀਆਂ ਕਰੋ ।
4. ਆਸਾਮੀ ਭਾਸ਼ਾ ਨੂੰ ਸਾਰੇ ਅਸਾਮ ਵਿਚ ਚੰਗੀ ਤਰ੍ਹਾਂ ਲਾਗੂ ਕਰੋ ।
5. ਹੋਰ ਕਾਰਖਾਨੇ ਲਗਾਉ ।

ਸ਼ੁਰੂ ਵਿਚ ਤਾਂ ਅੰਦੋਲਨ ਕਾਫੀ ਲੋਕ-ਪ੍ਰਿਯ ਹੋ ਗਿਆ ਪਰ ਹੌਲੇ ੨ ਜਦੋਂ ਪੂਰਬ-ਆਂਚਲ ਪਾਰਟੀ, ਆਰ. ਐਸ. ਐਸ. ਅਸਾਮੀ ਜਾਤੀਵਾਦੀ ਦਲ — ਜਿਸ ਦਾ ਮੁੱਖ ਨਾਹਰਾ ਅਸਾਮ-ਅਸਾਮੀਆਂ ਲਈ ਹੈ (ਸਨ ਆਫ ਦੀ ਸਾਇਲ) ਵਰਗੀਆਂ ਫਾਸ਼ੀਵਾਦੀ, ਵਖਵਾਦੀ, ਮੌਕਾ ਪ੍ਰਸਤ, ਐਂਟੀ ਸਮਾਜਵਾਦੀ ਪਾਰਟੀਆਂ ਆਣ ਸ਼ਾਮਲ ਹੋਈਆਂ ਤਾਂ ਅੰਦੋਲਨ ਦਾ ਮੁੱਖ ਕੇਂਦਰੀ ਸਰਕਾਰ, ਬਦੇਸ਼ੀ ਅਤੇ ਦੇਸ਼ੀ ਸਰਮਾਏਦਾਰੀ ਦੀ ਲੁੱਟ ਦੇ ਖਿਲਾਫ ਜਾਣ ਦੀ ਬਜਾਏ ਬੰਗਾਲੀ ਅਤੇ ਹੋਰ ਗੈਰ ਆਸਾਮੀਆਂ ਦੇ ਵਿਰੁੱਧ ਹੀ ਹੋ ਗਿਆ । ਬਾਕੀ ਲੋਕ ਮੰਗਾਂ ਤਾਂ ਅੰਦੋਲਨਕਾਰੀਆਂ ਭੁੱਲ ਗਏ ਅਤੇ ਕੇਵਲ ਇਕੋ ਮੰਗ "ਫੌਰਨਰਜ਼ ਬਾਹਰ ਕਢੋ"

## 3. ਮਹਿੰਗਾਈ ਅਤੇ ਭੁੱਖਮਰੀ :

ਆਮ ਵਰਤੋਂ ਦੀਆਂ ਅਨੇਕਾਂ ਚੀਜ਼ਾਂ ਮਸਲਨ ਸਾਬਣ-ਤੇਲ-ਕਪੜਾ ਆਦਿ ਜੋ ਅਸਾਨੀ ਨਾਲ ਆਸਾਮ ਵਿਚ ਹੀ ਬਣਾਈਆਂ ਜਾ ਸਕਦੀਆਂ...ਨਹੀਂ ਬਣਾਈਆਂ ਜਾ ਰਹੀਆਂ । ਅਤੇ ਇਥੇ ਹੀ ਬਸ ਨਹੀਂ ਇਹੋ ਚੀਜ਼ਾਂ ਬੰਬਈ, ਕਲਕੱਤੇ, ਅਹਿਮਦਾਬਾਦ, ਦਿੱਲੀ ਤੋਂ ਅਸਾਮ ਵਿਚ ਦੁਗਣੇ-ਤਿਗਣੇ ਭਾ ਤੇ ਮਿਲਦੀਆਂ ਹਨ । ਇਕ ਸ਼ਹਿਰੀ ਅਸਾਮੀ ਦੀ ਆਮਦਨ ਦਾ ਔਸਤਨ 25-30 ਫੀ ਸਦੀ ਤਾਂ ਇਨ੍ਹਾਂ ਰੋਜਮਰਾ ਦੀ ਗੈਰ-ਭੋਜਨੀ ਚੀਜ਼ਾਂ ਤੇ ਹੀ ਖਰਚ ਹੋ ਜਾਂਦਾ ਹੈ ।

## 4. ਰਿਫੂਜੀਆਂ ਦੀ ਭਰਮਾਰ :

ਮਹਿੰਗਾਈ ਅਤੇ ਭੁੱਖਮਰੀ ਦੀ ਅੱਗ ਵਿਚ ਜਲਦੇ ਇਹ ਬੇ-ਰੁਜ਼ਗਾਰ ਅਸਾਮੀਆਂ ਦੇ ਜਖਮਾਂ ਤੇ ਲੂਣ ਛਿੜਕ ਰਹੀ ਹੈ ਨਿਤ ਦਿਨ ਵਧ ਰਹੀ ਬੰਗਲਾਦੇਸ਼ੀਆਂ ਦੀ ਫੌਜ ? ਬਹੁਤ ਸਾਰੇ ਹਿੰਦੂ-ਮੁਸਲਮਾਨ ਤਾਂ ਭਾਵੇਂ ਵਖਤਾਂ ਦੇ ਮਾਰੇ ਬਰਮ੍ਹਾ ਦੀ ਵੰਡ, ਦੂਜੀ ਵਡੀ ਲੜਾਈ, ਸੰਤਾਲੀ ਦੀ ਵੰਡ ਸਮੇਂ ਢਾਕੇ ਵਲੋਂ ਅਸਾਮ ਮੇਘਾਲਿਆ ਵਿਚ ਆਏ ਸਨ ਪਰ 1947 ਤੋਂ ਮਗਰੋਂ ਵੀ ਆਉਣ ਵਾਲੇ ਇਨ੍ਹਾਂ ਰਿਫੂਜੀਆਂ ਦੀ ਗਿਣਤੀ ਕਿਸੇ ਸੂਰਤ ਵਿਚ ਘਟੀ ਨਹੀਂ । ਚੋਰੀ—ਛਿਪੀ ਕਈ ਹਜ਼ਾਰ ਬੰਗਲਾਦੇਸ਼ੀ 1950-1970 ਦੇ ਦੁਰਾਨ ਵੀ ਉਤਰੀ ਪੂਰਬੀ ਪਹਾੜੀ ਰਾਜਾਂ ਵਿਚ ਆਏ । ਬੰਗਲਾਦੇਸ਼ ਦੀ ਲੜਾਈ ਸਮੇਂ ਵੀ ਜਿਹੜੇ ਬੰਗਲਾਦੇਸ਼ੀ ਹਿੰਦ ਵਿਚ ਆਏ ਸਨ ਉਨ੍ਹਾਂ ਵਿਚ ਦੋ-ਢਾਈ ਲੱਖ ਇਧਰ ਹੀ ਡਟੇ ਰਹੇ । ਕਿਉਂਕਿ ਇਨ੍ਹਾਂ ਬੰਗਲਾ ਦੇਸ਼ੀਆਂ ਵਿਚੋਂ ਬਹੁਤੇ ਕਸਬੇ—ਸ਼ਹਿਰਾਂ ਆਦਿ ਵਿਚ ਹੀ ਬੈਠੇ ਹੋਏ ਹਨ - ਇਸ ਲਈ ਇਹ ਲੋਕ ਵੀ ਸਥਾਨਕ ਮਜਦੂਰਾਂ/ਛੋਟੇ ਕਿਸਾਨਾਂ/ਛੋਟੇ ਦੁਕਾਨਦਾਰਾਂ ਦੀ ਨਜ਼ਰਾਂ ਵਿਚ ਬੁਰੀ ਤਰ੍ਹਾਂ ਰੜਕਦੇ ਹਨ (ਜਿਵੇਂ ਪੰਜਾਬੀ ਮਜ਼ਦੂਰਾਂ/ਰਿਕਸ਼ਾ/ਟਾਂਗਾ ਵਾਲਿਆਂ ਦੀ ਨਜ਼ਰਾਂ ਵਿਚ ਯੂ. ਪੀ. ਦੇ ਭਈਏ)—ਸੋ ਸ਼ਹਿਰੀ ਬਾਬੂਆਂ ਦਾ ਜਿਨ੍ਹਾਂ ਦੇ ਹੱਥ ਮੌਜੂਦਾ ਅੰਦੋਲਨ ਦੀ ਵਾਗ ਡੋਰ ਹੈ ਬੰਗਲਾ ਦੇਸ਼ੀਆਂ ਵਿਰੁਧ ਹੋ ਜਾਣਾ ਸੁਭਾਵਕ ਹੀ ਹੈ ।

## 5. ਮਾਰਵਾੜੀ ਸ਼ਾਹੂਕਾਰ —

ਬੰਗਾਲੀਆਂ ਨਾਲੋਂ ਵੀ ਵੱਧ ਅਸਾਮੀਆਂ ਦੀ ਅੱਖਾਂ ਵਿਚ ਰੜਕ ਰਹੇ ਹਨ ਮਾਰਵਾੜੀ (ਗੁਜਰਾਤੀ-ਮਰਾਠੀ-ਜੈਨੀ ਸ਼ਾਹੂਕਾਰ) ਜਿਨ੍ਹਾਂ ਦਾ ਕਸਬਿਆਂ ਵਿਚ ਮਧ-ਵਰਗੀ ਦੁਕਾਨਦਾਰੀ ਅਤੇ ਵਿਉਪਾਰ ਤੇ ਪੂਰਣ ਕਬਜਾ ਹੈ । ਉਂਜ ਮਹਿੰਗਾਈ ਅਤੇ ਚੋਰ-ਬਾਜ਼ਾਰੀ ਦੀ ਜ਼ਿੰਮੇਂ-ਵਾਰੀ, ਵਡੇ ਸਰਮਾਏਦਾਰ ਤੋਂ ਮਗਰੋਂ ਮੁੱਖ ਤੌਰ ਤੇ ਇਨ੍ਹਾਂ ਸਿਰ ਹੀ ਪੈਂਦੀ ਹੈ । ਇਹੋ ਹੀ ਵੱਡੀ ਸਰਮਾਏਦਾਰੀ ਦੁਕਾਨਾਂ ਵਿਚੋਂ 499 ਦੁਕਾਨਾਂ ਉਪਰ ਇਨ੍ਹਾਂ ਅਤੇ ਹੋਰ ਗੈਰ-ਅਸਾਮੀਆਂ ਦਾ ਹੀ ਕਬਜਾ ਹੈ ।

## 6. ਅਗਵਾਈ ਕਿਨ੍ਹਾਂ ਦੇ ਹੱਥ :

ਸਰਮਾਏਦਾਰੀ ਵੀ ਅਸਾਮ ਅਤੇ ਹੋਰ ਉੱਤਰੀ ਪੂਰਬੀ ਪਹਾੜੀ ਰਾਜਾਂ ਵਿਚ ਵੱਧ ਰਹੇ ਕਮਿਉਨਿਸਟ ਪ੍ਰਭਾਵ ਤੋਂ ਬੇਖਬਰ ਨਹੀਂ ਬੈਠੀ ਸੀ, ਖਾਸ ਤੌਰ ਤੇ ਉਸ ਹਾਲਤ ਸਮੇਂ ਜਦੋਂ ਬੰਗਾਲ ਅਤੇ ਤ੍ਰਿਪੁਰਾ ਵਿਚ ਤਾਂ ਖੱਬੇ ਪੱਖੀ ਸਰਕਾਰਾਂ ਵੀ ਹੋਂਦ ਵਿਚ ਆ ਚੁਕੀਆਂ ਸਨ । ਉਨ੍ਹਾਂ ਨੇ ਇਸ ਉਠ ਰਹੇ ਜੰਤਕ-ਅੰਦੋਲਨ ਦੀ ਨੁਹਾਰ ਉਲਟ ਦਿਸ਼ਾ ਵੱਲ ਮੋੜਨ ਵਿਚ ਕੋਈ ਕਸਰ ਬਾਕੀ ਨਾ ਛੱਡੀ । ਜਗ੍ਹਾ ਜਗ੍ਹਾ ਇਹ ਪ੍ਰਚਾਰ ਕੀਤਾ ਗਿਆ ਕਿ ਬੰਗਾਲੀ

(ਦੂਜੇ ਮਾਇਨੇ ਕਮਿਊਨਿਸਟ) ਸਾਰੇ ਅਸਾਮ ਤੇ ਛਾ ਜਾਣਗੇ । ਅੱਗੇ ਹੀ ਚਾਹ-ਬਾਗਾਂ, ਦਫਤਰਾਂ-ਸਕੂਲਾਂ, ਰੇਲਾਂ, ਕਾਰਖਾਨਿਆਂ, ਹਸਪਤਾਲਾਂ ਵਿਚ ਬੰਗਾਲੀ ਹੀ ਬੰਗਾਲੀ ਸਾਡੇ ਉਪਰ ਛਾਏ ਹੋਏ ਹਨ ਜੋ ਸਾਡੇ ਬੱਚਿਆਂ ਦੇ ਭਵਿੱਖ ਤੇ ਸਿੱਧਾ ਹਮਲਾ ਹੈ — ਸੋ ਜਿੰਨਾ ਚਿਰ ਬੰਗਾਲੀਆਂ ਨੂੰ ਬਾਹਰ ਨਹੀਂ ਕੱਢ ਮਾਰਦੇ : ਤਦ ਤੀਕ ਅਸੀਂ ਅਸਾਮੀ ਕਦੇ ਤਰੱਕੀ ਨਹੀਂ ਕਰ ਸਕਾਂਗਾ । ਹੁਣ ਵਕਤ ਆ ਗਿਆ ਹੈ, ਜਾਉ ਆਪਣੀਆਂ 'ਖਾਨਦਾਨੀ' ਅਸਾਮੀ ਤਲਵਾਰਾਂ ਕੱਢੋ (ਹੈਂਗਡਾਨ) ਅਤੇ ਬੰਗਾਲੀਆਂ ਦੇ ਫਸਤੇ ਗੱਡ ਦਿਉ । ਇਥੇ ਹੀ ਬਸ ਨਹੀਂ ਅੰਦੋਲਨ ਦੇ ਪ੍ਰਮੁੱਖ ਨੇਤਾ ਵੇਖੋ ਕੀ ਪਏ ਕਹਿ ਰਹੇ ਹਨ । ਨਵੰਬਰ 1979 ਦੁਰਾਨ ਜੋਜ਼ਿਫ ਗੁਹਾਟੀ ਵਿਖੇ ਇਕ ਸਭਾ ਵਿਚ ਭਾਸ਼ਣ ਦਿੰਦੇ ਹੋਏ ਨਿਬਾਹਨ ਬੋਰਾ (ਪ੍ਰਧਾਨ ਪੀ. ਐਲ. ਪੀ.) ਨੇ ਖੱਬੀ ਝੁਕਾਓ ਰੱਖਣ ਵਾਲੀਆਂ ਤਮਾਮ ਮਜਦੂਰ ਜਥੇਬੰਦੀਆਂ ਨੂੰ ਕੁਚਲ ਕੇ ਰੱਖ ਦੇਣ ਲਈ ਅਸਾਮੀਆਂ ਨੂੰ ਸ਼ਰੇਆਮ ਸੱਦਾ ਦਿੱਤਾ ।

ਆਰ. ਐਸ. ਐਸ. ਦੇ ਜਨਰਲ ਸਕੱਤਰ ਨੇ ਕਿਹਾ, "ਹਿੰਦੂ ਰਿਫੂਜੀਆਂ (ਬੰਗਲਾ ਦੇਸ਼ੀਆ) ਨੂੰ ਤਾਂ ਅਸਾਮ ਵਿਚ ਰਹਿਣ ਦਿਉ ਅਤੇ ਮੁਸਲਮਾਨਾਂ ਬੰਗਲਾ ਦੇਸ਼ੀਆਂ ਨੂੰ ਬਾਹਰ ਕਢ ਦਿਉ ।"

ਇਨ੍ਹਾਂ ਤੋਂ ਇਲਾਵਾ 1978 ਵਿਚ ਕਾਂਗਰਸ (ਆਈ) ਨੇ ਵੀ ਬਲਦੀ ਤੇ ਤੇਲ ਪਾਉਣ ਦੀ ਕੋਸ਼ਿਸ਼ ਕੀਤੀ— ਉਸਨੇ ਵੀ ਫੌਰਨਰਜ਼ ਨੂੰ ਬਾਰ ਕਢਣ ਵਾਲੀ ਮੁਹਿੰਮ ਵਿਚ ਵਧ ਚੜ੍ਹ ਕੇ ਹਿੱਸਾ ਪਾਇਆ ਕਿਉਂਕਿ ਉਨ੍ਹਾਂ ਦਿਨਾਂ ਵਿਚ ਉਸ ਕੋਲ ਸੈਂਟਰ ਤੇ ਕਾਬਜ਼ ਜੰਤਾ ਪਾਰਟੀ ਦੇ ਵਿਰੁਧ ਸਾਜਿਸ਼ਾਂ ਕਰਨ ਤੋਂ ਸਿਵਾ ਹੋਰ ਕੋਈ ਕੰਮ ਨਹੀਂ ਸੀ । ਅਤੇ ਸੂਬੇ ਕਾਂਗਰਸ ਆਈ ਦੀ ਸਲਾਨਾ ਸੂਬਾ ਮੀਟਿੰਗ ਡਿਬਰੂਗੜ੍ਹ (ਵੱਧ ਗੜਬੜ ਵਾਲੇ ਇਲਾਕੇ) ਵਿਚ ਹੀ ਸਤੰਬਰ 1978 ਵਿਚ ਕੀਤੀ ਗਈ ਅਤੇ ਇਸ ਸੂਬਾ ਕਮੇਟੀ ਦੀ ਮੀਟਿੰਗ ਦਾ ਉਦਘਾਟਨ ਕਰਨ ਵਾਸਤੇ ਇੰਦਰਾ ਦੇਵੀ ਜੀ ਆਪ ਦਿਲੀਉਂ ਚਲਕੇ ਗਏ । ਦਨੇਸ਼ ਗੋਸਵਾਮੀ ਵਰਗੇ ਕਾਂਗਰਸ ਆਈ ਦੇ ਮੈਂਬਰ ਪਾਰਲੀਆ-ਮੈਂਟ ਨੇ ਵੱਧ ਚੜ੍ਹ ਕੇ ਅੰਦੋਲਨ ਨੂੰ ਹਵਾ ਦਿੱਤੀ । ਅਸਾਮ ਸਹਿਤ ਸਭਾ ਵਰਗੀਆਂ ਸਰਕਾਰੀ ਸਹਿਤਕ ਏਜੰਸੀਆਂ ਦੀ ਵੱਖਵਾਦੀ ਰੁਚੀਆਂ ਨੂੰ ਸ਼ਹਿ ਦੇਣ ਤੋਂ ਪਿਛੇ ਨਾ ਰਹੀਆਂ । ਇਥੇ ਇਹ ਵੀ ਯਾਦ ਰਖਿਆ ਜਾਵੇ ਕਿ ਅਸਾਮ-ਸਹਿਤ ਸਭਾ ਸਰਕਾਰੀ ਤੌਰ ਤੇ ਮਾਨਤਾ ਪ੍ਰਾਪਤ ਸਹਿਤ ਸਭਾ ਹੈ । ਜਿਸਦਾ ਸਿਆਸੀ ਪਾਰਟੀਆਂ ਅਤੇ ਸਿਆਸੀ ਕਾਰਕੁਨਾਂ ਨਾਲ ਚੋਖਾ ਰਸੂਖ ਹੈ — ਧਨ ਦੀ ਵੀ ਕੋਈ ਤੋਟ ਨਹੀਂ ਅਤੇ ਸਾਰੇ ਅਸਾਮ ਵਿਚ ਇਸਦੀਆਂ ਸ਼ਾਖਾ ਹਨ । ਵੈਸੇ ਅਸਾਮ-ਸੂਬਾ-ਕਾਂਗਰਸ ਅਤੇ ਸਹਿਤ ਸਭਾ ਅਸਾਮ ਨੇ ਇਕੋ ਜੜ੍ਹ ਤੋਂ ਹੀ ਜਨਮ ਲਿਆ ਸੀ— ਅਸਾਮੀ ਐਸੋਸੀਏਸ਼ਨ ਨਾਉਂ ਦੀ ਸੰਸਥਾ ਵਿਚੋਂ ਕਾਂਗਰਸ ਆਈ ਤੋਂ ਇਲਾਵਾ ਗੌਰੀਸ਼ ਭੱਟਾਚਾਰੀਜ, ਚੇਅਰਮੈਨ ਜੰਤਾ ਪਾਰਟੀ ਅਸਾਮ, ਪੂਰਨਾ ਨਰਾਇਣ ਸਿੰਘ ਐਮ. ਪੀ. ਬਿਸਵਾ ਗੋਸੁਆਮੀ ਵਰਗੇ ਜੰਤਾ ਲੀਡਰਾਂ ਨੇ ਵੀ ਅੰਦੋਲਨ ਦੀ ਰੁਪਏ ਪੈਸੇ ਨਾਲ ਪੂਰੀ ਪੂਰੀ ਮਦਦ ਕੀਤੀ (ਉਦੋਂ ਜਨਸੰਘ ਵੀ ਜੰਤਾ ਪਾਰਟੀ ਵਿਚ ਹੀ ਹੁੰਦੀ ਸੀ) ਅਤੇ ਅਸਾਮ ਦੇ ਅੰਦੋਲਨ ਸਮੂਹ ਲੋਕਾਂ ਦਾ ਘੋਲ ਬਣਨ ਦੀ ਬਜਾਏ ਬੰਗਲਾ ਦੇਸ਼ੀਆਂ ਦੇ ਨਾਉਂ ਹੇਠ ਆਮ ਬੰਗਾਲੀ ਅਤੇ ਹੋਰ ਗੈਰ-ਅਸਾਮੀ ਲੋਕਾਂ ਦੇ ਵਿਰੁਧ ਹੋ ਗਿਆ ।

## 8. ਬੰਗਾਲੀਆਂ ਦੇ ਵਿਰੁੱਧ ਕਿਉਂ ?

ਕਿਉਂਕਿ 1825-1925 ਦੇ ਸੌ ਸਾਲਾਂ ਦੁਰਾਨ ਚਾਹ-ਬਾਗਾਂ ਵਿਚ ਦਫਤਰੀ ਕੰਮ ਕਰਨ ਲਈ ਬਹੁਤ ਸਾਰੇ ਬੰਗਾਲੀਆਂ ਨੂੰ ਸਦ ਲਿਆ ਗਿਆ ਸੀ—ਇਸ ਲਈ ਅਜ ਵੀ ਕਾਫੀ ਸਾਰੇ ਦਫਤਰਾਂ ਵਿਚ ਬੰਗਾਲੀਆਂ ਦੀ ਪ੍ਰਚੂਤਾ ਵੇਖਣ ਨੂੰ ਮਿਲੇਗੀ । ਭਾਵੇਂ ਸੌ-ਡੇਢ ਸੌ ਸਾਲ ਦੇ ਲੰਬੇ ਅਰਸੇ ਵਿਚ ਇਹ ਬੰਗਾਲੀ ਬਾਬੂ ਪਕੇ ਤੌਰ ਤੇ ਹੀ ਅਸਾਮ ਦੇ ਵਾਸੀ ਬਣ ਗਏ, ਉਨ੍ਹਾਂ ਦੇ ਰਸਮੋਰਿਵਾਜਾਂ ਨੂੰ ਧਾਰ ਗਏ, ਪਰ ਅਸਾਮੀਆਂ ਦੀ ਨਜ਼ਰਾਂ ਵਿਚ ਉਹ ਬਾਹਰ ਦੇ ਹੀ ਰਹੇ ਅਤੇ ਬੇਰੁਜ਼ਗਾਰੀ ਦੇ ਵਧਣ ਨਾਲ ਸਿਧੇ ਅਸਾਮੀਆਂ ਦੀਆਂ ਨਜ਼ਰਾਂ ਵਿਚ ਸਰਮਾਏਦਾਰੀ ਨਿਜ਼ਾਮ ਅਤੇ ਕੇਂਦਰੀ-ਹਿਟਲਰਸ਼ਾਹੀ ਕਸੂਰਵਾਰ ਹੋਣ ਦੀ ਬਜਾਏ ਇਹੋ ਬਾਹਰੋਂ ਆਏ ਬੰਗਾਲੀ-ਬਿਹਾਰੀ ਹੀ ਹੋ ਗਏ । ਅੰਗਰੇਜ਼ ਦੁਆਰਾ ਸਾਰੇ ਅਸਾਮ ਵਿਚ ਹੀ 1837 ਦੁਰਾਨ ਬੰਗਾਲੀ ਭਾਸ਼ਾ ਨੂੰ ਸਕੂਲਾਂ-ਕਚੈਹਰੀਆਂ ਵਿਚ ਲਾਗੂ ਕਰਨ ਕਰਕੇ, ਅਸਾਮੀ ਕਲਚਰ ਨੂੰ ਤਬਾਹ ਕਰਨ ਦਾ ਗੁੱਸਾ ਵੀ ਅਸਾਮੀ, ਅੰਗਰੇਜ਼ਾਂ ਦੀ ਬਜਾਏ ਬੰਗਾਲੀਆਂ ਤੇ ਹੀ ਕਢਦੇ ਹਨ । ਅਸਾਮ ਵਿਚ ਡੂਢ ਸੌ ਸਾਲ ਤੋਂ ਟਿਕੇ ਆ ਰਹੇ ਬੰਗਾਲੀਆਂ ਦੇ ਵਿਰੁਧ ਤੀਸਰਾ ਅਤੇ ਸਭ ਤੋਂ ਵਡਾ ਕਾਰਨ ਹੈ ਬੰਗਾਲ ਦਾ ਅਸਾਮ ਦੇ ਗੁਆਂਢ ਵਿਚ ਹੋਣਾ—ਤ੍ਰਿਪੁਰਾ ਦੇ ਅਸਾਮ ਨਾਲ ਹੋਣਾ ਅਤੇ ਬੰਗਾਲ ਅਤੇ ਤ੍ਰਿਪੁਰਾ ਵਿਚ ਖਬੇ ਪੱਖੀ ਪਾਰਟੀਆਂ ਦੀ ਸਰਕਾਰ ਦਾ ਹੋਣਾ—ਜੋ ਸਰਮਾਏਦਾਰਾਂ ਦੀ ਅੱਖਾਂ ਵਿਚ ਕੰਡੇ ਵਾਂਗੂ ਰੜਕ ਰਹੀਆਂ ਹਨ ।

## 9. ਪ੍ਰੈੱਸ ਦਾ ਰੋਲ :

ਬੰਗਾਲ ਅਤੇ ਤ੍ਰਿਪੁਰਾ ਵਿਚ ਖੱਬੇ ਪੱਖੀ ਸਰਕਾਰਾਂ ਹੋਣ ਤੋਂ ਇਲਾਵਾ ਅਸਾਮ ਵਿਚ ਵੀ ਖਬੇ ਪੱਖੀ ਤਾਕਤਾਂ ਜ਼ੋਰ ਫੜ ਰਹੀਆਂ ਸਨ । 126 ਮੈਂਬਰੀ ਸਦਨ ਵਿਚ ਜਿਥੇ 64 ਮੈਂਬਰਾਂ ਦੀ ਸਰਕਾਰ ਬਣ ਜਾਂਦੀ ਹੋਵੇ ਉਥੇ 24 ਖਬੇ ਪੱਖੀ ਪਾਰਟੀਆਂ ਦੇ ਮੈਂਬਰਾਂ ਹੋਣਾ ਕਾਫੀ ਮਾਇਣੇ ਰਖਦਾ ਹੈ । ਅਜਾਰੇਦਾਰੀ ਪ੍ਰੈੱਸ ਨੇ ਮੌਕੇ ਦਾ

ਪੂਰਾ ਫਾਇਦਾ ਉਠਾਉਂਦਿਆਂ ਹੋਇਆਂ ਇਲਾਕਾ-ਪ੍ਰਸਤ, ਮੌਕਾ-ਪ੍ਰਸਤ, ਕੌਮ-ਪ੍ਰਸਤ ਵਰਗੀਆਂ ਵੱਖ-ਵਾਦੀ ਫਾਸੀ-ਵਾਦੀ ਸ਼ਕਤੀਆਂ ਦਾ ਵੱਧ ਚੜ੍ਹ ਕੇ ਸਾਥ ਦਿੱਤਾ। ਉਨ੍ਹਾਂ ਅਜਿਹਾ ਪ੍ਰਚਾਰ ਕੀਤਾ ਕਿ ਆਮ ਸਧਾਰਨ ਅਸਾਮੀ ਨੂੰ ਗੈਸ-ਤੇਲ, ਝੋਨਾ-ਕਪਾਹ ਪਟਸਨ-ਚਾਹ, ਰੇਸ਼ਮ ਅਤੇ ਪਲਾਈਵੁਡ ਆਦਿ ਵਿਚ ਹੋ ਰਹੀ ਬਿਰਲੇ-ਟਾਟੇ-ਡਾਲਮੀਏ ਅਤੇ ਦਿੱਲੀ (ਕੇਂਦਰੀ ਸਰਕਾਰ) ਦੀ ਨਾਦਰਸ਼ਾਹੀ ਲੁੱਟ ਭੁਲ ਗਈ ਅਤੇ ਉਹ ਆਪਣੀ ਭੁੱਖ-ਮਰੀ, ਬੇਕਾਰੀ, ਕੰਗਾਲੀ ਅਤੇ ਪਛੜੇਪਨ ਹੋਣ ਦਾ ਕਾਰਖਾਨਿਆਂ ਅਤੇ ਦਫ਼ਤਰਾਂ ਵਿਚ ਲੱਗੇ ਗੈਰ-ਅਸਾਮੀਆਂ ਨੂੰ ਹੀ ਸਮਝਣ ਲੱਗੇ। ਰਾਈ ਦਾ ਪਹਾੜ ਬਣਾ ਰਹੀਆਂ ਅਖ਼ਬਾਰਾਂ ਦਾ ਜ਼ਰਾ ਨਮੂਨਾ ਵੇਖੋ :—

"ਇਹ ਬਰੌਨੀ ਦਾ ਤੇਲ ਸੋਧਕ ਕਾਰਖਾਨਾ ਹੈ — ਇਸ ਵਿਚ 80 ਇੰਨਜੀਨੀਅਰਾਂ ਵਿਚੋਂ ਕੁਲ 12 ਹੀ ਅਸਾਮੀ ਹਨ — ਦਿੱਲੀ ਵਿਖੇ ਹੀ ਇਨ੍ਹਾਂ ਦੀ ਭਰਤੀ ਕੀਤੀ ਜਾਂਦੀ ਹੈ ... ਨਾਉਂ ਦਿੱਲੀ ਦੇ ਰੁਜ਼ਗਾਰ ਦਫਤਰਾਂ ਵਿਚੋਂ ਬਹੁਤੇ ਲਏ ਜਾਂਦੇ ਹਨ ... ਇਸ ਤੋਂ ਇਲਾਵਾ ਇਸੇ ਕਾਰਖਾਨੇ ਵਿਖੇ (ਕੈਮਿਸਟ) ਰਸਾਇਣ ਅਫ਼ਸਰ ਲੇਖਾ ਪੜਤਾਲ ਅਫ਼ਸਰ, ਪ੍ਰਬੰਧਕੀ ਅਫ਼ਸਰ, ਕਾਰਜਕਾਰੀ ਅਫ਼ਸਰਾਂ ਆਦਿ ਦੀਆਂ ਅਸਾਮੀਆਂ ਵਿਚੋਂ 90% ਗੈਰ-ਅਸਾਮੀ। ਦਿੱਲੀ-ਸੇਵਾ-ਨਿਯੁਕਤੀ ਕਮਿ-ਸ਼ਨ ਵਿਚ ਸੂਬੇ ਦਾ ਇਕ ਵੀ ਨੁਮਾਇੰਦਾ ਨਹੀਂ ਜੋ ਇਕ ਬਾਦ ਵਿਚ ਰਖਿਆ ਗਿਆ, ਪਤਾ ਲੱਗਾ ਹੈ ਕਿ ਉਸ ਨੂੰ ਕਈ ਇਨਟਰਵੀਊ ਵਿਚ ਬੁਲਾਇਆਂ ਹੀ ਨਹੀਂ ਗਿਆ (ਭਾਵੇਂ ਅਗਲੇ ਨੂੰ ਸੁਭਾਵਕ ਹੀ ਕਿਤੇ ਜੁਲਾਬ ਲੱਗੇ ਹੋਏ ਹੋਣ)।

ਅਸਾਮ ਵਿਚ ਲੱਗਣ ਵਾਲੇ ਤਮਾਮ ਕੇਂਦਰੀ ਪ੍ਰਬੰਧਕ ਕਾਰਖਾਨਿਆਂ ਵਿਚ ਵੀ 80% ਇੰਨਜੀਨੀਅਰ ਅਸਾਮੀ ਹੀ ਹੋਣ ... ਰੇਲਵੇ ਮਹਿਕਮੇ, ਡਾਕ-ਤਾਰ, ਬੈਂਕਾਂ, ਫੂਡ ਕਾਰਪੋਰੇਸ਼ਨ ਤੇਲ ਸਾਫ ਕਰਨ ਵਾਲਿਆਂ ਕਾਰ-ਖਾਨਿਆਂ ਵਿਚ ਵੀ 80% ਸੀਟਾਂ ਅਸਾਮੀਆਂ ਲਈ ਰਾਖਵੀਆਂ ਕਰੋ।

ਹੋਰ ਦੇਖੋ : ਇਕ ਸਰਵੇ ਦੁਰਾਨ ਪਤਾ ਲਗਾ ਕਿ ਰੇਲਵੇ ਜੰਕਸ਼ਨ...ਗੁਹਾਟੀ ਵਿਖੇ ਕੰਮ ਕਰ ਰਹੇ ਮੁਲਾਜ਼ਮਾਂ ਵਿਚ 70 ਫੀ ਸਦੀ ਦਾ ਜਨਮ ਅਸਾਮ ਤੋਂ ਬਾਹਰ ਹੋਇਆ ਹੈ ?

ਸੋ ਇਸ ਤਰ੍ਹਾਂ ਦਾ ਨੌਕਰੀਆਂ ਬਾਬਤ ਪ੍ਰਚਾਰ ਹੀ ਨਹੀਂ ਕੀਤਾ ਗਿਆ ਸਗੋਂ "ਗੈਰ ਅਸਾਮੀਆਂ ਅਤੇ ਖਾਸ ਤੌਰ ਤੇ ਬੰਗਾਲੀਆਂ ਦੁਆਰਾ ਅਸਾਮੀ ਕਲਚਰ/ਸੰਸਕ੍ਰਿਤ ਤਬਾਹ ਕਰਨ ਦੇ ਯਤਨ-ਡਿਬਰੂਗੜ੍ਹ ਯੂਨੀਵਰਸਿਟੀ ਵਿਚ ਕਿਉਮੂਨਿਸਟ ਘੁਸ ਆਏ...ਇਸ ਪ੍ਰੋਫੈਸਰ ਨੇ ਅਸਾਮੀ ਕਲਚਰ, ਪਰੰਪਰਾਵਾਂ ਅਤੇ ਇਤਿਹਾਸ ਦਾ ਸ਼ਰੇਆਮ ਮਖੌਲ ਉਡਾਇਆ...ਬੰਗਾਲੀਆਂ ਵਲੋਂ ਅਸਾਮੀਆਂ ਦੇ ਖਾੜਕੂ ਵਿਰਸੇ ਨੂੰ ਸਤਿਆਨਾਸ ਕਰਨ ਦੀ ਸਾਜ਼ਿਸ਼ ਬੇਨਕਾਬ...ਅਤੇ ਇਹ ਸਥਾਨਕ ਅਖਬਾਰਾਂ ਨੇ ਉਸੇ ਤਰ੍ਹਾਂ ਮਿਰਚ ਮਸਾਲੇ ਲਗਾ ਕੇ ਸੁਰਖੀਆਂ ਲਗਾਈਆਂ ਕਿ ਆਮ ਸਧਾਰਣ ਅਸਾਮੀ ਤਾਂ ਕੀ, ਕਈ ਕਈ ਅਗਾਂਹ ਵਧੂ ਖਿਆਲਾਂ ਵਾਲੇ ਵੀ ਕੌਮ-ਪ੍ਰਸਤੀ ਦਾ ਸ਼ਿਕਾਰ ਹੋਣੋਂ ਨਾ ਬਚ ਸਕੇ ?

...ਇਥੇ ਇਹ ਗਲ ਵੀ ਯਾਦ ਰਖੀ ਜਾਵੇ ਕਿ ਅਸਾਮ ਵਿਚ ਵੀ ਪਿਛਾਂਹ ਖਿਚੂ, ਸੱਜੇ-ਪੱਖੀ ਅਤੇ ਫਿਰਕਾਪ੍ਰਸਤੀ ਵਿਚਾਰਧਾਰਾਂ ਦਾ ਪ੍ਰਚਾਰ ਕਰਨ ਵਾਲੀਆਂ ਅਖਬਾਰਾਂ ਹੀ ਜ਼ਿਆਦਾ ਵਿਕਦੀਆਂ ਹਨ...ਜਿਵੇਂ ਸਾਡੇ ਪੰਜਾਬ ਵਿਚ ਵੀ ਉਨ੍ਹਾਂ ਅਖਬਾਰਾਂ ਦੀ ਹੀ ਵਧ ਵਿਕਰੀ ਹੁੰਦੀ ਹੈ ਜਿਨ੍ਹਾਂ ਦੇ ਪਹਿਲੇ ਸਫੇ ਤੇ "ਭਾਪਿਆਂ ਅਤੇ ਮਹਾਸ਼ਿਆਂ" ਦਾ ਵਰਨਣ ਹੀ ਕੀਤਾ ਹੋਵੇ ਜਾਂ ਧਰਮਿੰਦਰ-ਹੇਮਾਮਾਲੀਨੀ ਦੇ ਸ਼ਾਦੀ ਤੋਂ ਪਹਿਲਾਂ ਪ੍ਰਾਈਵੇਟ ਸਬੰਧਾਂ ਬਾਬਤ ਆਪਣੀ ਜ਼ਾਤੀ ਵਾਕਫੀ ਜਾਹਿਰ ਕੀਤੀ ਹੋਵੇ ਜਾਂ ਕਿਸੇ ਔਰਤ ਨਾਲ ਹੋਈ ਘੋਰ ਜ਼ਿਆਦਤੀ ਨੂੰ ਕਾਮੁਕ ਅਤੇ ਫਿਰਕਾਪ੍ਰਸਤੀ ਨਜ਼ਰੀਏ ਨਾਲ ਦਰਸਾਇਆ ਗਿਆ ਹੋਵੇ।

ਹੁਣ ਉਪਰਲੇ ਪ੍ਰਚਾਰ ਨੂੰ ਹੀ ਜ਼ਰਾ ਗੌਰ ਨਾਲ ਘੋਖੀਏ :

"80 ਐਨਜੀਨਿਅਰਾਂ ਵਿਚੋਂ ਕੁਲ 12 ਅਸਾਮੀ"... ਵੱਡੇ ਵੱਡੇ ਪ੍ਰੋਜੈਕਟਾਂ, ਡੈਮਾਂ, ਕਾਰਖਾਨਿਆਂ ਨੂੰ ਚਲਾਉਣ ਲਈ, ਤਜਰਬੇਕਾਰ-ਸੂਝਵਾਨ ਤਕਨੀਕੀ ਕਾਮਿਆਂ (ਐਨਜੀਨਿਅਰਾਂ) ਦੀ ਲੋੜ ਹੁੰਦੀ ਹੈ। ਹੁਣ ਕਈ ਕਈ ਸੂਬਿਆਂ ਵਿਚ ਤਾਂ ਇਕ ਵੀ ਐਨਜੀਨਿਅਰੰਗ ਕਾਲਜ ਨਹੀਂ ਜਿਵੇਂ ਹਿਮਾਚਲ ਪ੍ਰਦੇਸ਼, ਪਰ ਭਾਖੜਾ ਡੈਮ, ਪੌਂਗ ਡੈਮ ਗਿਰੀ ਬਾਟਾ ਪ੍ਰੋਜੈਕਟ, ਪੰਡੋਹ ਡੈਮ, ਸਲਾਪਰ ਡੈਮ, ਨੈਪਥਾ ਝਾਕੜੀ ਆਦਿ 2 ਤਕਰੀਬਨ ਉਤਰੀ ਭਾਰਤ ਦੇ ਸਾਰੇ ਦੇ ਸਾਰੇ ਡੈਮ ਹਿਮਾਚਲ ਵਿਚ ਹੀ ਹਨ-ਹੁਣ ਉਹ ਸੈਂਕੜੇ ਹਿਮਾਚਲੀ ਐਨਜੀਨੀਅਰ ਯਕਦਮ ਕਿਥੋਂ ਪੈਦਾ ਕਰਨ ? ਇਸੇ ਤਰ੍ਹਾਂ ਵਡੇ 2 ਕਾਰਖਾਨਿਆਂ ਵਿਚ ਕਈ ਪ੍ਰਕਾਰ ਦੇ ਵਿਸ਼ਾ ਮਾਹਿਰਾਂ ਦੀ ਲੋੜ ਹੁੰਦੀ ਹੈ ਜਿਵੇਂ ਕੈਮਿਸਟ (ਰਸਾਇਣ ਸ਼ਾਸ਼ਤਰੀ), ਜੀਆਲੋਜਿਸਟ (ਭੂਵਿਗਿਆਨੀ, ਆਰਕੀਟੈਕਟ, ਨਕਸ਼ਾ ਨਵੀਸ, ਖਾਣ ਐਨਜੀਨਿਅਰ ਆਦਿ ਜਿਨ੍ਹਾਂ ਦਾ ਵਿਸ਼ੇ ਪ੍ਰਤੀ ਡੂੰਘਾ ਅਧਿਅਨ ਅਤੇ ਤਜਰਬੇ ਦੇ ਹੋਣ ਨੂੰ ਮਹੱਤਤਾ ਦਿਤੀ ਜਾਂਦੀ ਹੈ ਨਾਂ ਕਿ ਉਹ ਕਿਸੇ ਜ਼ਾਤ-ਬਰਾਦਰੀ, ਇਲਾਕੇ-ਦੇਸ਼ ਦੇ ਵਸਨੀਕ ਹੋਣ ? ਸਰਮਾਏਦਾਰੀ ਪਖੀ ਤਾਕਤਾਂ ਨੇ ਕਿਸ ਚਲਾਕੀ ਨਾਲ ਰੋਲ ਅਦਾ ਕੀਤਾ ਕਿ ਅੱਜ ਇਕ ਵੀ ਨਾਹਰਾ ਕਾਰਖਾਨੇਦਾਰ, ਵਡੇ ਵਡੇ ਸ਼ਾਹੂਕਾਰਾਂ ਦੇ ਵਿਰੁਧ ਨਹੀਂ ਲਗ ਰਿਹਾ— ਚਾਹੇ ਉਹ ਵੀ ਸਾਰੇ ਗੈਰ— ਅਸਾਮੀ ਹਨ !!!

ਸੋ ਜੇ ਤੇਲ ਸਾਫ ਕਾਰਖਾਨੇ ਵਿਚ (ਜੋ ਆਮ ਐਨ-ਜੀਨੀਰਿੰਗ ਵਿਚ ਵੀ ਖਾਸ ਲਾਈਨ ਹੈ) ਅਗਰ ਅਸੀਆਂ ਵਿਚੋਂ 12 ਐਨਜੀਨਿਅਰ ਹੀ ਅਸਾਮੀ ਭਰਤੀ ਕੀਤੇ ਗਏ ਸਨ ਤਾਂ ਕੋਈ ਪਹਾੜ ਨਹੀਂ ਸੀ ਆਣ ਡਿਗਾ ? ਉਹ ਅਸਾਮੀ ਨਾ ਹੋਣਗੇ ਤਾਂ ਬੰਗਾਲੀ, ਬਿਹਾਰੀ ਮਦਰਾਸੀ ਜਾਂ ਪੰਜਾਬੀ ਹੋਣਗੇ ? ਆਖਿਰ ਉਨ੍ਹਾਂ ਨੇ ਵੀ ਤਾਂ ਨੌਕਰੀ ਕਿਤੇ ਨਾ ਕਿਤੇ ਕਰਨੀ ਹੀ ਹੈ ਜੋ ਖਾਸ ਵਿਦਿਅਕ ਯੋਗਤਾ ਕਾਰਨ ਉਥੋਂ ਚੁਣੇ ਗਏ ਹੋਣੇ ਹਨ ਵਰਨਾ ਆਪਣਾ ਇਲਾਕਾ ਛਡ ਕੇ ਹਜ਼ਾਰਾਂ ਮੀਲ ਦੂਰ ਪਛੜੇ ਇਲਾਕਿਆਂ ਵਿਚ ਕੌਣ ਐਵੇਂ ਜਾਂਦਾ ਹੈ ?

"ਐਨਜੀਨਿਅਰਾਂ ਤੋਂ ਇਲਾਵਾ ਹੋਰ ਵਡੀਆਂ 90% ਨੌਕਰੀਆਂ ਵੀ ਗੈਰ-ਅਸਾਮੀਆਂ ਕੋਲ..." ਹੁਣ ਵਿਸ਼ਾ ਮਾਹਿਰਾਂ ਦੀ ਕੁਲ ਨੌਕਰੀਆਂ ਹੀ 10 ਹਨ ਅਤੇ ਉਹ ਵੀ ਪੰਜ ਪ੍ਰਕਾਰ ਦੇ ਹੁਨਰ ਦੀਆਂ...ਸੋ ਜੇ 2 ਕੈਮਿਸਟਾਂ ਜਾਂ 2 ਖਾਣ ਐਨਜੀਨਿਅਰਾਂ ਵਿਚੋਂ ਇਕ ਅਸਾਮੀ ਵੀ ਮੈਰਿਟ ਵਿਚ ਨਹੀਂ ਮਿਲਿਆ ਤਾਂ ਇਸਦਾ ਇਹ ਮਤਲਬ ਨਹੀਂ ਕਿ ਕਾਰਖਾਨਾ ਹੀ ਬੰਦ ਕਰ ਦਿਤਾ ਜਾਵੇ ? ਨਾਲੇ ਉਂਜ ਵੀ ਤਾਂ ਉਸ ਕਾਰਖਾਨੇ ਤੇ ਕੇਂਦਰ ਸਰਕਾਰ ਦਾ ਖਰਚਾ ਹੋਣਾ ਹੈ—ਸਾਰੇ ਹਿੰਦੁਸਤਾਨੀਆਂ ਤੇ ਟੈਕਸ ਦਾ ਭਾਰ ਪੈਣਾ ਹੈ, ਇਕਲੇ ਅਸਾਮੀਆਂ ਤੇ ਨਹੀਂ ?

ਰੇਲਵੇ ਜਾਂ ਬੈਂਕਾਂ, ਹਸਪਤਾਲਾਂ ਜਾਂ ਡਾਕਖਾਨਿਆਂ ਵਿਚ ਜੇ ਬਹੁ-ਗਿਣਤੀ ਬੰਗਾਲੀਆਂ ਦੀ ਹੀ ਤਾਂ ਇਸ ਵਿਚ ਬਹੁਤ ਦੋਸ਼ ਅਸਾਮ-ਅਸਾਮੀ ਕੌਮ ਜਾਂ ਪਿਛਲੀ ਅੰਗਰੇਜ਼ੀ ਅਤੇ ਮੌਜੂਦਾ ਦੇਸੀ ਸਰਕਾਰ ਦੇ ਸਿਰ ਆਉਂਦਾ ਹੈ—ਬੰਗਾਲੀਆਂ ਸਿਰ ਨਹੀਂ। ਇਤਿਹਾਸ ਗਵਾਹ ਹੈ ਕਿ ਪੰਜਾਬੀਆਂ ਵਾਂਗੂੰ ਬੰਗਾਲੀ ਵੀ ਬਹੁਤ ਹੀ ਚੁਸਤ ਅਤੇ ਬੁਧੀਮਾਨ ਹੁੰਦੇ ਹਨ। ਕਿਉਂਕਿ ਅਸਾਮ ਦਾ ਇਲਾਕਾ ਕੁਝ ਤਾਂ ਕੁਦਰਤੀ ਤੌਰ ਤੇ ਪਛੜਿਆ ਰਿਹਾ (ਦੂਰ ਪੂਰਬ ਵਿਚ ਅਰਥ ਪਹਾੜੀ ਇਲਾਕਾ ਹੋਣ ਕਾਰਨ) ਅਤੇ ਰਹਿੰਦੀ ਖੂੰਹਦੀ ਕਸਰ ਗੋਰੇ ਅਤੇ ਕਾਲੇ ਅੰਗਰੇਜ਼ਾਂ ਦੀ ਲੁੱਟ ਨੇ ਪੂਰੀ ਕਰ ਦਿਤੀ। ਸੋ ਸ਼ੁਰੂ ਵਿਚ ਅਗਰ ਅਸਾਮੀ ਘਟ ਪੜ੍ਹੇ ਲਿਖੇ ਹੋਣ ਕਾਰਨ ਨੌਕਰੀ ਪੇਸ਼ੇ ਵਿਚ ਜੇ ਪਿਛੇ ਰਹਿ ਗਏ ਹਨ ਤਾਂ ਇਸ ਵਿਚ ਬੰਗਾਲੀਆਂ ਦਾ ਕੀ ਦੋਸ਼ ? "ਯੂਨੀਵਰਸਿਟੀ ਰਸਾਲੇ" ਵਿਚ ਜੇ ਕਿਤੇ ਯੂਨੀਵਰਸਿਟੀ ਵਿਚ ਪੜ੍ਹਾ ਰਹੇ ਕਿਸੇ ਪ੍ਰੋਫੈਸਰ ਨੇ ਅਸਾਮੀ ਕਲਚਰ/ਇਤਿਹਾਸ ਦੇ ਜੇ ਕਿਤੇ ਕਿੰਤੂ ਕਰ ਵੀ ਦਿਤਾ ਹੋਵੇਗਾ ਤਾਂ ਇਸ ਨਾਲ ਕਿਡਾ ਕੁ ਲੋੜਾ ਪੈ ਜਾਣਾ ਸੀ। ਜੇ ਕੋਈ ਗੈਰ-ਪੰਜਾਬੀ ਇਹ ਕਹਿ ਦੇਵੇ ਕਿ ਪੰਜਾਬੀ ਬਹੁਤ ਲੜਾਕੇ ਹੁੰਦੇ ਨੇ ਤਾਂ ਇਸਦਾ ਇਹ ਮਤਲਬ ਨਹੀਂ ਕਿ ਅਸੀਂ ਉਸਨੂੰ ਅਤੇ ਉਸਦੀ ਸਮੁੱਚੀ ਜਾਤੀ ਨੂੰ ਸ਼ੂਟ ਕਰ ਦੇਣ ਦੀ ਠਾਨ ਲਈਏ ? ਖੋਜ ਦੇ ਅਧਾਰ ਤੇ ਛਪਿਆ ਲੇਖ-ਉਹ ਵੀ ਯੂਨੀਵਰਸਿਟੀ ਰਸਾਲੇ ਵਿਚ ਜਿਸਦੀ ਬੜੀ ਗਲ ਆ ਪੰਜ ਸੋ ਨਹੀਂ ਤਾਂ ਹਜ਼ਾਰ ਕਾਪੀਆਂ ਛੱਪੀਆਂ ਹੋਣਗੀਆਂ......ਉਹ ਵੀ ਕੋਈ ਪਬਲਿਕ ਸੇਲ ਵਾਸਤੇ ਨਹੀਂ...ਸਿਰਫ ਅਦਾਰੇ ਦੇ ਅੰਦਰ ਕੰਮ ਕਰ ਰਹੇ ਪੜ੍ਹੇ ਲਿਖੇ ਵਿਦਿਆਰਥੀਆਂ/ਪ੍ਰੋਫੈਸਰਾਂ ਅਤੇ ਹੋਰ ਪੜ੍ਹੇ ਲਿਖੇ ਮੁਲਾਜ਼ਮਾਂ ਵਿਚ ਵੰਡਣ ਵਾਸਤੇ ਹੁੰਦੀਆਂ ਹਨ... ਦਸੋ ਭਲਾ ਇਸਦੇ ਨਾਲ ਕਿੰਨਾ ਕੁ ਕਲਚਰ ਤਬਾਹ ਹੋ ਚਲਿਆ ਸੀ ? ਪਰ ਜੋ ਹੱਲਾ ਇਸ ਗਲ ਤੇ ਮਚਾਇਆ ਗਿਆ...ਜਲਸੇ ਹੋਏ...ਜਲੂਸ ਕਢੇ ਗਏ ਮਤੇ ਪਾਸ ਕੀਤੇ ਗਏ...ਘਿਰਾਓ ਕੀਤੇ ਗਿਆ...ਵਾਈਸ ਚਾਂਸਲਰ ਦਾ ਨੱਕ ਵਿਚ ਦਮ ਕਰ ਦਿਤਾ ਗਿਆ ਕਿ ਉਨ੍ਹਾਂ ਦੋ ਪ੍ਰੋਫੈਸਰਾਂ ਨੂੰ ਤੁਰੰਤ ਡਿਸਮਿਸ ਕਰਕੇ ਸਾਡੇ ਹਵਾਲੇ ਕਰ ਦਿਓ ਬਾਕੀ ਸਜ਼ਾ ਅਸੀਂ ਦੇਵਾਂਗੇ ?

ਉਏ ਭੋਲੇ ਅਸਾਮੀ ਭਰਾਓ ... ਤੁਹਾਡੇ ਕਲਚਰ ਦਾ ਬੇੜਾ ਗਰਕ ਤਾਂ ਅੰਗਰੇਜ਼ਾਂ ਨੇ ਉਦੋਂ ਹੀ ਕਰ ਦਿੱਤਾ ਸੀ ਜਦੋਂ ਉਨ੍ਹਾਂ ਸਕੂਲ ਕਚੈਹਰੀਆਂ ਵਿਚ ਅਸਾਮੀ ਦੀ ਜਗ੍ਹਾ ਬੰਗਾਲੀ ਭਾਸ਼ਾ ਠੋਸ ਦਿੱਤੀ ਸੀ ... ਤੇ ਅੱਜ ਡੂਢ ਸੋ ਸਾਲ ਪਿਛੋਂ ਤੁਸੀਂ ਗੱਲ ਪੈ ਰਹੇ ਹੋ, ਬੰਗਲਾ-ਦੇਸ਼ੀਆਂ ਦੇ ਨਾਉਂ ਤੇ ਸਧਾਰਣ ਬੰਗਾਲੀਆਂ ਦੇ ? ਗੈਰ-ਅਸਾਮੀਆਂ ਦੇ ਵਿਰੁੱਧ ਆਮ ਤੌਰ ਤੇ ਅਤੇ ਬੰਗਾਲੀਆਂ ਵਿਰੁੱਧ ਖਾਸ ਤੌਰ ਤੇ ਅਸਾਮੀਆਂ ਨੂੰ ਕਰਨ ਨਾਲ ਸਰਮਾਏਦਾਰੀ ਨਿਜ਼ਮ ਨੂੰ ਤਿੰਨ ਫਾਇਦੇ ਹੁੰਦੇ ਹਨ :—

1. ਅਸਾਮੀ ਲੋਕਾਂ ਦਾ ਧਿਆਨ ਅਸਾਮੀ-ਕੁਦਰਤੀ ਖਜ਼ਾਨਿਆਂ ਦੀ ਭਾਰੀ ਲੁੱਟ ਵਲੋਂ ਹਟਾ ਕੇ ਹੋਰ ਪਾਸੇ ਕਰ ਦੇਣਾ ?

2. ਅਸਾਮੀ ਅਤੇ ਗੈਰ ਅਸਾਮੀ ਲੋਕਾਂ ਵਿਚ ਫੁੱਟ ਪਾਉਣੀ ਕਿਉਂਕਿ ਲੋਕਾਂ ਦੇ ਆਪਸੀ ਲੜਦੇ ਰਹਿਣ ਵਿਚ ਹੀ ਉਨ੍ਹਾਂ ਦੀ ਉਮਰ ਵੱਧਦੀ ਹੈ ਅਤੇ ਲੋਕਾਂ ਦੇ ਇਕੱਠੇ ਹੋ ਕੇ ਜਥੇਬੰਦ ਹੋਣ ਵਿਚ ਹੀ ਅਜਾਰੇਦਾਰੀ ਦੀ ਮੌਤ ਹੁੰਦੀ ਹੈ ? ਅਸਾਮੀਆਂ ਦੇ ਮਨਾਂ ਵਿਚ ਗੈਰ ਅਸਾਮੀਆਂ ਬਾਬਤ ਨਫਰਤ ਭਰਨ ਨਾਲ ਮਜ਼ਦੂਰ ਜਥੇਬੰਦੀਆਂ ਵੀ ਕਾਫੀ ਕਮਜ਼ੋਰ ਪੈ ਜਾਂਦੀਆਂ ਹਨ ਅਤੇ ਇਸ ਤਰ੍ਹਾਂ ਕਾਰਖਾਨੇਦਾਰ ਮਨਮਾਨੀ ਲੁੱਟ ਜਾਰੀ ਰੱਖ ਸਕਦੇ ਹਨ।

3. ਉਭਰ ਰਹੀਆਂ ਕਮਿਊਨਿਸਟ ਸ਼ਕਤੀਆਂ ਤੇ ਰੋਕ ਲਗਾਉਣੀ, ਖਾਸ ਤੌਰ ਤੇ ਜਦੋਂ ਬੰਗਾਲ ਅਤੇ ਤ੍ਰਿਪੁਰਾ ਵਰਗੇ ਸੂਬੇ ਗੁਆਂਢ ਵਿਚ ਹੋਣ ਜਿਥੇ ਖੱਬੇ ਪੱਖੀ ਸਰਕਾਰਾਂ ਚਲ ਰਹੀਆਂ ਹੋਣ ? ਸਰਮਾਏਦਾਰੀ ਨੂੰ ਇਹ ਪਤਾ ਹੈ ਕਿ ਕਮਿਊਨਿਸਟਾਂ ਦੀ ਬਹੁਤੀ ਪਕੜ ਬੰਗਾਲੀਆਂ ਵਿਚ ਹੀ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੇਂਦਰੀ ਸਰਕਾਰ ਅੰਦੋਲਨ ਨੂੰ ਦਬਾਉਣਾ ਕਿਉਂ ਚਾਹੁੰਦੀ ਹੈ ? ਇਸ ਦਾ

ਉੱਤਰ ਸਪੱਸ਼ਟ ਹੈ ਕਿ ਸਰਕਾਰ ਨੇ ਆਪਣੀ ਲੁੱਟ ਤੋਂ ਇਲਾਵਾ ਅਜਾਰੇਦਾਰੀ ਦਾ ਮੁਨਾਫਾ ਵੀ ਘਟਣ ਨਹੀਂ ਦੇਣਾ। ਇਸ ਲਈ ਜਦੋਂ ਯੂਨੀਅਨਾਂ ਨੂੰ ਸੱਟ ਪੈ ਚੁੱਕੀ ਹੈ (ਇਸ ਅਸਾਮੀ-ਬੰਗਾਲੀ-ਘਲੂਘਾਰੇ ਵਿਚ) ਅਤੇ ਬੰਗਲਾਦੇਸ਼ੀਆਂ ਦੇ ਨਾਉਂ ਹੇਠ ਬੰਗਾਲੀਆਂ ਪ੍ਰਤੀ ਅਤੇ ਬੰਗਾਲੀਆਂ ਦੇ ਨਾਉਂ ਹੇਠ ਕਮਿਉਨਿਸਟਾਂ ਪ੍ਰਤੀ ਨਫਰਤ ਫੈਲਾ ਹੀ ਦਿੱਤੀ ਗਈ ਹੈ ਤਾਂ ਇਸ ਵਕਤ ਇਹੋ ਜ਼ਰੂਰੀ ਬਣਦਾ ਹੈ ਕਿ ਸ਼ਾਂਤੀ ਹੋ ਜਾਵੇ ... ਸ਼ਾਂਤੀ ਨਾਲੋਂ ਹੀ ਬਿਰਲੇ-ਟਾਟੇ ਦੀਆਂ ਮਿੱਲਾਂ ਨੂੰ ਕੱਚੇ ਮਾਲ ਦੀ ਸਪਲਾਈ ਜਾਰੀ ਹੋ ਸਕਦੀ ਹੈ ... ਤੇਲ ਦੀ ਸਪਲਾਈ ਚੱਲਣ ਨਾਲ ਹੀ ਕੇਂਦਰੀ ਸਰਕਾਰ ਨੂੰ ਅਸਾਮੀ ਕੁਦਰਤੀ ਦੌਲਤ ਨੂੰ ਲੁੱਟਣ ਦਾ ਮੌਕਾ ਲੱਗ ਸਕਦਾ ਹੈ ? ਸ਼ਾਂਤੀ ਹੋਣ ਨਾਲ ਹੀ ਉਜੜੇ-ਪੁਜੜੇ ਮਜ਼ਦੂਰ ਵਖਤਾਂ ਦੇ ਮਾਰੇ ਸਸਤੀ ਮਜ਼ਦੂਰੀ ਕਰਨ ਲਈ ਫਿਰ ਹਾਜ਼ਿਰ ਹੋ ਸਕਣਗੇ ?

ਕੀ ਇਹ ਅੰਦੋਲਨ ਸ਼ਾਂਤੀ-ਪੂਰਵਕ ਰਿਹਾ ? ਖੈਰ ਅਜਾਰੇਦਾਰੀ ਅਖਬਾਰਾਂ ਤਾਂ ਇਸ ਅੰਦੋਲਨ ਨੂੰ ਪੂਰਣ ਜੰਤਕ-ਅੰਦੋਲਨ ਦਾ ਨਾਉਂ ਦਿੰਦੇ ਹਨ। ਭਾਵੇਂ ਇਸ ਵਿਚ ਲਗਭਗ ਸਮੁੱਚੀ ਮਜ਼ਦੂਰ ਜਮਾਤ ਨੇ ਬਿਲਕੁਲ ਸਾਥ ਨਹੀਂ ਦਿੱਤਾ ... ਜਿਨ੍ਹਾਂ ਦੇ ਪੇਟ ਤੇ ਕਾਰਖਾਨੇ ਬੰਦ ਹੋਣ ਨਾਲ ਸਿੱਧੀ ਲੱਤ ਵਜਦੀ ਸੀ — ਕਈ ੨ ਜਗ੍ਹਾ ਸਗੋਂ ਉਨ੍ਹਾਂ ਵਲੋਂ ਤਕੜਾ ਵਿਰੋਧ ਵੀ ਕੀਤਾ ਗਿਆ ਹੈ ਖਾਸ ਤੌਰ ਤੇ ਚਾਹ ਬਾਗਾਂ ਵਿਚ ਕੰਮ ਕਰ ਰਹੇ ਮਜ਼ਦੂਰਾਂ ਵਲੋਂ ਕਿਸਾਨਾਂ ਵਿਚੋਂ ਵੀ ਸਿਰਫ ਜਗੀਰਦਾਰੀ ਗੁੱਟ ਨੇ ਇਸ ਵਿਚ ਹਿੱਸਾ ਲਿਆ ਹੈ ... ਅੰਦੋਲਨ ਦੀ ਬਹੁਤੀ ਅਗਵਾਈ ਚਿੱਟ ਕਪੜੀਏ ਬਾਊਆਂ ਦੇ ਹੱਥ ਹੀ ਰਹੀ ਹੈ ਜਿਸ ਵਿਚ ਜਨਸੰਘੀ, ਆਰ. ਐਸ. ਐਸ. ਅਸਾਮ ਜਾਤੀਵਾਦੀ ਦੱਲ, ਪੂਰਬਆਂ ਚਲੀਆਂ-ਦਲ, ਸੀ. ਆਈ. ਏ. ਬਰਿਟਿਸ਼ ਓਲਡ ਬੋਆਏਜ਼ ਅਮਰੀਕੀ ਅਤੇ ਬਰਤਾਨਵੀ ਜਸੂਸੀ ਏਜੰਸੀਆਂ ਜੋ ਬਹੁਤਾ ਈਸਾਈ-ਪ੍ਰਚਾਰਕਾਂ ਅਤੇ ਰੋਟਰੀ ਕਲੱਬਾਂ ਜ਼ਰੀਏ ਕੰਮ ਕਰਦੀਆਂ ਹਨ — ਉਨ੍ਹਾਂ ਦਾ ਨਿਸ਼ਾਨਾ ਨਾਗਾਲੈਂਡ-ਅਸਾਮ ਅਤੇ ਹੋਰ ਉੱਤਰੀ-ਪੂਰਬੀ ਪਹਾੜੀ ਰਾਜਾਂ ਨੂੰ ਖੁਦ ਮੁਖਤਿਆਰੀ ਦੇ ਨਾਉਂ ਹੇਠ ਭਾਰਤ ਤੋਂ ਅਲੱਗ ਕਰਨ ਦਾ ਹੈ, ਆਦਿ ਦੇ ਅੰਸ਼ਾਂ ਦੀ ਭਰਮਾਰ ਹੋਣ ਕਰਕੇ ਸੈਂਕੜੇ ਹਜ਼ਾਰਾਂ ਬੰਗਾਲੀਆਂ-ਬਿਹਾਰੀਆਂ-ਮਦਰਾਸੀਆਂ ਨੂੰ ਘਰ ਬਾਹਰ ਛੱਡਣਾ ਪਿਆ ਹੈ ... ਬੰਗਲਾਦੇਸ਼ੀਆਂ ਦੇ ਨਾਉਂ ਹੇਠ ਸੈਂਕੜੇ ਬੰਗਾਲੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਹੈ। ਖਾਸ ਤੌਰ ਤੇ ਬੰਗਾਲੀਆਂ ਮੁਸਲਮਾਨਾਂ ਨੂੰ ਚੁਣ ੨ ਕੇ ਨਿਸ਼ਾਨਾ ਬਣਾਇਆ ਗਿਆ ਹੈ। ਆਰ. ਐਸ. ਐਸ. ਦੀਆਂ 1947 ਦੇ ਫਸਾਦਾਂ ਵਿਚ ਵੀ ਮੁਸਲਮਾਨਾਂ ਉਪਰ ਕੀਤੀਆਂ ਗਈਆਂ ਮਿਹਰਬਾਨੀਆਂ ਕਿਸੇ ਤੋਂ ਭੁਲੀਆਂ ਨਹੀਂ ? ਅਲੀਗੜ੍ਹ/ਆਗਰੇ/ਬਨਾਰਸ ਦੇ ਫਿਰਕਾਪ੍ਰਸਤ ਫਸਾਦ ਵੀ ਇਨ੍ਹਾਂ ਦੀ ਸਰਪ੍ਰਸਤੀ ਤੋਂ ਬਿਨਾ ਨਹੀਂ ਹੋ ਸਕਦੇ। ਧੀਆਂ ਭੈਣਾਂ ਦੀ ਹੋਈ ਬੇਇਜ਼ਤੀ ਪਿਛਲੇ ਸਭ ਰਿਕਾਰਡ ਮਾਤ ਪਾ ਗਈ ਹੈ। ਸੈਂਟਰ ਨੇ ਸਮੱਸਿਆ ਦਾ ਸਾਰਥਕ ਹੱਲ ਲੱਭਣ ਦੀ ਬਜਾਏ ਕਾਲੇ ਕਾਨੂੰਨਾਂ ਰਾਹੀਂ ਫੌਜ ਅਤੇ ਪੁਲੀਸ ਨੂੰ ਸ਼ਰੇਆਮ ਤਸ਼ੱਦਦ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ — ਤੇ ਧੀਆਂ-ਭੈਣਾਂ ਦੀਆਂ ਇਜ਼ਤਾਂ ਦੇ ਰਖਵਾਲੇ ਭਾਰਤ ਮਾਤਾ ਦੇ ਸਪੁੱਤਰਾਂ ਵਲੋਂ ਵੀ ਇੱਜ਼ਤਾਂ ਲੁੱਟਣ ਵਕਤ ਬੱਚੀਆਂ ਅਤੇ ਬਜ਼ੁਰਗਾਂ ਨੂੰ ਵੀ ਮਾਫ ਨਹੀਂ ਕੀਤਾ ਗਿਆ।

ਸਾਰ: 1825–1925 ਦੇ ਸੌ ਸਾਲਾਂ ਦੁਰਾਨ, ਅੰਗਰੇਜ਼ਾਂ ਦੇ ਸੱਦੇ ਤੇ, ਲੱਖਾਂ ਹੀ ਪੱਛਮੀ ਅਤੇ ਪੂਰਬੀ ਬੰਗਾਲੀ ਚਾਹ ਅਤੇ ਹੋਰ ਫਸਲਾਂ ਦੀ ਪੈਦਾਵਾਰ ਕਰਨ ਖਾਤਰ ਆਸਾਮ ਦੀ ਧਰਤੀ ਤੇ ਆਏ ਸਨ ਜੋ ਬਾਦ ਵਿਚ ਅਸਾਮ ਵਿਖੇ ਹੀ ਸਥਾਈ ਤੌਰ ਤੇ ਵੱਸ ਗਏ। ਬਦੇਸ਼ੀ ਅਤੇ ਦੇਸੀ ਅਜਾਰੇਦਾਰੀ ਦੀ ਭਾਰੀ ਲੁੱਟ ਕਾਰਨ ਪੰਜਾਬ ਨਾਲੋਂ ਵੀ ਸਵਾਈ ਪੈਦਾਵਾਰ ਕਰਨ ਦੇ ਬਾਵਜੂਦ ਅਸਾਮ ਅਤੀ ਪਛੜਿਆ ਸੂਬਾ ਰਿਹਾ। "ਬੰਗਲਾਦੇਸ਼ੀਆਂ ਨੂੰ ਬਾਹਰ ਕਢੋ" ਦੇ ਨਾਉਂ ਹੇਠ ਅਤੇ ਭੁੱਖਮਰੀ ਦੀ ਪਿੱਠ-ਭੂਮੀ ਵਿਚੋਂ ਉਭਰੀ ਅਸਾਮ ਦੀ ਸਮੱਸਿਆ ਸਰਮਾਏਦਾਰੀ ਨਿਜ਼ਾਮ ਅਤੇ ਕੇਂਦਰੀ ਨਾਦਰਸ਼ਾਹੀ ਲੁੱਟ ਦੇ ਖਿਲਾਫ ਹੋਣ ਦੀ ਬਜਾਏ ਗੈਰ ਅਸਾਮੀਆਂ ਦੇ ਵਿਰੁੱਧ ਹੀ ਆਣ ਨਿਬੜੀ ਜਿਸ ਵਿਚ ਸੈਂਕੜੇ-ਹਜ਼ਾਰਾਂ ਬੰਗਾਲੀਆਂ-ਬਿਹਾਰੀਆਂ ਨੂੰ ਘਰੋਂ-ਬੇਘਰ ਹੋਣਾ ਪਿਆ ਅਤੇ ਕਰੋੜਾਂ ਰੁਪਈਆਂ ਦਾ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਲੱਖਾਂ ਵਿਦਿਆਰਥੀਆਂ ਦਾ ਇਕ-ਵਿਦਿਅਕ ਸਾਲ ਮਾਰਿਆ ਗਿਆ। ਮਜ਼ਦੂਰ ਜਥੇਬੰਦੀਆਂ ਕਮਜ਼ੋਰ ਹੁਇਆਂ, ਸੈਂਕੜੇ ਧੀਆਂ ਭੈਣਾਂ ਦੀ ਇੱਜ਼ਤ ਆਬਰੂ ਗਈ, ਫਿਰਕਾਪ੍ਰਸਤੀ ਸ਼ਕਤੀਆਂ ਨੂੰ ਤਾਕਤ ਮਿਲੀ ਅਤੇ ਜੰਤਾ ਪਾਰਟੀ ਦੀ ਜਗ੍ਹਾ, ਸੂਬੇ ਵਿਚ ਕਾਂਗਰਸ ਸਰਕਾਰ ਆਣ ਪਧਾਰੀ।

## ਪਾਠਕ ਲੇਖਕ ਫੋਰਮ—

### 1. ਅਧਿਆਪਕ ਵਰਗ ਬਾਰੇ—

ਤੁਸਾਂ 'ਸਮਤਾ' ਦੇ ਪਿਛਲੇ ਅੰਕ ਵਿਚ ਪੇਂਡੂ ਸਕੂਲਾਂ ਦੇ ਕਾਰ ਵਿਹਾਰ ਅਤੇ "ਜਸਵੰਤ ਸਿੰਘ ਕੰਵਲ" ਦੀ ਕਹਾਣੀ ਆਦਿ ਦਾ ਜ਼ਿਕਰ ਵੀ ਕੀਤਾ ਹੈ। ਇਸ ਤੋਂ ਪਹਿਲਾਂ "ਸਕੂਲ ਸਿਖਿਆ ਅਤੇ ਇਸ ਸਬੰਧੀ ਸਮਸਿਆਵਾਂ" ਬਾਰੇ ਬਹੁਤ ਕੁਝ ਪੰਜਾਬੀ ਟ੍ਰਿਬਿਊਨ ਵਿਚ

ਹੀ ਛਪ ਚੁਕਿਆ ਹੈ । ਚਾਹੀਦਾ ਤਾਂ ਇਹ ਸੀ ਕਿ ਜਾਂ ਤਾਂ ਅਜੋਕੀਆਂ ਸਮਸਿਆਵਾਂ, ਤਰੁੱਟੀਆ ਦੀ ਹੋਂਦ ਤੋਂ ਇਨਕਾਰ ਕੀਤਾ ਜਾਂਦਾ ਜਾਂ ਫਿਰ ਗੰਭੀਰਤਾ ਨਾਲ ਕਿਸੇ ਧਿਰ ਵਲੋਂ ਇਹਨਾਂ ਤਰੁੱਟੀਆਂ ਵੱਲ ਧਿਆਨ ਦੇ ਕੇ ਗੱਲ ਅੱਗੇ ਤੋਰਨ ਲਈ ਕੋਈ ਠੋਸ ਕਦਮ ਚੁਕਿਆ ਜਾਂਦਾ । ਪਰ ਇਸ ਪਰਸੰਗ ਵਿਚ ਲਿਖੀ ਕਿਸੇ ਕਹਾਣੀ ਜਾਂ ਲੇਖ ਦੇ ਸਵਾਏ "ਚੁੰਜ ਚਰਚਾ" ਕਰਨ ਦੇ ਕੋਈ ਉਸਾਰੂ ਪ੍ਰਤੀ ਕਰਮ ਵੇਖਣ ਸੁਨਣ ਵਿਚ ਨਹੀਂ ਆਇਆ ।

ਉਦਾਹਰਨ ਵਜੋਂ ਨਕਲ ਦੀ ਰਵਾਇਤ 15-20 ਸਾਲ ਤੋਂ ਪਰਚਲਤ ਹੈ ਅਤੇ ਕੁਝ ਅਧਿਆਪਕ ਅਤੇ ਇਸ ਤਰ੍ਹਾਂ ਕੁਝ ਬਚੇ ਇਸ ਸਥਿਤੀ ਤੋਂ ਵਿਸ਼ੇਸ਼ ਲਾਭ ਉਠਾ ਰਹੇ ਹਨ। ਬਾਕੀ ਅਧਿਆਪਕਾਂ, ਬੱਚਿਆਂ ਤੇ ਮਾਪਿਆਂ ਦੀ ਹਾਲਤ ਦਿਨ-ਬ-ਦਿਨ ਤਰਸ ਯੋਗ ਹੁੰਦੀ ਜਾ ਰਹੀ ਹੈ । ਉਹਨਾਂ ਨੂੰ ਇਸ ਘੁੰਮਣ ਘੇਰੀ ਚੋਂ ਨਿਕਲਣ ਦਾ ਕੋਈ ਰਾਹ ਨਹੀਂ ਲਭਦਾ । ਅਧਿਆਪਕ ਆਗੂ ਕੋਈ ਰਾਹ ਲਭ ਸਕਦੇ ਹਨ, ਪਰ ਉਹ ਵੀ ਕਿਸੇ ਖਾਸ ਕਾਰਨ (ਵੋਟਾਂ ਘਟਣ ਦੇ ਡਰੋਂ) ਕਰਕੇ ਚੁਪ ਧਾਰੀ ਬੈਠੇ ਹਨ। ਪੇਂਡੂ ਸਕੂਲਾਂ ਦੀ ਸਹੀ ਸਥਿਤੀ ਇਹ ਹੈ ਕਿ ਪੰਜਵੀਂ ਪਾਸ ਬੱਚਾ ਪੰਜਾਬੀ ਨਾ ਚੰਗੀ ਤਰ੍ਹਾਂ ਪੜ੍ਹ ਸਕਦਾ ਹੈ ਅਤੇ ਨਾ ਹੀ ਲਿਖ ਸਕਦਾ ਹੈ । ਉਹ ਗਣਿਤ ਦੇ ਚਾਰੇ ਬਨਿਆਦੀ ਤਰੀਕਿਆਂ ਜੋੜ, ਘਟਾਉ, ਗੁਣਾ ਤੇ ਭਾਗ ਦੀ ਵਰਤੋਂ ਨਹੀਂ ਕਰ ਸਕਦਾ । ਅਜਿਹਾ ਬੱਚਾ ਅੱਗੇ ਕਿਵੇਂ ਚਲ ਸਕਦਾ ਹੈ ? ਅਤੇ ਨਕਲ ਕਿਵੇਂ ਰੋਕੀ ਜਾ ਸਕਦੀ ਹੈ ? ਇਸ ਨੁਕਤੇ ਤੋਂ ਲਭਣਾ ਸ਼ੁਰੂ ਕਰਨਾ ਚਾਹੀਦਾ ਹੈ। ਅਧਿਆਪਕ ਆਪਣੇ ਪਿੰਡ ਦੇ ਸਕੂਲ ਵਿਚ ਹੀ ਕੰਮ ਕਰੇ, ਉਹ ਆਪਣਾ ਕੋਈ ਕਾਰੋਬਾਰ ਬਾਕੀ ਸਮੇਂ ਵਿਚ ਕਰੇ—ਘਟੋ ਘਟ ਉਹਨਾਂ ਮਾਪਿਆਂ ਨੂੰ ਉਸਤੇ ਕੋਈ ਇਤਰਾਜ਼ ਨਹੀਂ ਹੋ ਸਕਦਾ, ਜਿਹਨਾਂ ਦੇ ਬੱਚੇ ਪੜ੍ਹਾਈ ਵਿਚ ਨਿਪੁੰਨ ਹੋਣਗੇ । ਪਰ ਜਦੋਂ ਉਸਦਾ ਕੰਮ ਕਾਰ ਹੀ (ਪੜ੍ਹਾਈ ਦਾ) ਖੋਖਲਾ ਹੋਵੇਗਾ ਤਾਂ ਸਪਸ਼ਟ ਹੈ ਕਿ ਉਸ ਤੇ ਕਈ ਪਾਸੇ ਤੋਂ ਹੱਲਾ ਕੀਤਾ ਜਾ ਸਕਦਾ ਹੈ । ਜੇ ਸਕੂਲ ਦਾ ਕੰਮ ਠੀਕ ਚਲੇ ਤਾਂ ਅਧਿਆਪਕ ਤੇ ਸਮਾਜ ਦੋਵਾਂ ਨੂੰ ਅਧਿਆਪਕ ਦੇ ਘਰ ਨੇੜੇ ਰਹਿਣ ਵਿਚ ਲਾਭ ਹੈ । ਇਸ ਸੂਰਤ ਵਿਚ ਉਸਨੂੰ ਆਪਣੇ ਪੜ੍ਹਾਈ ਦੇ ਕੰਮ ਨੂੰ ਪਹਿਲ ਦੇਣੀ ਪਵੇਗੀ ਨਹੀਂ ਤਾਂ ਉਸਦਾ "ਬੇ-ਘਰ ਹੋਣਾ" ਨੰਗੀ ਤਲਵਾਰ ਵਾਂਗ ਉਸਦੇ ਸਿਰ ਤੇ ਲਟਕਦਾ ਰਿਹਾ ਹੈ ਅਤੇ ਲਟਕਦਾ ਰਹੇਗਾ ।

ਭਾਵੇਂ ਸਿਖਿਆ ਖੇਤਰ ਨਾਲ ਸਬੰਧਤ ਕਈ ਧਿਰਾਂ—ਸਿਖਿਆ ਅਧਿਕਾਰੀ, ਅਧਿਆਪਕ, ਬੱਚੇ ਤੇ ਮਾਪੇ ਹਨ, ਪਰ ਅਸਲ ਵਿਚ ਕਾਰ ਵਿਹਾਰ ਦਾ ਅਸਲ ਕਰਤਾ ਤੇ ਜ਼ੁੰਮੇਵਾਰ ਅਧਿਆਪਕ ਹੈ ਕਿਉਂਕਿ ਬੱਚਾ ਇਸ ਸਬੰਧੀ ਅਨਜਾਨ ਅਤੇ ਅਗਿਆਨ ਹੈ ਅਤੇ ਉਹ ਆਪਣੀਆਂ ਮੁਸ਼ਕਲਾਂ ਵੀ ਆਪਣੇ ਆਪ ਅਧਿਆਪਕ ਜਾਂ ਮਾਪਿਆਂ ਨੂੰ ਨਹੀਂ ਦਸ ਸਕਦਾ । ਅਜਿਹੀ ਸੂਰਤ ਵਿਚ ਅਧਿਆਪਕ ਵਰਗ ਦਾ ਫਰਜ਼ ਹੈ ਕਿ ਆਪਣੇ ਦੂਜੇ ਕੰਮ ਕਾਰਾਂ ਨੂੰ ਤਿਆਗ ਕੇ ਆਪਣੇ ਅਸਲ ਕੰਮ ਨੂੰ ਪਹਿਲ ਦੇਵੇ । ਜਿਸ ਪ੍ਰਤੀ ਉਹ ਅਜੇ ਤਕ ਬਿਲਕੁਲ ਅਵੇਸਲਾ ਰਿਹਾ ਹੈ। ਇਸ ਸਬੰਧੀ ਸ: ਸ: ਦੁਸਾਂਝ ਦਾ ਇਹ ਕਥਨ ਖਾਸ ਧਿਆਨ ਦੀ ਮੰਗ ਕਰਦਾ ਹੈ ਕਿ "ਸਾਡੀਆਂ ਮਾਰਕਸੀ ਪਾਰਟੀਆਂ ਨੇ ਜੋ ਇਨਕਲਾਬ ਦਾ ਨਕਸ਼ਾ ਬਣਾਇਆ ਹੈ, ਉਹ ਸਮਾਜਕ, ਰਾਜਨੀਤਕ ਤੇ ਆਰਥਕ ਅਦਾਰਿਆਂ ਵਿਚਦੀ ਨਹੀਂ ਸਗੋਂ ਕੇਵਲ ਰਾਜ ਸਤਾ ਹਥਿਆਨ ਬਾਦ ਹੀ ਸਾਕਾਰ ਹੁੰਦਾ ਹੈ। ਇਸ ਤਰ੍ਹਾਂ ਚੇਤਨ ਮਾਸਟਰ ਸਰਕਾਰੀ ਅਦਾਰਿਆਂ ਦਾ ਵਿਰੋਧ ਕਰਨ ਵਿਚ ਰੁਝੇ ਹੋਏ ਹਨ। ਇਸ ਵਿਰੋਧ ਲਈ ਯੂਨੀਅਨਾਂ ਬਣਾਨੀਆਂ ਪੈਂਦੀਆਂ ਹਨ ਤੇ ਬਚਿਆਂ ਦੀ ਨੇਮ ਨਾਲ ਪੜ੍ਹਾਈ ਕਰਾਣੀ ਤਾਂ ਸਰਕਾਰ ਦੀ ਮਦਦ ਹੋ ਜਾਂਦੀ ਹੈ। ਇਸ ਤਰ੍ਹਾਂ ਚਾਹੇ ਅਣਚਾਹੇ ਸਕੂਲੀ ਵਿਦਿਆ ਤਾਂ ਚੋਣ ਹੋ ਰਹੀ ਹੈ ।"

ਉਪਰੋਕਤ ਅਨੁਸਾਰ ਸਾਡੀ ਪਹੁੰਚ ਹੀ ਸਿਖਿਆ ਦੇ ਨਿਘਾਰ ਲਈ ਜ਼ੁੰਮਾਵਾਰ ਹੈ । ਅਜਿਹੀ ਹਰ ਸੱਚੇ ਸੁੱਚੇ ਅਤੇ ਮਿਹਨਤੀ ਅਧਿਆਪਕ ਨੂੰ ਪੜ੍ਹਾਈ ਦੇ ਕੰਮ ਕਾਰ ਨੂੰ ਆਪਣੇ ਜੀਵਨ ਨਿਰਬਾਹ ਅਤੇ ਆਪਣਾ ਸਤਿਕਾਰ ਬਹਾਲ ਕਰਨ ਲਈ ਪਹਿਲ ਦੇਣ ਦੀ ਫੌਰੀ ਲੋੜ ਹੈ। ਇਸ ਮੰਤਵ ਲਈ ਉਹਨਾਂ ਦਾ ਸਭ ਹਦ ਬੰਦੀਆਂ ਤੋੜ ਕੇ ਇਕ ਚੰਗੇ ਕਾਮੇ ਦੇ ਨਾਤੇ ਆਪਣੇ ਕੰਮ ਕਾਰ ਦੀ ਬਿਹਤਰੀ ਲਈ ਇਕ ਪਲੇਟ ਫਾਰਮ ਤੇ ਇਕੱਠੇ ਹੋਣਾ ਅਤੇ ਇਸ ਸਭ ਕੁਝ ਸਬੰਧ ਸੋਚਣਾ ਅਤੇ ਕੁਝ ਕਰਨਾ" ਸਮੇਂ ਦੀ ਬੜੀ ਵੱਡੀ ਮੰਗ ਹੈ, ਇਸ ਵਿਚ ਹੀ ਅਧਿਆਪਕ ਵਰਗ ਤੇ ਸਮੁੱਚੇ ਸਮਾਜ ਦਾ ਭਲਾ ਹੈ । ਇਸ ਸਬੰਧੀ ਆਉਣ ਵਾਲੀਆਂ ਹੋਰ ਜਟਲ ਅਤੇ ਸੂਖਮ ਸਮਸਿਆਵਾਂ ਇਸ ਦੇ ਬਾਦ ਹੀ ਵਿਚਾਰੀਆਂ ਜਾ ਸਕਣਗੀਆਂ ਜਦ ਅਧਿਆਪਕ ਵਰਗ ਤਨੋਂ ਮਨੋਂ ਆਪਣੇ ਕੰਮ ਵਿਚ ਦਿਲਚਸਪੀ ਲੈਣਾ ਆਪਣਾ ਪਹਿਲਾ ਫਰਜ਼ ਸਮਝੇਗਾ ਅਤੇ ਆਪਣੀ ਸਥਿਤੀ ਸਮਾਜ ਤੇ ਸਰਕਾਰ ਸਾਹਵੇਂ ਸਪਸ਼ਟ ਕਰਨ ਦਾ ਹੌਸਲਾ ਕਰੇਗਾ ।

ਹੀਰਾ ਸਿੰਘ (ਸੂਰ ਸਿੰਘ)

## 2. ਅਧਿਆਪਕ ਵਰਗ ਬਾਰੇ ਦੋ ਗੱਲਾਂ

ਜਸਵੰਤ ਕੰਵਲ ਅਤੇ ਇੰਦਰ ਖਾਮੋਸ਼ ਨੇ ਅਧਿਆਪਕਾਂ ਵਿਚ ਪਏ ਘਟੀਆ ਤੱਤ ਨੂੰ ਆਪਣੀਆਂ ਲਿਖਤਾਂ ਰਾਹੀਂ ਲੋਕਾਂ ਦਰਪੇਸ਼ ਲਿਆਂਦਾ ਹੈ। ਭਾਵੇਂ ਇਹ ਯਥਾਰਥ ਹੈ, ਕਿਉਂਕਿ ਹਰ ਵਰਗ ਵਿਚ ਸੌ ਫੀ ਸਦੀ ਮਾਡਲ ਕਿਸਮ ਦੇ ਆਦਮੀ ਨਹੀਂ ਹੁੰਦੇ। ਪਰ ਇਕ ਅੱਧ ਘਟਨਾ ਨੂੰ

ਸਮੁੱਚੇ ਵਰਗ ਨਾਲ ਜੋੜ ਦੇਣਾ ਦਰੁਸਤ ਨਹੀਂ ਹੁੰਦਾ। ਇਨ੍ਹਾਂ ਲੇਖਕਾਂ ਦੀਆਂ ਲਿਖਤਾਂ ਤੋਂ ਮੂਲ ਰੂਪ ਵਿਚ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਸਮੁੱਚਾ ਅਧਿਆਪਕ ਵਰਗ ਘਟੀਆ, ਖੁਦਗਰਜ਼ ਅਤੇ ਅਚੇਤਨ ਹੈ। ਪਰ ਇਸਦੇ ਉਲਟ ਅਧਿਆਪਕ ਵਰਗ ਦਾ ਕਾਫੀ ਵੱਡਾ ਹਿੱਸਾ ਮਾਡਲ ਕਿਸਮ ਦਾ ਹੈ ਜੋ ਜਮਾਤੀ ਤੌਰ ਤੇ ਵੀ ਚੇਤਨ ਹੈ। ਹਰ ਚੀਜ਼ ਨੂੰ ਇਕੋ ਪੈਮਾਨੇ ਨਾਲ ਮਿਣਨਾ ਠੀਕ ਨਹੀਂ ਹੁੰਦਾ। ਇਹ ਵੱਡਾ ਅਨਿਆਂ ਹੈ। ਕਿੰਨਾਂ ਚੰਗਾ ਹੁੰਦਾ ਜੇ ਇਹ ਲੇਖਕ ਯਥਾਰਥ ਨਾਲੋਂ ਸਮਾਜਵਾਦੀ ਯਥਾਰਥ ਦਾ ਚਿਤਰਨ ਕਰਦੇ। ਇਸ ਤਰ੍ਹਾਂ ਕਰਨਾ ਸੋਨੇ ਤੇ ਸੁਹਾਗਾ ਹੋਣਾ ਸੀ। ਇਨ੍ਹਾਂ ਦੋਹਾਂ ਲੇਖਕਾਂ ਦੀ ਲੇਖਣੀ 'ਪ੍ਰੇਮ ਪ੍ਰਕਾਸ਼' ਵਰਗੀ ਹੈ ਜਿਸ ਨੇ 'ਦਸਤਾਵੇਜ' ਨਾਵਲ ਛਾਪ ਕੇ ਸਮੁੱਚੀ ਕਮਿਉਨਿਸਟ ਲਹਿਰ ਤੇ ਇਕ ਭਰਵਾਂ ਹੱਲਾ ਕੀਤਾ ਸੀ।

ਅਧਿਆਪਕਾਂ ਵਿਚ ਗੌ. ਟੀ. ਯੂਨੀ. ਅਤੇ ਬੇ. ਅਧਿ. ਯੂਨੀ. ਕੰਮ ਕਰਦੀਆਂ ਹਨ। ਮੈਂ ਗੌ. ਟੀ. ਯੂਨੀ. ਦੀਆਂ ਕਾਰਗੁਜ਼ਾਰੀਆਂ ਬਾਰੇ ਕੁਝ ਕਹਿਣ ਤੋਂ ਪ੍ਰਹੇਜ਼ ਕਰਦਾ ਹੋਇਆ ਬੇ. ਅਧਿ. ਯੂਨੀ. ਬਾਰੇ 'ਕੰਵਲ' ਅਤੇ 'ਖਾਮੋਸ਼' ਨੂੰ ਹੀ ਨਹੀਂ ਸਗੋਂ ਹੋਰ ਕਈ ਭੁਲੇਖਾਕਾਰੀਆਂ ਨੂੰ ਵੀ ਸਾਫ਼ ਕਰਨਾ ਚਾਹੁੰਦਾ ਹਾਂ। ਬੇ. ਅਧਿ. ਯੂਨੀ. ਜਿਹੜੀ ਕਿ ਲੱਗ-ਭੱਗ ਇਕ ਦਹਾਕੇ ਤੋਂ ਨਵੀਂ ਅਤੇ ਨਵੇਕਲੀ ਸੋਚ ਲੈ ਕੇ ਨਿਰੰਤਰ ਖਾੜਕੂ ਘੋਲਾਂ ਦੇ ਰਾਹ ਪਈ ਹੋਈ ਹੈ। ਜਿਸਨੇ ਆਰਜ਼ੀ ਅਤੇ ਘਰ ਬੈਠੇ ਬੇਰੁਜਗਾਰਾਂ ਤੱਕ ਆਪਣੀ ਦਰੁਸਤ ਪਹੁੰਚ ਕਰਕੇ ਉਹਨਾਂ ਨੂੰ ਸਹੀ ਸੋਚ ਦੁਆਲੇ ਜਥੇਬੰਦ ਕੀਤਾ ਹੈ ਅਤੇ ਸੰਘਰਸ਼ਾਂ ਦੀ ਬਲਦੀ ਲਾਟ ਨੂੰ ਹੋਰ ਉੱਚਾ ਕੀਤਾ ਹੈ। ਬੇ. ਅਧਿ. ਯੂਨੀ. ਜਿਹੜੀ ਕਿਸੇ ਵੀ ਰਾਜਨੀਤਕ ਪਾਰਟੀ ਦੀ ਹੱਥ ਠੋਕਾ ਨਹੀਂ ਬਣੀ ਅਤੇ ਜੋ ਸਮੇਂ ਸਮੇਂ ਸਿਰ ਆਈਆਂ ਰੰਗ-ਬਰੰਗੀਆਂ ਸਰਕਾਰਾਂ ਵਿਰੁੱਧ ਡਟਵੀਂ ਟੱਕਰ ਲੈਂਦੀ ਰਹੀ ਹੈ। ਸੰਨ 1978 ਵਿਚ 85 ਦਿਨ ਲੰਬਾ ਸ਼ਾਨਾਮਤਾਂ ਸੰਘਰਸ਼ ਲੜਕੇ ਟਰੇਡ ਯੂਨੀਅਨ ਲਹਿਰ ਦੇ ਇਤਿਹਾਸ ਵਿਚ ਮਿਸਾਲੀ ਪਿਰਤਾਂ ਦਾ ਮੀਲ ਪੱਥਰ ਗੱਡਿਆ ਹੈ। ਇਸ ਵਰਗ ਨਾਲ ਸਬੰਧਤ ਲੋਕਾਂ ਦੀ ਚੇਤਨਾ ਨੂੰ ਹਲੂਣਾ ਦਿੱਤਾ ਹੈ। ਜਿਥੇ ਇਹ ਆਪਣੀਆਂ ਤਬਕਾਤੀ ਮੰਗਾਂ ਲੈ ਕੇ ਪਿਛਲੇ ਸਮੇਂ ਤੋਂ ਲੜਦੀ ਆ ਰਹੀ ਹੈ, ਉਥੇ ਇਹ ਉਠੇ ਹੱਕੀ ਲੋਕ ਘੋਲਾਂ ਵਿਚ ਜਾਨ ਹੂਲ ਕੇ ਆਪਣਾ ਭਰਾਤਰੀ ਲਲਕਾਰਾ ਮਾਰਦੀ ਰਹੀ ਹੈ। ਜਿਵੇਂ ਵਿਦਿ-ਆਰਥੀ ਆਗੂ ਪਿਰਥੀਪਾਲ ਰੰਧਾਵਾ ਦੇ ਕਤਲ ਤੇ ਉਠੀ ਜਮਹੂਰੀ ਲਹਿਰ ਸਮੇਂ ਅਤੇ ਬੱਸ ਕਿਰਾਇਆ ਅੰਦੋਲਨ ਸਮੇਂ। ਇਹ ਬੇ. ਅਧਿ. ਯੂਨੀ. ਹੀ ਹੈ, ਜਿਹੜੀ ਆਪਣੀ ਦੁਸ਼ਮਣ ਜਮਾਤ ਨਾਲ ਖਹਿੰਦੀ ਹੋਈ 'ਕੰਵਲ' ਅਤੇ 'ਖਾਮੋਸ਼' ਵਲੋਂ ਆਪਣੀਆਂ ਲਿਖਤਾਂ ਵਿਚ ਦਰਸਾਈਆਂ ਅਲਾਮਤਾਂ ਨੂੰ ਵੀ ਨਵਿਰਤ ਕਰਨ ਵਿਚ ਸਰਗਰਮੀ ਨਾਲ ਲੱਗੀ ਹੋਈ ਹੈ।

ਅੰਤ ਵਿਚ ਮੈਂ ਵਿਸਥਾਰ ਵਿਚ ਨਾਂ ਜਾਂਦਾ ਹੋਇਆ ਇਨ੍ਹਾਂ ਲੇਖਕਾਂ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੀਆਂ ਲਿਖਤਾਂ ਵਿਚ ਸਮਾਜਵਾਦੀ ਯਥਾਰਥਵਾਦ ਦਾ ਰੰਗ ਲੈ ਕੇ ਆਉਣ ਅਤੇ ਬੇ. ਅਧਿ. ਯੂਨੀ. ਦੇ ਇਤਿਹਾਸ ਨੂੰ ਪੜ੍ਹਨ, ਸੁਣਨ ਅਤੇ ਘੋਖਣ ਤੋਂ ਬਾਅਦ ਹੀ ਯੂਨੀਅਨ ਦੇ ਰੋਲਾਂ ਬਾਰੇ ਫਤਵਾ ਦੇਣ।

—ਸੁਰਜੀਤ ਬਰਾੜ (ਘੋਲੀਆਂ)

## 3. ਦਾਨੇਵਾਲੀਆ ਦੀ ਚਿੱਠੀ ਬਾਰੇ

ਮਾਰਚ ਅੰਕ ਵਿਚ ਰਿਟਾਇਰ ਆਈ. ਜੀ. ਦੀ ਮੁੱਖ ਮੰਤਰੀ ਦੇ ਨਾਂ ਛਪੀ ਚਿੱਠੀ ਪੜ੍ਹੀ, ਚੰਗਾ ਹੁੰਦਾ ਜੇ ਤੁਸੀਂ ਆਪ ਦੇ ਵਲੋਂ ਚਿੱਠੀ ਦੇ ਸ਼ੁਰੂ 'ਚ ਲਿਖ ਦਿੰਦੇ, "ਨੌ ਸੌ ਚੂਹਾ ਖਾ ਕੇ ..."

ਨਵਕ੍ਰਿਨਜੀਤ
ਬਾਘਾ ਪੁਰਾਣਾ

## 4. ਇਕ ਹੋਰ ਚਿੱਠੀ

ਸਮਤਾ ਦਾ ਪਹਿਲਾ ਅੰਕ ਜਦੋਂ ਹੱਥ ਲੱਗਿਆ ਸੀ ਤਾਂ ਇਉਂ ਮਹਿਸੂਸ ਹੋਇਆ ਸੀ ਕਿ ਸਿਆੜ ਹੇਮ ਜਯੋਤੀ ਤੋਂ ਪਿਛੋਂ ਪੰਜਾਬ ਦੇ ਸਾਹਿੱਤਕ ਪਿੜ ਅੰਦਰ ਲੋਕ ਪੱਖੀ ਪਰਚੇ ਦੀ ਅਣਹੋਂਦ ਕਾਰਨ ਪੈਦਾ ਹੋਏ ਖਿਲਾਅ ਨੂੰ ਇਹ ਪਰਚਾ ਵਾਹਵਾ ਹੱਦ ਤੀਕ ਪੂਰੀ ਕਰਨ ਦੀ ਸਮਰੱਥਾ ਪੈਦਾ ਕਰ ਲਵੇਗਾ। ਸੋ ਕੁਝ ਇੱਕੜ ਦੁੱਕੜ ਘਾਟਾਂ ਦੇ ਰਹਿੰਦਿਆਂ ਇਹ ਆਸ ਕਾਫੀ ਹੱਦ ਪੂਰੀ ਹੁੰਦੀ ਦਿੱਸੀ ਵੀ। ਪਰ ਮਾਰਚ ਅੰਕ ਫੜਦਿਆਂ ਹੀ ਆਖਰੀ ਸਫੇ ਦੀ ਝਾਤ ਨਾਲ ਜਿਵੇਂ ਮੂੰਹ ਕਸੈਲਾ ਤੇ ਆਸ ਡੋਲਦੀ ਪ੍ਰਤੀਤ ਹੋਈ ਕਿਉਂਕਿ ਸ. ਦਾਨੇਵਾਲੀਆ ਦੇ ਖਤ ਦਾ ਏਸ ਰੂਪ 'ਚ ਛਾਪਣਾ ਜਿਵੇਂ ਕਿ ਉਹ ਉਦਾਰ ਚਿੱਤ ਸੁਧਾਰਵਾਦੀਆ ਹੋਵੇ, ਇਹ ਗੱਲ ਠੀਕ ਨਹੀਂ ਲੱਗੀ। ਖਤ ਓਸ ਸਖਸ਼ੀਅਤ ਬਾਰੇ ਭੁਲੇਖੇ ਖੜੇ ਕਰਦੀ ਹੈ। ਸੁਆਲ ਉਠਦਾ ਹੈ ਕਿ ਜੋ ਉਹ ਅੱਜ ਕਹਿ ਰਹੇ ਹਨ ਇਹ 'ਸਮਝ' ਉਨ੍ਹਾਂ ਦੀ ਜਮਹੂਰੀ ਲਹਿਰ ਦੇ ਆਗੂ ਪ੍ਰਿਥੀ ਦੇ ਵਹਿਸ਼ੀ ਕਤਲ ਵੇਲੇ, ਏਸ ਧੱਕੇ ਵਿਰੁੱਧ ਉਠੇ ਲੋਕਾਂ ਉਤੇ ਵਰਤੇ ਗਏ ਜਾਬਰ ਹੱਥ ਕੰਡਿਆਂ ਬਾਰੇ ਕਿਥੇ ਗਈ ਸੀ? ਜਦੋਂ ਕਿ ਧੀਆਂ ਭੈਣਾਂ, ਬਜ਼ੁਰਗ ਵੀ ਸੱਥਾਂ ਵਿਚ ਘੜੀਸੇ ਗਏ ਸਨ! ਉਹ ਜਬਰ ਦਾ ਦੌਰ, ਅਜੇ ਕੱਲ੍ਹ ਦੀ ਗੱਲ ਲੋਕ ਭੁੱਲੇ ਨਹੀਂ ਹਨ ਅਤੇ ਉਦੋਂ ਉਹ (ਦਾਨੇਵਾਲੀਆ) ਪੁਲੀਸ ਦੇ ਮਾਨ ਯੋਗ ਤੇ ਜੁਮੇਂਵਾਰ ਅਹੁਦੇ ਤੇ ਸਨ। ਕੀ ਉਦੋਂ ਜੋ ਕੁੱਝ ਪੰਜਾਬ ਵਿਚ ਵਾਪਰ ਰਿਹਾ ਸੀ, ਉਨ੍ਹਾਂ ਨੂੰ ਪਤਾ ਨਹੀਂ ਸੀ ਜਾਂ ਕਿ ਉਨ੍ਹਾਂ ਦੀ ਮਰਜੀ ਦੇ

ਖਿਲਾਫ ਹੋਈ ਗਿਆ ? ਉਹ ਏਸ ਦਰਿੰਦਗੀ ਬਾਰੇ ਕੋਈ ਧਿਆਨ ਤੱਕ ਕਿਉਂ ਨਾ ਦੇ ਸਕੇ ? ਜੇ ਮਾਰਚ ਅੰਕ 'ਚ ਛਪੇ ਖਤ ਵਾਲੀ ਸਮਝ ਨੂੰ ਉਹ ਪ੍ਰਣਾਏ ਹੋਣ ਤਾਂ ਘਟੋ ਘੱਟ ਓਸ ਅਹੁਦੇ ਤੋਂ ਉਨ੍ਹਾਂ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਸੀ ਪਰ ਇਉਂ ਨਾ ਹੀ ਹੋਇਆ ਤੇ ਨਾ ਹੀ ਹੋਣਾ ਸੀ ਕਿਉਂਕਿ ਏਨ੍ਹਾਂ ਹਾਕਮਾਂ ਦਾ ਜਮਾਤੀ ਖਾਸਾ ਚੇਤੰਨ ਲੋਕਾਂ ਦੀ ਅੱਖੋਂ ਉਹਲੇ ਨਹੀਂ ਹੁੰਦਾ। ਇਹ ਸਮੇਂ ੨ ਵਿਚਾਰ ਬਦਲਦੇ ਵੀ ਸਮਝ ਆਉਂਦੇ ਨੇ। ਪਰ ਇਕ ਲੋਕ ਹਿੱਤਾਂ ਨਾਲ ਪ੍ਰਨਾਏ ਪਰਚੇ ਵਲੋਂ ਉਨ੍ਹਾਂ ਦਾ ਕਿਰਦਾਰ ਭੁੱਲ ਕੇ ਬਿਨਾ ਕਿਸੇ ਟਿੱਪਣੀ ਦੇ ਇਹੋ ਜਹੀ ਭੁਲੇਖਾ ਪਾਊ ਲਿਖਤ ਛਾਪਣਾ ਸਮਝ ਨਹੀਂ ਆਇਆ । ਚੰਗਾ ਹੋਵੇ ਜੇ ਏਸ ਬਾਰੇ ਕੁੱਝ ਚਾਨਣਾ ਪਾਓ ਤਾਂ।

ਇਨਕਲਾਬੀ ਸ਼ੁਭ ਇਛਾਵਾਂ ਸਾਹਿੱਤ,
ਕੋਈ ਪਾਠਿਕਾ ਮੋਗੇ ਤੋਂ

## 5. ਸਮਤਾ ਦੇ ਮੈਟਰ ਬਾਰੇ

ਫਰਵਰੀ ਦਾ ਸਮਤਾ ਪੜ੍ਹਿਆ ਮਾਰਚ ਦਾ ਵੀ ਤੇ ਫੇਰ ਨਿਊਜ਼ ਏਜੰਟ ਤੋਂ ਨਵੰਬਰ 80 ਦਾ ਵੀ ਪਰਚਾ ਪੜ੍ਹਿਆ।

ਨਵੰਬਰ ਅੰਕ ਵਿਚਲਾ ਇਕਾਂਗੀ 'ਚੰਨ ਚੜ੍ਹਿਆ' ਲੇਡੀ ਗਰੇਗਰੀ ਦਾ ਲਿਖਿਆ, ਬਹੁਤ ਚੰਗਾ ਲਗਿਆ, ਇਹ ਮੰਚ ਤੇ ਖੇਡਣ ਲਈ ਵੀ ਬਹੁਤ ਵਧੀਆ ਹੈ। ਫਰਵਰੀ ਅੰਕ ਵਿਚਲਾ ਇਕਾਂਗੀ 'ਹਾਥੀ ਦਾ ਬੱਚਾ' ਬਿਲਕੁਲ ਹੀ ਸਮਝ ਵਿਚ ਨਹੀਂ ਆਇਆ, ਪਰ ਇਸੇ ਅੰਕ ਵਿਚਲਾ ਇਕ ਮਿਨੀ ਡਰਾਮਾ ਬਹੁਤ ਚੰਗਾ ਲਗਿਆ, ਇਹ ਖੇਡਣਯੋਗ ਵੀ ਹੈ। ਇਕ ਝਲਕੀ "ਪਾਸ਼" ਦੀ ਪਹਿਲਾਂ ਹੀ B. B. C. (ਬੀ. ਬੀ. ਸੀ.) ਤੋਂ ਸੁਣੀ ਹੋਈ ਹੈ । ਫਰਵਰੀ ਅੰਕ ਦੀ ਕਹਾਣੀ "ਤੋਹਫਾ" ਚੰਗੀ ਹੀ ਸੀ।

ਟੀ. ਵੀ. ਫਿਲਮ 'ਅੱਧ ਚਾਨਣੀ ਰਾਤ' ਦੇ ਰੀਵੀਊ ਬਾਰੇ ਏਨਾ ਹੀ ਕਹਿਣਾ ਹੈ ਕਿ ਅਜਿਹੇ ਵਿਸ਼ੇ ਤੇ ਬਣਾਈਆਂ ਗਈਆਂ ਫਿਲਮਾਂ ਅਸਲ ਰਚਨਾ ਜਿਨੀ ਅਸਰਦਾਰ ਨਹੀਂ ਹੁੰਦੀਆਂ।

ਮਾਰਚ ਅੰਕ ਵਿਚ ਛੇਵੀਂ ਪੰਜ ਸਾਲ ਪਲਾਨ ਦਾ ਪੋਸਟ ਮਾਰਟਮ ਤੁਸੀਂ ਚੰਗਾ ਕੀਤਾ ਹੈ। ਇਸ ਵਿਚ ਕਹਾਣੀ 'ਸਮਾਜ ਵਿਰੋਧੀ ਅਨਸਰ' ਬਹੁਤ ਚੰਗੀ ਸੀ, ਇਹੋ ਜਹੀ ਰਚਨਾਵਾਂ ਪੰਜਾਬੀ ਵਿਚ ਘਟ ਹੀ ਰਚੀਆਂ ਜਾਂਦੀਆਂ ਹਨ। ਕਹਾਣੀ 'ਨੀਂਹ ਪੱਥਰ' ਵੀ ਚੰਗੀ ਸੀ ਇਹੋ ਜਿਹੀਆਂ ਕਹਾਣੀਆਂ ਜਾਂ ਰਚਨਾਵਾਂ ਦੀ ਹਾਲੀ ਪੰਜਾਬੀ ਸਾਹਿਤ ਵਿਚ ਘਾਟ ਬਹੁਤ ਰੜਕਦੀ ਹੈ।

ਬਾਕੀ ਇਨ੍ਹਾਂ ਤਿੰਨੇ ਅੰਕਾਂ ਵਿਚ ਸਿਹਤ ਦੇ ਦਵਾਈਆਂ ਬਾਰੇ ਚੰਗੀ ਜਾਣਕਾਰੀ ਦਿਤੀ ਗਈ ਸੀ। ਚੀਨੀ ਬਾਰੇ ਲੇਖ ਵੀ ਬਹੁਤ ਜਾਣਕਾਰੀ ਭਰਪੂਰ ਸੀ।

ਮੈਨੂੰ ਤੇ ਸਮਤਾ ਬਾਰੇ ਹੁਣੇ ਹੀ ਪਤਾ ਲਗਿਆ ਹੈ, ਇਹ ਤੁਹਾਡਾ ਇਕ ਬਹੁਤ ਹੀ ਸ਼ਲਾਘਾਯੋਗ ਉਦੇਸ਼ ਹੈ।

ਕੁਲਬੀਰ ਸਿੰਘ ਕੋਟਲਾ ਨਿਹੰਗ

## 6. 'ਸਮਤਾ' ਦੇ ਮਾਰਚ ਅਤੇ ਅਪ੍ਰੈਲ ਅੰਕ ਬਾਰੇ

'ਗੱਲ ਅਗੇ ਤੁਰਦੀ ਹੈ' ਕਾਲਮ ਵਿਚ ਪੰਜਾਬੀ ਸਾਹਿੱਤ ਸਿਰਜਣਾ ਅਤੇ ਅਲੋਚਨਾ ਬਾਰੇ ਤੁਸੀਂ ਜੋ ਗੱਲ ਛੇੜੀ ਹੈ, ਇਹ ਸਮਕਾਲੀ ਯਥਾਰਥ ਦੇ ਸਭ ਤੋਂ ਸਾਰਥਕ ਵਿਸ਼ਿਆਂ ਵਿਚੋਂ ਇਕ ਹੈ ਅਤੇ ਗੰਭੀਰ ਲੇਖਕਾਂ ਅਤੇ ਚਿੰਤਕਾਂ ਵਲੋਂ ਬਹਿਸ ਦੀ ਮੰਗ ਕਰਦੀ ਹੈ । ਚਾਹੀਦਾ ਤਾਂ ਇਹ ਸੀ ਕਿ ਇਸ ਵਿਸ਼ੇ ਤੇ ਕਈ ਦੇਰ ਪਹਿਲਾਂ ਹੀ ਬਹਿਸ ਛੇੜ ਕੇ ਗੱਲ ਅੱਗੇ ਤੋਰੀ ਹੋਈ ਹੁੰਦੀ। ਤੁਸੀਂ ਤਾਂ ਬੜੀ ਸੁਹਿਰਦਤਾ ਨਾਲ ਰਘਬੀਰ ਸਿੰਘ ਅਤੇ ਹਰਭਜਨ ਹੁੰਦਲ ਵਰਗੇ ਲੇਖਕਾਂ ਅਗੇ ਇਹ ਮਸਲਾ ਰਖਿਆ ਹੈ ਕਿ ਗੱਲ ਜ਼ਾਤ ਤੋਂ ਕੱਢ ਕੇ ਸਿਧਾਂਤ ਤੇ ਲਿਆਂਦੀ ਜਾਵੇ, ਪਰ ਜਿਨ੍ਹਾਂ ਲੋਕਾਂ ਅੱਗੇ ਤੁਸੀਂ ਇਹ ਗੱਲ ਕੀਤੀ ਹੈ ਕੀ ਉਹ ਵੀ ਪੂਰੀ ਸੁਹਿਰਦਤਾ ਨਾਲ ਪੇਸ਼ ਆਉਣ ਨੂੰ ਜਾਂ ਇਹ ਮਸਲਾ ਨਜਿਠਣ ਨੂੰ ਤਿਆਰ ਹਨ ? ਕੀ ਇਨ੍ਹਾਂ ਲੋਕਾਂ ਨੇ ਆਪ ਵੀ ਕਦੇ ਅਜੇਹੀ ਪੇਸ਼ਕਸ਼ ਕੀਤੀ ਹੈ ਕਿ ਆਓ ਅਜੇਹੇ ਮੱਤ ਭੇਦ ਵਾਲੇ ਮਸਲਿਆਂ ਨੂੰ ਬੈਠ ਕੇ ਬਹਿਸ ਰਾਹੀਂ ਹੱਲ ਕਰ ਲਈਏ ? ਪਿਛਲਾ ਇਤਿਹਾਸ ਤਾਂ ਇਹੀ ਰਿਹਾ ਹੈ ਕਿ ਇਨ੍ਹਾਂ ਲੋਕਾਂ ਨੇ ਪੰਜਾਬ ਦੇ ਅਤੇ ਬਾਕੀ ਭਾਰਤ ਦੇ ਵੀ ਜਮਹੂਰੀ ਲਹਿਰ ਦੇ ਆਗੂਆਂ ਨੂੰ 'ਮਾਅਰਕੇ ਬਾਜ਼' ਅਤੇ 'ਅਰਾਜਕਤਾਵਾਦੀ' ਵਰਗੇ ਵਿਸ਼ੇਸ਼ਣਾਂ ਨਾਲ ਅਤੇ ਜਮਹੂਰੀ ਲਹਿਰ ਦੀਆਂ ਸਰਗਰਮੀਆਂ ਨੂੰ ਮਾਅਰਕੇ ਬਾਜ਼ੀ ਕਹਿ ਕੇ ਭੰਡਿਆ ਹੈ। ਨਕਸਲਬਾੜੀ ਲਹਿਰ ਦਾ ਇਨ੍ਹਾਂ ਸ਼ਰੇਆਮ ਮਖੌਲ ਉਡਾਇਆ ਹੈ। 'ਸਿਰਜਣਾ' ਵਰਗੇ ਰਸਾਲਿਆਂ ਨਾਲ ਜੁੜੇ ਹੋਏ ਕਵੀਆਂ ਅਤੇ ਲੇਖਕਾਂ ਦੀ ਸਿਆਸੀ ਪਹੁੰਚ ਵਿਚ ਜਿਵੇਂ ਘਚੋਲਾ ਅਤੇ ਅਸਪਸ਼ਟਤਾ ਹੈ ਇਹ ਘਚੋਲਾ ਉਨ੍ਹਾਂ ਦੀ ਸਾਹਿਤਕ ਸਿਰਜਣਾ ਵਿਚ ਵੀ ਲਗਾਤਾਰ ਭਾਰੂ ਰਿਹਾ ਹੈ। ਅਜੇਹੇ ਰਸਾਲੇ ਪੜ੍ਹਕੇ ਪਾਠਕ ਦੀਆਂ ਅੱਖਾਂ ਸਾਹਮਣੇ ਅਸਪਸ਼ਟ ਵਿਚਾਰਾਂ ਦੀ ਇਕ ਧੁੰਦ ਜਿਹੀ ਛਾ ਜਾਂਦੀ ਹੈ—ਸਮਕਾਲੀ ਸਿਆਸੀ ਹਾਲਾਤ ਦੀ ਕੋਈ ਸਪਸ਼ਟ ਰੂਪਰੇਖਾ ਨਹੀਂ ਉਸਰਦੀ। ਪੰਜਾਬ ਦੇ ਬੁਰਜੂਆ ਅਤੇ ਗੈਰ-ਬੁਰਜੂਆ ਦੋਨੋਂ ਪ੍ਰਕਾਰ ਦੇ ਚਿੰਤਕਾਂ ਨੂੰ ਹੁਣ ਇਹ ਮੰਨਣਾ ਪਿਆ ਹੈ ਕਿ ਗੁਰਸ਼ਰਨ ਸਿੰਘ ਨੇ ਬੜੀ ਮਿਹਨਤ ਅਤੇ ਲਗਨ ਸਦਕਾ ਲੋਕਵਾਦੀ ਰੰਗਮੰਚ ਨੂੰ ਸਧਾਰਣ ਪ੍ਰਾਪੇਗੰਡੇ ਦੇ ਪਧਰ ਤੋਂ ਚੁਕਕੇ ਉਚੇਰੇ ਕਲਾਤਮ ਪਧਰ ਤੇ ਲਿਆਂਦਾ ਹੈ। ਜਦੋਂ ਇਨ੍ਹਾਂ ਅਖੌਤੀ ਅਗਾਂਹ-

ਵਧੂ ਚਿੰਤਕਾਂ ਨੂੰ ਇਨ੍ਹਾਂ ਨਾਟਕਾਂ ਦੀ ਲੋਕਾਂ ਵਿਚ ਮਕ-ਬੂਲੀਅਤ ਨੂੰ ਦੇਖਦਿਆਂ ਕੋਈ ਨੁਕਸ ਨਹੀਂ ਲਭਦਾ ਤਾਂ ਉਹ ਜ਼ਾਤੀ ਹਮਲਿਆਂ ਤੇ ਉਤਰ ਆਉਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਹੁਣ ਸਮਾਂ ਆ ਗਿਆ ਹੈ ਕਿ ਮਾਅਰਕੇ-ਬਾਜ਼ੀ ਅਤੇ ਸਮਝੌਤਾਵਾਦ ਬਾਰੇ ਸਾਫ ਫੈਸਲਾ ਲੈ ਲਿਆ ਜਾਵੇ। ਸਾਹਿਤ ਆਪਣੇ ਆਪ ਵਿਚ ਤਾਂ ਕੁਝ ਨਹੀਂ— ਸਾਹਿਤਕ ਅਤੇ ਸਭਿਆਚਾਰਕ ਅਮਲ ਨੇ ਲੋਕਪਖੀ ਸਿਆਸਤ ਲਈ ਅਧਾਰ ਕਾਇਮ ਕਰਨਾ ਹੁੰਦਾ ਹੈ ਕਿਉਂ ਕਿ ਸਾਹਿਤ ਅਤੇ ਸਭਿਆਚਾਰ ਦਾ ਆਖਰੀ ਨਿਸ਼ਾਨਾ ਵੀ ਸਮਾਜ ਦਾ ਸਿਆਸੀ ਬਦਲ ਹੀ ਹੈ। ਮੈਂ ਸਮਝਦਾ ਹਾਂ ਕਿ 'ਸਮਤਾ' ਨੇ ਸਰਵ-ਪਖੀ ਸਮਗਰੀ ਦੇਕੇ ਪਾਠਕਾਂ ਲਈ ਇਕ ਅਜੇਹਾ ਪਿੜ ਤਿਆਰ ਕੀਤਾ ਹੈ ਜਿਥੇ ਸਮਕਾਲੀ ਸਥਿਤੀ ਬਾਰੇ ਸਹੀ ਜਾਇਜ਼ਾ ਲੈਕੇ ਸਹੀ ਦਿਸ਼ਾ ਵਲ ਵਧਿਆ ਜਾ ਸਕੇਗਾ।

'ਅਧੂਰਾ ਇਨਕਲਾਬ' ਕਾਲਮ ਵਿਚ ਤੁਸੀ ਜਿਵੇਂ ਭਗਤ ਸਿੰਘ ਦੀ ਇਨਕਲਾਬੀ ਵਿਚਾਰਧਾਰਾ ਨੂੰ ਸਮਕਾਲੀ ਸਿਆਸੀ ਸਥਿਤੀ ਨਾਲ ਜੋੜ ਕੇ ਪੇਸ਼ ਕੀਤਾ ਹੈ—ਇਹਦੇ ਨਾਲ ਸਮਾਜਕ ਕ੍ਰਾਂਤੀ ਪ੍ਰਤੀ ਸੁਹਿਰਦ ਲੋਕਾਂ ਦੇ ਮਨਾਂ ਵਿਚ ਕਈ ਅਹਿਮ, ਠੋਸ ਪ੍ਰਸ਼ਨ ਖੜੇ ਕਰ ਦਿਤੇ ਗਏ ਹਨ। 1947 ਤੋਂ ਬਾਦ ਦੇ ਭਾਰਤ ਦੀ ਸਿਆਸੀ ਸਥਿਤੀ ਦਾ ਮੁਲਅੰਕਣ ਕਰਦਿਆਂ ਇਹ ਹਕੀਕਤ ਬਿਲਕੁਲ ਸਪਸ਼ਟ ਹੋ ਜਾਂਦੀ ਹੈ ਕਿ ਸ਼ਹੀਦ ਭਗਤ ਸਿੰਘ ਦੀ ਇਨ-ਕਲਾਬੀ ਵਿਚਾਰਧਾਰਾ ਦੀ ਚੜ੍ਹਤ ਅਸਲ ਵਿਚ 1967 ਦੇ ਕਿਸਾਨੀ ਘੋਲ ਦੇ ਨਾਲ ਸ਼ੁਰੂ ਹੋਈ ਸੀ ਅਤੇ ਉਹਤੋਂ ਬਾਦ ਇਹ ਗਾਂਧੀਵਾਦ, ਸੋਧਵਾਦ ਅਤੇ ਕ੍ਰਾਂਤੀਕਾਰੀ ਵਿਚਾਰਧਾਰਾ ਵਿਚਕਾਰ ਨਿਖੇੜਾ ਕਰਦੀ ਲਗਾਤਾਰ ਵਿਕਾਸ ਕਰਦੀ ਆ ਰਹੀ ਹੈ। ਇਹ ਭਗਤ ਸਿੰਘ ਦੀ ਵਿਚਾਰਧਾਰਾ ਹੀ ਹੈ ਜਿਸਨੇ ਗਾਂਧੀਵਾਦ ਦੀ ਸਰਮਾਏਦਾਰ-ਪਖੀ ਟੇਢੀ ਸਿਆਸਤ ਨੂੰ ਡਟ ਕੇ ਵੰਗਾਰਿਆ ਅਤੇ ਇਹਦੇ ਬੌਧਕ ਅਧਾਰ ਨੂੰ ਉਖਾੜ ਕੇ ਲੋਕਾਂ ਵਿਚ ਨੰਗਾ ਕੀਤਾ। ਇਹਤੋਂ ਵੀ ਵਧ ਇਸ ਵਿਚਾਰਧਾਰਾ ਨੇ ਭਾਰਤ ਦੀ ਸੋਧਵਾਦੀ ਸਿਆਸਤ ਦੀ ਜਕੜ ਨੂੰ ਵੀ ਖੋਖਲਾ ਕੀਤਾ। ਇਹ ਇਸੇ ਵਿਚਾਰਧਾਰਾ ਸਦਕਾ ਹੀ ਹੈ ਕਿ ਇਤਹਾਸ-ਕਾਰਾਂ ਅਤੇ ਜ਼ਨਵਾਦੀ ਚਿੰਤਕਾਂ ਵਿਚਕਾਰ ਗਾਂਧੀਵਾਦ ਦੇ ਧੋਖੇ ਅਤੇ ਪਖੰਡ ਦਾ ਡੂੰਘਾ ਤੇ ਵਿਆਪਕ ਵਿਸ਼ਲੇਸ਼ਣਕਰਨ ਦੀ ਗੱਲ ਤੁਰੀ ਹੈ ਅਤੇ ਉਮੀਦ ਹੈ ਹੋਰ ਅਗੇ ਤੁਰੇਗੀ। ਹੁਣ ਇਹ ਤਥ ਵੀ ਇਸੇ ਕਰਕੇ ਉਭਰਕੇ ਸਾਹਮਣੇ ਆਇਆ ਹੈ ਕਿ ਸਮਾਜ ਵਿਚ ਮਹਾਨ ਇਨਕਲਾਬੀ ਤਬਦੀਲੀਆਂ ਤੂਫਾਨੀ ਸੰਘਰਸ਼ਾਂ ਦੁਆਰਾ ਹੀ ਲਿਆਂਦੀਆਂ ਜਾ ਸਕਦੀਆਂ ਹਨ, ਸੋਧਵਾਦ ਦੇ ਸਮਝੌਤਿਆਂ ਦੁਆਰਾ ਨਹੀਂ।

ਸੁਖਪਾਲ ਦੀ ਨਜ਼ਮ "ਮੈਂ ਗੀਤ ਨਹੀਂ ਲਿਖਾਂਗਾ ਅਤੇ ਹਰਭਜਨ ਹੁੰਦਲ ਦੀਆਂ ਨਜ਼ਮਾਂ ਇਸ ਅੰਕ ਦੀਆਂ ਪ੍ਰਾਪਤੀਆਂ ਹਨ। ਸੁਖਪਾਲ ਨੇ ਬੜੀ ਹੀ ਤੀਖਣ ਸ਼ੈਲੀ ਵਿਚ ਅੱਜ ਦੇ ਦਮ-ਘੋਟੂ ਆਦਮਖੋਰ ਸਮਾਜਕ ਢਾਂਚੇ ਦਾ ਵਿਸ਼ਲੇਸ਼ਣ ਕਰਦਿਆਂ ਠੀਕ ਹੀ ਕਿਹਾ ਹੈ, "ਮੈਂ ਅਜੇ ਗੀਤ ਨਹੀਂ ਲਿਖਾਂਗਾ, ਅਜੇ ਤਾਂ ਮੇਰੇ ਬੋਲ ਜੰਮ ਜਾਂਦੇ ਹਨ ਹਵਾ ਵਿਚ ਧੁੰਦ ਜਿਹੀ ਬਣ ਕੇ।" 'ਖੁਲ੍ਹੇ ਜੰਗਲੇ ਦਾ ਸ਼ੇਰ' ਕਹਾਣੀ ਵਿਚ ਪੂੰਜੀਵਾਦੀ ਸਮਾਜ ਵਿਚ ਨਿਘਰੇ ਹੋਏ ਅਦਾਲਤੀ ਢਾਂਚੇ ਦੇ ਕਾਰਣ ਨਿਆਂ ਵਿਚ ਦੇਰ ਅਤੇ ਪੁਲੀਸ ਦੇ ਵਹਿਸ਼ੀ ਕਿਰਦਾਰ ਨੂੰ ਵਧੀਆ ਢੰਗ ਨਾਲ ਬਿਆਨਿਆ ਗਿਆ ਹੈ। ਗੈਰ-ਜਥੇਬੰਦਕ ਇਕੱਲੇ ਕਿਸਾਨ ਦਾ ਜਗੀਰਦਾਰ ਦੇ ਹਥਿਆਰਬੰਦ ਪਾਲਤੂ ਗੁੰਡਿਆਂ ਤੋਂ ਬਚ ਨਿਕਲਣ ਅਤੇ ਆਪਣੀ ਜ਼ਮੀਨ ਨੂੰ ਜਿਵੇਂ ਦਾ ਤਿਵੇਂ ਉਹਦੇ ਕਬਜ਼ੇ ਵਿਚ ਰਹਿਣ ਦੇਣ ਦੀ ਨਿਰਾਸਤਾ ਦੇ ਯਥਾਰਥ ਨੂੰ ਪੂਰੀ ਸ਼ਿੱਦਤ ਨਾਲ ਕਲਮਬੱਧ ਕੀਤਾ ਗਿਆ ਹੈ।

ਤੁਸੀਂ 'ਸਮਤਾ' ਦੇ ਕਿਸੇ ਪਿਛਲੇ ਅੰਕ ਵਿਚ 'ਪੰਜਾਬ ਦੇ ਹਰੀਜਨ' ਲੇਖ ਲਾਇਆ ਸੀ ਜਿਸ ਵਿਚ ਪੰਜਾਬ ਦੇ ਹਰੀਜਨਾਂ ਦੀ ਸਮਾਜਕ ਅਤੇ ਆਰਥਕ ਸਥਿਤੀ ਬਾਰੇ ਦੱਸਿਆ ਗਿਆ ਸੀ। ਹਰੀਜਨਾਂ ਬਾਰੇ ਇਹ ਲੇਖ ਪੜ੍ਹ ਕੇ ਮੈਂ ਇੰਨਾ ਹਲੂਣਿਆ ਨਹੀਂ ਸੀ ਗਿਆ ਜਿੰਨਾ ਕਿ ਇਸ ਬਾਰ ਇਕ ਹਰੀਜਨ ਵੀਰ ਦਾ ਖਤ ਪੜ੍ਹ ਕੇ ਹੋਇਆ ਹਾਂ। ਇਹ ਖ਼ਤ ਪੜ੍ਹ ਕੇ ਸਾਨੂੰ ਭਾਰਤ ਦੀ ਕਮਿਉਨਿਸਟ ਲਹਿਰ ਦੀਆਂ ਪ੍ਰਾਪਤੀਆਂ ਅਤੇ ਸੀਮਤਾਵਾਂ ਬਾਰੇ ਬੜਾ ਗਹਿਰਾ ਅਹਿਸਾਸ ਹੁੰਦਾ ਹੈ।

ਇਹ ਤਾਂ ਦਰੁਸਤ ਹੈ ਕਿ ਭਾਰਤ ਦੇ ਅਰਧ-ਜਗੀਰੂ ਸਮਾਜਕ ਢਾਂਚੇ ਅੰਦਰ ਆਰਥਕਤਾ ਦਾ ਪੂਰਾ ਸਨਅਤੀ-ਕਰਣ (ਪੂੰਜੀਵਾਦ) ਨਾ ਹੋਣ ਕਰਕੇ ਇਥੇ ਜ਼ਾਤ-ਪਾਤ ਦੇ ਰੂੜੀਵਾਦੀ ਸੰਸਕਾਰਾਂ ਨੂੰ ਕੋਈ ਗਹਿਰੀ ਸੱਟ ਨਹੀਂ ਵੱਜੀ ਜਿਹੜੀ ਵੱਜਣੀ ਚਾਹੀਦੀ ਸੀ ਸਮਾਜ ਵਿਚ ਪਿਛਾਂਹ-ਖਿਚੂ ਰਵਾਇਤਾਂ ਅਤੇ ਜਗੀਰੂ ਰਿਸ਼ਤਿਆਂ ਦੀ ਜਕੜ ਨੇ ਸਾਡੀਆਂ ਇਛਾਵਾਂ ਅਤੇ ਅਧਿਕਾਰਾਂ ਦਾ ਦਾਇਰਾ ਇਨਾ ਸੀਮਤ ਕਰ ਰਖਿਆ ਹੈ ਕਿ ਕੋਈ ਕਮਿਊਨਿਸਟ ਲੜਕਾ ਜਾਂ ਲੜਕੀ ਚਾਹੁੰਦੇ ਹੋਏ ਵੀ ਕਿਸੇ ਹਰੀਜਨ ਲੜਕੇ ਜਾਂ ਲੜਕੀ ਨਾਲ ਵਿਆਹ ਕਰਵਾਉਣ ਦਾ ਖਤਰਾ ਮੁਲ ਨਹੀਂ ਲੈਂਦਾ। ਸੋ ਇਥੇ ਕਮਿਊਨਿਸਟ ਵੀ ਮਜ਼ਬੂਰ ਹੋ ਕੇ ਰਹਿ ਗਏ ਹਨ। ਗੈਰ-ਹਰੀਜਨ ਕਮਿਊਨਿਸਟਾਂ ਵਲੋਂ ਹਰੀਜਨਾਂ ਨਾਲ ਵਿਆਹ ਦੇ ਰਿਸ਼ਤੇ ਕਾਇਮ ਕਰਨ ਦੀ ਗੱਲ ਹੀ ਛਡੋ ਅਜੇ ਤਾਂ ਅੰਤਰ-ਜਾਤੀ ਵਿਆਹ ਕਰਵਾਉਣੇ ਵੀ ਇਕ ਗੰਭੀਰ ਮਸਲਾ ਬਣਿਆ ਹੋਇਆ ਹੈ। ਜੇ ਕਿਤੇ ਕੋਈ ਗੈਰ-ਹਰੀਜਨ ਜਾਤੀ ਦਾ ਕਮਿਊਨਿਸਟ ਲੜਕਾ ਜਾਂ ਲੜਕੀ ਕਿਸੇ ਹਰੀਜਨ ਨਾਲ ਸ਼ਾਦੀ ਕਰਵਾ ਵੀ ਲਵੇ ਤਾਂ

ਉਸਨੂੰ ਬਾਕੀ ਦਾ ਸਮਾਜ ਅਤੇ ਸਰੀਕਾ ਭਾਈਚਾਰਾ ਉਹਦਾ ਸਮਾਜਕ ਬਾਈਕਾਟ ਕਰਕੇ ਉਹਨੂੰ ਬਿਲਕੁਲ ਇਕੱਲਿਆਂ ਛੱਡ ਦੇਵੇਗਾ । ਫਿਰ ਇਸ ਤਰ੍ਹਾਂ ਇਕਲਾ ਵਿਵਾਹਤ ਜੋੜਾ ਜਾਵੇ ਤਾਂ ਕਿਥੇ ਜਾਵੇ । ਇਸ ਲਈ ਸਮਾਜ ਵਿਚ ਸਮਾਜਵਾਦੀ ਢਾਂਚਾ ਸਥਾਪਤ ਹੋਣ ਪਿਛੋਂ ਸਮਾਜ ਵਿਚ ਬੁਨਿਆਦੀ ਗੁਣਾਤਮ ਤਬਦੀਲੀ ਆਉਣ ਨਾਲ ਹੀ ਸਮਾਜਕ ਵਿਤਕਰੇ ਅਤੇ ਭੇਦ-ਭਾਵ ਇੰਨੇ ਘਟ ਹੋਣਗੇ ਜਾਂ ਕਿਸੇ ਹੱਦ ਤਕ ਖਤਮ ਹੋ ਜਾਣਗੇ—ਇਹ ਫਿਰ ਹੀ ਸੰਭਵ ਹੋਵੇਗਾ ਕਿ ਕੋਈ ਵੀ ਵਿਅਕਤੀ ਕਿਸੇ ਵੀ ਜਾਤੀ ਦੇ ਵਿਅਕਤੀ ਨਾਲ ਵਿਆਹ ਕਰਵਾਉਣ ਤੋਂ ਝਿਜਕੇਗਾ ਨਹੀਂ । ਸਮਾਜਵਾਦੀ ਚੇਤਨਾ ਦੇ ਸੰਚਾਰ ਅਤੇ ਪਸਾਰ ਨੇ ਇਹ ਸਮਾਜਕ ਵਿਤਕਰੇ ਕਾਫੀ ਹੱਦ ਤਕ ਘਟਾਏ ਹਨ ਪਰ ਬੁਨਿਆਦੀ ਤੌਰ ਤੇ ਅਜੇ ਕੋਈ ਗੁਣਾਤਮ ਤਬਦੀਲੀ ਨਹੀਂ ਆਈ । ਸਮਤਾ ਵਲੋਂ ਪੰਜਾਬੀ ਸਾਹਿਤ ਵਿਚ ਗੱਲ ਅਗੇ ਤੁਰਦੀ ਹੈ, ਮਸਲੇ ਦੇ ਸਬੰਧ ਵਿਚ ਇਸ ਵਾਰ ਸੇਧ ਵਿਚ ਗੁਰਬਚਨ ਦਾ ਲੇਖ ਵੀ ਪੜ੍ਹਿਆ ਹੈ । ਪਰ ਐਵੇਂ ਠੇਠ ਸ਼ਬਦਾਵਲੀ ਰਾਹੀਂ ਵਿਦਵਤਾ ਦਾ ਪ੍ਰਗਟਾਅ ਕਰਨ ਦੀ ਅਸਫਲ ਕੋਸ਼ਸ਼ ਹੈ । ਸਾਧਾਰਨ ਮਸਲਿਆਂ ਨੂੰ ਵੀ ਬੜਾ ਉਲਝਾਕੇ ਪੇਸ਼ ਕੀਤਾ ਗਿਆ ਹੈ ।

—ਗੁਰਬਖਸ਼ ਜੱਸ

## 7. ਸਮਤਾ ਦੇ ਮੈਟਰ ਬਾਰੇ

ਮੈਂ ਸਮਤਾ ਦਾ ਸ਼ੁਰੂ ਦਾ ਹੀ ਪਾਠਕ ਹਾਂ — ਇਸ ਵਿਚ ਕਦੇ ਕਦੇ ਚੰਗੇ ਅਨੁਵਾਦ ਪੜ੍ਹਨ ਲਈ ਮਿਲ ਜਾਂਦੇ ਹਨ ਤੇ ਨਾਲ ਹੀ ਨਕਸਲਵਾਦੀਆਂ ਦੇ ਸਾਰੇ ਗਰੁਪਾਂ ਨਾਲ ਸਬੰਧਤ ਲੇਖਕਾਂ ਦੀਆਂ ਸਾਹਿੱਤਕ ਲਿਖਤਾਂ ਇਕੋ ਥਾਂ ਇਕੱਠੀਆਂ ਹੀ ਪੜ੍ਹਨ ਲਈ ਮਿਲ ਜਾਂਦੀਆਂ ਹਨ — ਪਰ ਪਰਚਾ ਪਹਿਲੇ ਅੰਕ ਵਾਲੀ ਗੰਭੀਰ ਸੁਰ ਨੂੰ ਕਾਇਮ ਨਹੀਂ ਰੱਖ ਸਕਿਆ ਤੇ ਹੁਣ ਲੱਗਦਾ ਹੈ ਕਿ ਤੁਸੀਂ ਇਕੱਲੇ ਸਾਰੇ ਮੋਰਚਿਆਂ ਨੂੰ ਸੰਭਾਲ ਲਿਆ ਹੈ । ਉਹ ਤੁਹਾਡਾ ਸੰਪਾਦਕੀ ਮੰਡਲ ਕਿਧਰ ਗਿਆ — ਅਮਰਜੀਤ ਚੰਦਨ, ਸਾਗਰ, ਹਾਂਸ, ਸਭ ਪਾਸੇ ਹੋ ਗਏ ਹਨ ਤੇ ਹੁਣ ਇਹ ਪਰਚਾ ਦਿਨੋ-ਦਿਨ ਤੁਹਾਡੇ ਲਈ ਵਾਰਤਕ ਲਿਖਣ ਦਾ ਅਭਿਆਸ-ਮਾਤਰ ਹੀ ਬਣਦਾ ਜਾ ਰਿਹਾ ਹੈ ।

ਮੈਂ ਸਿਰਜਣ (ਮਾਰਚ 81) ਵਿਚ ਤੁਹਾਡੀ ਭਾਵੁਕ ਪਹੁੰਚ ਬਾਰੇ ਇਕ ਵਾਕ ਲਿਖਿਆ ਸੀ, ਜਿਸ ਨੂੰ ਪੜ੍ਹ ਕੇ ਤੁਸੀਂ ਵਧੇਰੇ ਹੀ ਭਾਵੁਕ ਹੋ ਗਏ ਤੇ ਤੁਸੀਂ ਮੇਰੇ ਬਾਰੇ ਗਲਤ-ਬਿਆਨੀਆਂ ਦੀ ਸੂਚੀ ਦੱਸਦੇ ਕਿਤੇ ਦੇ ਕਿਤੇ ਨਿਕਲ ਗਏ ਤੇ ਸਿਰਫ ਇਸ ਨੋਟ ਦੇ ਅਖੀਰ ਤੇ ਜਾ ਕੇ ਹੀ ਆਪ ਨੂੰ ਪਤਾ ਲੱਗਾ ਕਿ ਮੈਂ ਵੀ "ਸੁਹਿਰਦ ਸੰਗਰਾਮੀਆ" ਹਾਂ ।

ਭਾਵਕਤਾ ਵੱਸ ਹੀ ਕੌੜ — ਕਿੜ ਤੇ ਕੋਹੜ ਦੇ ਤੁਹਾਡੇ ਲਈ ਇਕੋ ਹੀ ਅਰਥ ਹੋ ਗਏ । ਜਿਸ ਦੀ ਪਿਛੋਂ ਤੁਹਾਨੂੰ ਤਰਦੀਦ ਕਰਨੀ ਪਈ ਹੈ । ਪਰ ਮੈਂ ਸਮਝਦਾ ਹਾਂ ਕਿ ਮੇਰੇ ਬਾਰੇ ਤੁਹਾਡੇ ਸਾਰੀ ਟਿੱਪਣੀ ਹੀ ਤਰਦੀਦ ਦੇ ਕਾਬਿਲ ਹੈ, ਕਿਉਂਕਿ ਇਸ ਵਿਚ ਇਕ-ਵੱਡਿਉਂ ਹੀ ਗਲਤ-ਬਿਆਨੀਆਂ ਹਨ । ਤੁਸਾਂ ਲਿਖਿਆ ਹੈ, "ਉਹ ਪਿਛਲੇ ਦਸਾਂ ਸਾਲਾਂ ਤੋਂ ਆਪਣੀ ਕਵਿਤਾ ਵਿਚ, ਆਪਣੇ ਹਰ ਬੋਲ ਵਿਚ, ਆਪਣੀ ਹਰ ਗੁਫਤਗੂ ਵਿਚ, ਇਹ ਕੌੜ ਹੀ ਜ਼ਾਹਰ ਕਰਦਾ ਹੈ ਭਾਵੇਂ ਉਹ ਐਮਰਜੈਂਸੀ ਦੇ ਸਿਲਸਲੇ ਵਿਚ ਜਾਂ ਟੀਚਰਾਂ ਦੇ ਅੰਦੋਲਨ ਦੇ ਸਿਲਸਲੇ ਵਿਚ ਜੇਲ੍ਹ 'ਚ ਹੋਵੇ ਜਾਂ ਕਵਿਤਾ ਰਚਣ ਦੀ ਸਥਿਤੀ ਵਿਚ ਹੋਵੇ ।"

ਮੈਂ ਨਕਸਲਵਾਦੀਆਂ ਦੀ ਗਲਤ-ਸਿਆਸੀ ਸਮਝ ਬਾਰੇ ਤਿੰਨ ਚਾਰ ਕਵਿਤਾਵਾਂ ਲਿਖੀਆਂ ਹਨ, ਪਰ ਤੁਸਾਂ ਮੇਰੀ ਕਵਿਤਾ ਬਾਰੇ ਹੀ ਹੁਕਮਨਾਮਾ ਜਾਰੀ ਕਰ ਦਿੱਤਾ ਹੈ ।

ਤੁਸੀਂ ਆਪਣੀਆਂ ਕੁਰਬਾਨੀਆਂ ਦਾ ਬੜਾ ਲੰਮਾ ਚੌੜਾ ਵੇਰਵਾ ਦਿੱਤਾ ਹੈ । ਭਾਅ ਜੀ, ਭਲਾ ਇਸ ਦੀ ਕੀ ਲੋੜ ਸੀ ਤੇ ਇਹ ਕੋਈ ਅਹਿਸਾਨ ਨਹੀਂ ਹੈ ਜਿਹੜਾ ਅਸੀਂ ਲੋਕਾਂ ਤੇ ਕਰ ਰਹੇ ਹਾਂ । ਕੁਰਬਾਨੀਆਂ ਕਰਨ ਵਾਲੇ ਗਲਾਂ ਵਿਚ ਢੋਲ ਨਹੀਂ ਪਾਏ ਫਿਰਦੇ ਹੁੰਦੇ ।

ਮੇਰਾ ਵਾਹ ਸੱਚਮੁੱਚ ਹੀ ਬੜੇ ਅਜੀਬ ਨਾਲ ਪਿਆ ਹੈ, ਜੇ ਆਗਿਆ ਹੋਵੇ ਤਾਂ ਕੁਝ ਵੇਰਵਾ ਭੇਜਾਂ । ਆਸ ਹੈ, ਤੁਸੀਂ ਮੇਰਾ ਪੱਤਰ ਸੰਪੂਰਨ ਰੂਪ ਵਿਚ ਛਾਪ ਕੇ ਧੰਨਵਾਦੀ ਬਣਾਉਗੇ ।

— ਹਰਭਜਨ ਸਿੰਘ ਹੁੰਦਲ

## 8. ਸਮਤਾ ਦੇ ਮੈਟਰ ਬਾਰੇ

ਅਪ੍ਰੈਲ 1981 ਦੇ 'ਸਮਤਾ' ਵਿਚ ਕਹਾਣੀ "ਆਪਣਾ ਦੇਸ਼" ਪੜ੍ਹੀ । ਬਹੁਤ ਹੀ ਵਧੀਆ ਕਹਾਣੀ ਲੱਗੀ । ਲੇਖਕ ਨੂੰ ਮੁਬਾਰਕਬਾਦ ।

—ਫਕੀਰ ਚੰਦ ਸ਼ੁਕਲਾ

## 9. ਵਿਰਸੇ ਬਾਰੇ

ਪਿਛਲੇ ਤੋਂ ਪਿਛਲੇ ਸਾਲ ਗੁਰੂ ਨਾਨਕ ਦੇਵ ਯੂਨੀ-ਵਰਸਿਟੀ ਅੰਮ੍ਰਿਤਸਰ ਪੜ੍ਹਦਿਆਂ, ਉਥੇ ਮੁਲਾਜ਼ਮਾਂ ਦੀ ਹੋਈ ਹੜਤਾਲ ਸਮੇਂ ਆਪ ਵਲੋਂ ਸੈਨੇਟ ਹਾਲ ਦੇ ਸਾਹਮਣੇ ਖੇਡਿਆ ਗਿਆ ਨਾਟਕ ਦੇਖਿਆ, ਜਿਸ ਵਿਚ

ਹਵੇਲੀ ਨੂੰ ਸਾਡੇ ਜ਼ਰਜ਼ਰੇ ਸਮਾਜਕ ਢਾਂਚੇ ਦਾ ਪ੍ਰਤੀਕ ਮੰਨਦੇ ਹੋਏ ਇਸ ਨੂੰ ਖੰਡਰਾਂ 'ਚ ਬਦਲ ਕੇ ਨਵੇਂ ਸਿਰਿਓਂ ਉਸਾਰੀ ਕਰਨ ਦਾ ਪੈਗਾਮ ਸੀ। ਐਸ. ਐਫ. ਆਈ. ਦੇ ਵਿਦਿਆਰਥੀ ਲੀਡਰਾਂ ਨੇ ਸਤਹੀ ਪੱਧਰ ਤੇ ਦੇਖਦਿਆਂ ਹਵੇਲੀ ਨੂੰ ਆਮ ਬਿਲਡਿੰਗ ਦਾ ਰੂਪ ਮੰਨ ਕੇ ਇਸਨੂੰ ਢਾਹੁਣਾ ਗਲਤ ਗਰਦਾਨਿਆ ਸੀ। ਉਸ ਨਾਟਕ ਤੋਂ ਬਾਅਦ ਜਨਵਰੀ 81 ਤੋਂ 'ਸਮਤਾ' ਦੀਆਂ ਲਿਖਤਾਂ ਪੜ੍ਹਣ ਨਾਲ ਆਪਦੇ ਵਿਚਾਰਾਂ ਨਾਲ ਸੰਬੰਧ ਸਥਾਪਿਤ ਹੋਇਆ।

'ਵਿਰਸੇ ਦੀ ਪਛਾਣ' ਸੰਬੰਧੀ ਬਹਿਸ ਚਲਾਉਣੀ ਸ਼ਲਾਘਾ ਯੋਗ ਉਦਮ ਹੈ। ਪਰੰਪਰਾ (ਵਿਸ਼ੇਸ਼ ਕਰ ਸਿੱਖ ਪਰੰਪਰਾ) ਦੀ ਪਰਖ ਤੇ ਪੜਚੋਲ (ਸੁਹਿਰਦਤਾ ਨਾਲ) ਕਰਕੇ ਤਰਕ ਦੀ ਕਸਵੱਟੀ ਤੇ ਪੂਰਨ ਉਤਰਦੀਆਂ ਗੱਲਾਂ ਅਪਨਾਉਣੀਆਂ ਤੇ ਨਾਕਾਰਾਤਮਕ ਪੱਖ ਤਿਆਗਣਾ ਅੱਜ ਦੀ ਪ੍ਰਮੁੱਖ ਲੋੜ ਹੈ, ਜਦੋਂ ਕਿ 'ਧਰਮ' ਨਾਂ ਦਾ ਸ਼ਬਦ ਲੋਕਾਂ ਦੀ ਤਸਵੀਰ ਵਿਚ ਇੰਨਾ ਰਚਿਆ ਹੋਇਆ ਹੈ।

ਲੋਕਾਂ ਨੂੰ ਕਿਸੇ ਮਹਾਨ ਕਾਰਜ ਲਈ ਤਿਆਰਕਰਨਾ ਦੋ ਚਾਰ ਸਾਲਾਂ ਦੀ ਗੱਲ ਨਹੀਂ ਨਾ ਹੀ ਕਿਸੇ 'ਕੱਲੇ 'ਕਹਿਰੇ ਦੇ ਵੱਸ ਦਾ ਰੋਗ ਹੈ। ਗੁਰੂ ਗੋਬਿੰਦ ਸਿੰਘ ਦੇ ਸਮੇਂ ਅਨਿਆਂ ਤੇ ਜ਼ੁਲਮ ਵਿਰੁਧ ਸਵਾ ਸਵਾ ਲੱਖ ਮੁਗਲਾਂ ਨਾਲ ਇਕ-ਇਕ ਸਿੰਘ ਲੜਾਉਣ ਦੀ ਤਿਆਰੀ ਗੁਰੂ ਨਾਨਕ ਦੇ ਵੇਲੇ ਤੋਂ ਹੀ ਅਰੰਭ ਕੀਤੀ ਗਈ ਸੀ। ਸਮੇਂ ਦੇ ਅਨੁਸਾਰ ਹਾਲਤਾਂ ਬਦਲ ਜਾਂਦੀਆਂ ਹਨ ਤੇ ਹਾਲਤਾਂ ਅਨੁਸਾਰ, ਲੋਕ-ਰੁਚੀਆਂ ਅਨੁਸਾਰ, ਲੋਕ-ਸ਼ਕਤੀ ਅਨੁਸਾਰ ਘੋਲਾਂ ਦੇ ਰੂਪ ਅਖਤਿਆਰ ਕੀਤੇ ਜਾਂਦੇ ਹਨ । ਗੁਰੂ ਨਾਨਕ ਤੋਂ ਗੁਰੂ ਨਾਨਕ ਤੋਂ ਗੁਰੂ ਅਰਜਨ ਦੇਵ ਜੀ ਤਕ ਦਾ ਸਮਾਂ ਲੋਕਾਂ ਨੂੰ ਜਥੇਬੰਦ ਤੇ ਚੇਤੰਨ ਕਰਨ ਲਈ ਪਰਚਾਰ ਤੇ ਕਲਮ ਘੋਲ ਦਾ ਸਮਾਂ ਸੀ। ਕਲਮ ਦੇ ਸਹਾਰੇ ਗੁਰੂ ਨਾਨਕ ਦੇਵ ਦੇ ਵਿਚਾਰਾਂ ਨੇ ਬਹੁਤ ਉਥਲ ਪੁਥਲ ਕੀਤੀ। ਰਾਜਨੀਤਕ ਚੇਤੰਨਤਾ ਉਨ੍ਹਾਂ ਦੀ ਰਚਨਾ ਵਿਚ ਪ੍ਰਤੱਖ ਹੈ। ਔਰਤ ਤੇ ਨੀਚਾਂ ਨੂੰ ਉਚਾ ਚੁੱਕਣਾ, ਧਾਰਮਕ ਪਾਖੰਡਾਂ ਤੇ ਚੋਟ ਕਰਨੀ, ਕਿਰਤ ਕਰਨੀ, ਵੰਡ ਛੱਕਣਾ, ਲੰਗਰ ਪ੍ਰਥਾ, ਸੰਗਤ ਪੰਗਤ ਦੀ ਪ੍ਰਥਾ ਆਦਿ ਉਸ ਜ਼ਮਾਨੇ ਦੇ ਪ੍ਰਗਤੀਸ਼ੀਲ ਕਦਮ ਸਨ। ਕਿਸੇ ਸਾਹਿ-ਤਿਕ ਕਿਰਤ ਨੂੰ ਅਸੀਂ ਉਸ ਸਮੇਂ ਨਾਲੋਂ ਵਖ ਕਰਕੇ ਨਹੀਂ ਵੇਖ ਸਕਦੇ, ਜਿਸ ਸਮੇਂ 'ਚ ਰਚਨਾ ਦਾ ਜਨਮ ਹੋਇਆ। 'ਏਤੀ ਮਾਰ ਪਈ ਕੁਰਲਾਣੈ, ਤੈਂ ਕੀ ਦਰਦ ਨਾ ਆਇਆ' ਦੀ ਰੱਬ ਨੂੰ ਵੰਗਾਰ ਰੱਬ ਵਿਰੁਧ ਬਗਾਵਤ ਹੀ ਤਾਂ ਸੀ ਪਰ ਇਹ ਕਹਿਣਾ 'ਜੋ ਤਿਸ ਭਾਵੈ ਸੋ ਥੀਆ ਨਾਨਕ ਕਿਆ ਮਾਨੁਖ' ਰਜਵਾੜਾਸ਼ਾਹੀ ਦੀ ਦੇਣ ਸੀ।

ਗੁਰੂ ਅਰਜਨ ਦੇਵ ਜੀ ਦੁਆਰਾ ਦਿੱਤੀ ਗਈ ਸ਼ਾਂਤ-ਮਈ ਕੁਰਬਾਨੀ ਦੇ ਦੌਰ ਤੋਂ ਬਾਅਦ ਸਿੱਖ ਜਥੇਬੰਦੀ ਖਾੜਕੂ ਰਾਹ ਅਖਤਿਆਰ ਕਰਦੀ ਹੈ। ਗੁਰੂ ਹਰਗੋਬਿੰਦ ਨੇ ਮੁਗਲਾਂਦੇ ਅਤਿਆਚਾਰਾਂ ਦਾ ਟਾਕਰਾ ਲੈਣ ਲਈ ਮੀਰੀ ਤੇ ਪੀਰੀ ਦੋ ਤਲਵਾਰਾਂ ਧਾਰਣ ਕਰਨਾ, ਗੁਰੂ ਗੋਬਿੰਦ ਸਿੰਘ ਦੀਆਂ ਮੈਦਾਨ-ਏ-ਜੰਗ ਵਿਚ ਲੜਾਈਆਂ ਲੜਨੀਆਂ, ਸ਼ਕਤੀ ਦੀ, ਹਥਿਆਰਾਂ ਦੀ ਪੂਜਾ ਕਰਨੀ, 'ਨਿਜਬਲ' ਨੂੰ ਪ੍ਰਮੁਖਤਾ ਦੇਵੀ, ਫੇਰ ਬੰਦਾ ਬਹਾਦਰ, ਬਾਬਾ ਦੀਪ ਸਿੰਘ, ਤਾਰੂ ਸਿੰਘ, ਬੋਤਾ ਸਿੰਘ ਆਦਿ ਅਨੇਕਾਂ ਮਹਾਨ ਸ਼ਹੀਦਾਂ ਦਾ ਅਨਿਆਂ ਵਿਰੁਧ ਲੜਦਿਆਂ ਸ਼ਹਾਦਤ ਦੇ ਜਾਮ ਪੀਣੇ ਇਸ ਦਾ ਪ੍ਰਤੱਖ ਸਬੂਤ ਹਨ।

ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਜਦ ਗੁਰੂ ਨਾਨਕ ਦੇਵ ਸ਼ਾਂਤੀ ਦੇ ਪੁੰਜ ਸਨ ਤਾਂ ਗੁਰੂ ਗੋਬਿੰਦ ਸਿੰਘ ਨੇ ਤਲਵਾਰ ਕਿਉਂ ਉਠਾਈ ? ਨਕਸਲਬਾੜੀ ਬਗਾਵਤ ਦਾ ਬੁਰੀ ਹਾਕਮ ਸਰਕਾਰ ਵਲੋਂ ਕੁਚਲ ਦੇਣ ਦਾ ਕਾਰਣ ਇਕ ਇਹ ਵੀ ਸੀ ਕਿ ਨਕਸਲਬਾੜੀ ਦੇ ਸਿਰਲੱਥ ਯੋਧਿਆਂ ਨੇ ਲੋਕਾਂ ਨੂੰ ਪੂਰੀ ਤਰ੍ਹਾਂ ਚੇਤੰਨ ਕਰਨ ਤੋਂ ਪਹਿਲਾਂ ਹਥਿਆਰ ਬੰਦ ਬਗਾਵਤ ਸ਼ੁਰੂ ਕਰ ਦਿੱਤੀ। ਸਿੱਟੇ ਵਜੋਂ ਇਨਕਲਾਬੀ ਲਹਿਰ ਨੂੰ ਬਹੁਤ ਘਾਟਾ ਪਿਆ। ਪਰ ਗੁਰੂ ਗੋਬਿੰਦ ਸਿੰਘ ਦੇ ਸਮੇਂ ਤਕ ਹਾਲਤਾਂ ਇਥੋਂ ਤਕ ਅਨੁਕੂਲ ਸਨ ਤੇ ਲੋਕ ਇੰਨੇ ਜਾਗਰਿਤ ਹੋ ਚੁਕੇ ਸਨ ਕਿ ਲੱਖਾਂ ਮੁਗਲਾਂ ਦਾ ਮੁਕਾਬਲਾ ਗਿਣਤੀ ਦੇ ਸਿੰਘ ਕਰਨ ਲਈ ਤਿਆਰ ਸਨ ਤੇ ਮੁਕਾਬਲਾ ਕੀਤਾ ਵੀ। ਨਾਲੇ 'ਜਦ ਧਿਰ ਉਪਾਵਾਂ ਦੀ ਹਾਰਦੀ ਤਾਂ ਜਾਇਜ਼ ਵਰਤੋਂ ਤਲਵਾਰ ਦੀ'।

ਕੁਰਬਾਨੀਆਂ ਦੇ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਆਪ ਦੀ ਮਿਸਾਲ ਆਪ ਹਨ ਪਰ ਪਿਛਾਂਹਖਿੱਚੂ, ਕੱਟੜ ਪੰਥੀ ਤੇ ਧਰਮ ਦੀ ਆੜ ਵਿਚ ਲੁੱਟ ਮਚਾਉਣ ਵਾਲੇ ਫਿਰਕਾਪ੍ਰਸਤ ਲੋਕ ਕੁਰਬਾਨੀਆਂ ਦਾ ਸੋਡਾ ਮਿਥਦੇ ਹੋਏ ਸਿੱਖ-ਇਤਿਹਾਸ ਦੇ ਜੜ੍ਹੀਂ ਇਹ ਕਹਿ ਕੇ ਤੇਲ ਦੇ ਰਹੇ ਨੇ 'ਗੁਰੂਆਂ ਨੇ ਤੇ ਗੁਰੂਆਂ ਦੇ ਹੋਰ ਸਿੱਖਾਂ ਨੇ ਰਹਿਤ ਮਰਿਆਦਾ ਰੱਖਣ ਲਈ ਤੇ ਕੇਸ ਨਾ ਕਟਵਾਉਣ ਲਈ ਐਡੀਆਂ ਐਡੀਆਂ ਕੁਰਬਾਨੀਆਂ ਦਿੱਤੀਆਂ ਤੇ ਤੁਸੀਂ ਵਾਲ ਕਟਵਾਈ ਫਿਰਦੇ ਹੋ। ਕਿਵੇਂ ਸਿੱਖ ਧਰਮ ਨੂੰ ਲਾਜ ਲਾਉਂਦੇ ਨੇ।"

ਇਥੇ ਇਨਕਲਾਬੀ ਜਥੇਬੰਦੀਆਂ ਨੂੰ ਦੁਨੀਆਂ ਦੇ ਸਾਹਮਣੇ ਇਹ ਸਪੱਸ਼ਟ ਕਰਨਾ ਪਵੇਗਾ ਕਿ ਸਿੱਖ ਕੁਰਬਾਨੀਆਂ ਧਰਮ ਹਿੱਤ ਨਹੀਂ ਬਲਕਿ ਅੱਤਿਆਚਾਰ, ਜ਼ੋਰ, ਜਬਰ ਤੇ ਜ਼ੁਲਮ ਵਿਰੁੱਧ ਸਨ। ਜੇ ਧਰਮ ਹਿੱਤ ਹੁੰਦੀਆਂ ਤਾਂ ਅਨੇਕਾਂ ਪਠਾਣ ਗੁਰੂ ਗੋਬਿੰਦ ਸਿੰਘ ਦਾ ਸਾਥ ਨਾ ਦਿੰਦੇ ਤੇ ਸਿੱਖ ਫੌਜ ਨੂੰ ਲੜਾਈ ਦੇ ਮੈਦਾਨ

'ਚ ਪਾਣੀ ਪਿਲਾਉਣ ਵਾਲਾ ਮਾਸ਼ਕੀ ਮੁਗਲ ਸਿਪਾਹੀਆਂ ਨੂੰ ਵੀ ਪਾਨੀ ਨਾ ਪਿਲਾਉਂਦਾ ਅਤੇ ਅਜਿਹਾ ਕਰਨ ਤੇ ਗੁਰੂ ਗੋਬਿੰਦ ਸਿੰਘ ਉਸ ਨੂੰ ਸਜ਼ਾ ਦਿੰਦੇ ਇਸ ਦੇ ਉਲਟ ਉਨ੍ਹਾਂ ਉਸ ਸਿੰਘ ਨੂੰ ਮਹਾਨ ਸਮਝਿਆ। ਗੁਰੂ ਨਾਨਕ ਦੇਵ ਜੀ ਦਾ ਜੰਞੂ ਪਾਉਣ ਤੋਂ ਇਨਕਾਰ ਕਰਨਾ ਪਰ ਗੁਰੂ ਤੇਗ ਬਹਾਦਰ ਦਾ ਜੰਞੂ ਲਈ ਸਿਰ ਕਟਵਾ ਦੇਣਾ ਇਸੇ ਗੱਲ ਦੀ ਤਸਦੀਕ ਕਰਦੇ ਹਨ।

ਸਪੱਸ਼ਟ ਹੈ ਕਿ ਸਿੱਖ ਲਹਿਰ ਨੇ ਹਰ ਅਨਿਆਂ ਤੇ ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ ਤੇ ਸਮਾਂ ਆਉਣ ਤੇ ਹਥਿਆਰਬੰਦ ਤੇ ਖਾੜਕੂ ਜਥੇਬੰਦੀ ਕਾਇਮ ਕਰਕੇ ਵੇਲੇ ਦੀ ਹਾਕਮ ਜਮਾਤ ਦਾ ਤਖਤਾ ਉਲਟਾ ਦਿੱਤਾ। ਇਥੋਂ ਤੱਕ ਸਿੱਖ-ਜਗਤ ਵਲੋਂ ਲਾਮਿਸਾਲ ਕੁਰਬਾਨੀਆਂ ਦੀ ਕਦਰ ਕਰਦੇ ਹੋਏ ਤੇ ਉਨ੍ਹਾਂ ਦੇ ਪੂਰਨਿਆਂ ਤੇ ਚੱਲਦੇ ਹੋਏ ਸਿੱਖ ਫਲਸਫੇ ਬਾਰੇ ਸਾਨੂੰ ਹੋਰ ਵੀ ਸੋਚਣਾ ਪਵੇਗਾ।

ਸਾਰੇ ਧਰਮਾਂ ਦੀ ਨਿਆਈਂ ਸਿੱਖ ਧਰਮ ਦਾ ਧੁਰਾ ਵੀ ਰੱਬ ਹੈ ਅਤੇ ਰੱਬ ਨਾਲ ਸੰਬੰਧਿਤ ਹੋਰ ਥੋਥੇ ਤੇ ਨਾਕਾਰਾਤਮਕ ਸਿਧਾਂਤ, ਜਿਵੇਂ ਮੌਤ ਦਾ ਡਰ, ਕ੍ਰਿਪਾ ਦਾ ਸਿਧਾਂਤ, ਨਰਕ ਤੇ ਸਵਰਗ ਦੀ ਗੱਲ, ਭਰੋਸਾ, ਦਿਆ, ਨਿਮਰਤਾ, ਰਜ਼ਾ 'ਚ ਰਾਜ਼ੀ, ਵਾਹਿਗੁਰੂ ਦਾ ਹੁਕਮ ਆਦਿ ਹਨ। ਪਰ ਇਨ੍ਹਾਂ ਸਿਧਾਂਤਾਂ ਦੇ ਆਧਾਰ ਤੇ ਹੀ ਸਿੱਖ ਇਤਿਹਾਸ ਦੀਆਂ ਕੁਰਬਾਨੀਆਂ ਨੂੰ ਨਕਾਰ ਦੇਣਾ ਸ਼ਹੀਦਾਂ ਨਾਲ ਜਿਆਦਤੀ ਹੋਵੇਗੀ। ਸਾਨੂੰ ਇੰਨੀ ਖਾੜਕੂ ਜਥੇਬੰਦੀ ਦਾ ਧੁਰਾ ਰੱਬ ਹੋਣ ਦਾ ਕਾਰਣ ਖੋਜਣਾ ਪਵੇਗਾ।

ਦਰਅਸਲ, ਸਦੀਆਂ ਸਦੀਆਂ ਤੋਂ ਲੋਟੂ ਜਮਾਤਾਂ ਦਾ ਆਪਣੀ ਲੁੱਟ ਨੂੰ ਬਰਕਰਾਰ ਰੱਖਣ ਲਈ, ਆਮ ਮਨੁੱਖ ਦੇ ਦਿਮਾਗ ਵਿਚ ਚਿਤਰਿਆ ਰੱਬ ਦਾ ਚਿੱਤਰ, ਵੀਹਵੀਂ ਸਦੀ ਵਿਚ, ਜਦੋਂ ਕਿ ਇੰਨੀ ਵਿਗਿਆਨਕ ਤਰੱਕੀ ਹੋ ਗਈ ਹੈ, ਰੱਬ ਬਾਰੇ ਤਰ੍ਹਾਂ ਤਰ੍ਹਾਂ ਦੇ ਸ਼ੰਕੇ ਉਠ ਰਹੇ ਨੇ, ਮਹਾਨ ਮਾਰਕਸ ਨੇ ਸਪੱਸ਼ਟ ਰੂਪ ਵਿਚ ਰੱਬ-ਵਿਰੋਧੀ ਵਿਗਿਆਨਕ ਫਲਸਫਾ ਦੇ ਦਿੱਤਾ ਹੈ, ਹਾਲੇ ਭੀ ਨਹੀਂ ਮਿਟਿਆ, ਤੇ ਸਿੱਖ ਗੁਰੂਆਂ ਤੇ ਬਾਅਦ ਦੇ ਸ਼ਹੀਦਾਂ ਦਾ ਸਮਾਂ ਤਾਂ ਪੰਦਰਵੀਂ ਤੋਂ ਅਠਾਰਵੀਂ ਸਦੀ ਤੱਕ ਦਾ ਸੀ, ਜਦੋਂ ਕਿ ਧਾਰਮਕ ਜਿਲ੍ਹਣ ਦੀ ਦਲਦਲ 'ਚ ਫਸੀ ਜਨਤਾ ਲੁੱਟੀ ਜਾ ਰਹੀ ਸੀ, ਕੋਈ ਵਿਗਿਆਨਕ ਤਰੱਕੀ ਨਹੀਂ ਸੀ ਹੋਈ ਉਸ ਸਮੇਂ ਰਜਵਾੜਾ ਸ਼ਾਹੀ ਸਮਾਜਕ ਢਾਂਚੇ 'ਚ ਰਹਿੰਦੇ ਹੋਏ ਸਭ ਕੁਝ ਰੱਬ ਦੇ ਸਹਾਰੇ ਛਡਦੇ ਹੋਏ ਵੀ ਕਰਮਯੋਗੀ ਹੋਣ। ਉਨ੍ਹਾਂ ਦੀਆਂ ਕੁਰਬਾਨੀਆਂ ਭਰੇ ਜੀਵਨ ਤੇ ਕਿਸੇ ਵੀ ਤਰ੍ਹਾਂ ਘਟੀਆ ਅਸਰ ਨਹੀਂ ਪਾਉਂਦਾ। ਅੱਜ ਵੀ ਅਨੇਕਾਂ ਕਮਿਊਨਿਸਟ ਅਜਿਹੇ ਹਨ ਜਿਹੜੇ ਪਹਿਲਾਂ ਕੱਟੜ ਧਾਰਮਕ ਸਨ ਪਰ ਵਿਗਿਆਨਕ ਵਿਚਾਰਧਾਰਾ ਦੇ ਅਧੀਨ ਉਨ੍ਹਾਂ ਰੱਬ ਦਾ ਮਨਘੜਤ ਸੰਕਲਪ ਤਿਆ-ਗਿਆ। ਸ਼ਹੀਦ ਭਗਤ ਸਿੰਘ ਵੀ ਤਾਂ ਪਹਿਲਾਂ ਕੱਟੜ ਆਰੀਆ ਸਮਾਜੀ ਸੀ, ਪਰ ਮਾਰਕਸਵਾਦੀ ਫਲਸਫੇ ਅਧੀਨ 'ਮੈਂ ਨਾਸਤਕ ਕਿਉਂ ਹਾਂ' ਦੀ ਮਹੱਤਵਪੂਰਨ ਰਚਨਾ ਕੀਤੀ। ਸੋ ਸਿੱਖ ਗੁਰੂਆਂ ਦੇ ਸਮੇਂ ਹਾਲਤਾਂ ਹੋਰ ਸਨ। ਜਿਉਂ ਜਿਉਂ ਸਮਾਂ ਬੀਤਦਾ ਜਾ ਰਿਹਾ ਹੈ ਤੇ ਜਿਉਂ ਜਿਉਂ ਚੇਤੰਨ ਰੂਪ ਵਿਚ ਰੱਬ ਦੇ ਥੋਥੇ ਸੰਕਲਪ ਨੂੰ ਭੰਡਿਆ ਜਾ ਰਿਹਾ ਹੈ ਤਿਉਂ ਤਿਉਂ ਲੋਕ ਵੱਧ ਤੋਂ ਵੱਧ ਨਾਸਤਕ ਹੋ ਰਹੇ ਨੇ।

ਆਮ ਤੌਰ ਤੇ ਕਮਿਊਨਿਸਟ ਇਨਕਲਾਬੀਆਂ ਵਲੋਂ 'ਗੁਰੂ ਗੋਬਿੰਦ ਸਿੰਘ ਦਾ ਰਾਹ ਸਾਡਾ ਰਾਹ', 'ਬੰਦਾ ਬਹਾਦਰ ਦਾ ਰਾਹ ਸਾਡਾ ਰਾਹ' ਦਾ ਨਾਅਰਾ ਲਾਇਆ ਜਾਂਦਾ ਹੈ। ਪਰ ਇਥੇ ਸਾਨੂੰ ਸਪੱਸ਼ਟ ਕਰਨਾ ਪਵੇਗਾ ਕਿ ਕੀ ਅਸੀਂ ਗੁਰੂ ਗੋਬਿੰਦ ਸਿੰਘ ਦੀ ਰੱਬ ਦੀ ਫਿਲਾਸਫੀ ਵਿਚ ਵੀ ਯਕੀਨ ਰੱਖਦੇ ਹਾਂ, ਜਦੋਂ ਉਹ ਦੁਰਗਾ ਤੋਂ ਦੈਂਤਾਂ ਦਾ ਨਾਸ ਕਰਵਾ ਕੇ ਬਹਾਦਰੀ ਦਾ ਸਿਹਰਾ ਰੱਬ ਨੂੰ ਦਿੰਦੇ ਹਨ ਜਾਂ ਚੰਗੇ ਕੰਮਾਂ ਲਈ ਲੜਨ ਲਈ ਸ਼ਕਤੀ ਪ੍ਰਮਾਤਮਾ ਤੋਂ ਮੰਗਦੇ ਹਨ ? ਸਿੱਖ ਫਲਸਫੇ ਦੀ ਪੂਰਬਲੇ ਕਰਮਾਂ ਦਾ ਫਲ ਵਾਲੀ ਫਿਲਾਸਫੀ ਕੀ ਸਾਡੀ ਹੈ ? ਕੀ ਰੱਬ ਦੀ ਕ੍ਰਿਪਾ, ਰੱਬ ਦੀ ਮਰਜ਼ੀ ਵਰਗੇ ਥੋਥੇ ਸਿਧਾਂਤ ਵੀ ਸਾਡੇ ਰਾਹ ਦਿਸਾਊ ਹਨ ? ਕੀ ਦੁਨੀਆਂ ਨੂੰ ਨਾਸ਼ਮਾਨ ਮੰਨਦੇ ਹੋਏ ਸਭ ਕੁਝ ਪ੍ਰਮਾਤਮਾ ਦੇ ਭਰੋਸੇ ਛੱਡਣਾ ਠੀਕ ਹੈ ? ਕੀ ਤੱਤੀਆਂ ਤਵੀਆਂ ਤੇ ਬੈਠੇ ਉਬਲਦੀ ਰੇਤ ਸਿਰ ਤੇ ਪਵਾਉਂਦੇ ਹੋਏ 'ਵੀ 'ਤੇਰਾ ਕੀਆ ਮੀਠਾ ਲਾਗੈ' ਦਾ ਸੁਰ ਅਲਾਪਣ 'ਚ ਅਸੀਂ ਵਿਸ਼ਵਾਸ ਰਖਦੇ ਹਾਂ ? ਸਭ ਦਾ ਜੁਆਬ 'ਨਹੀਂ' 'ਚ ਹੋਵੇਗਾ।

ਸਿੱਖ-ਲਹਿਰ ਵਲੋਂ ਅਨਿਆਂ ਤੇ ਜ਼ੁਲਮ ਵਿਰੁੱਧ ਦਿੱਤੀਆਂ ਗਈਆਂ ਸ਼ਹਾਦਤਾਂ, ਬਹਾਦਰੀ, ਦਲੇਰੀ, ਦ੍ਰਿੜਤਾ ਤੇ ਅਨਿਆਂ ਵਿਰੁੱਧ ਡਟਣ ਲਈ ਸਾਡੀ ਪ੍ਰੇਰਨਾ ਦਾ ਸਰੋਤ ਹਨ। ਪਰ ਪਰੰਪਰਾ ਦੀ ਹੂ-ਬਹੂ ਨਕਲ ਗੁਮਰਾਹ ਕਰੂ ਹੋਵੇਗੀ ਤੇ ਇਨਕਲਾਬ ਦੇ ਰਾਹ 'ਚ ਰੋੜਾ ਬਣੇਗੀ।

ਇਨਕਲਾਬੀ ਸ਼ੁਭ ਇਛਾਵਾਂ ਨਾਲ,

ਨਿਰਮਲ ਕੌਰ

ਸਿਰਸਾ

## 10. ਜ਼ਾਤ ਕੁਜ਼ਾਤ ਦਾ ਮਸਲਾ

ਵੀਰ ਗੁਰਨਾਮ,

ਜੋ ਸਮੱਸਿਆ ਤੂੰ ਛੇੜੀ ਹੈ, ਨਵੀਂ ਨਹੀਂ ਤੇ ਨਾ ਹੀ ਇਸਦਾ ਦਰਦ ਨਵਾਂ। ਬਨਾਰਸ ਦੇ ਘਾਟ ਤੇ ਖੜ੍ਹ ਕੇ ਬ੍ਰਾਮਣਵਾਦ ਨੂੰ ਗਾਲ੍ਹਾਂ ਕੱਢਣ ਵਾਲੇ ਯੁਗ-ਪੁਰਸ਼ ਕਬੀਰ ਵਰਗੇ ਸਮਾਜਕ ਅਖ਼ਲਾਕ (ਬਾਕੀ ਮੈਂ ਕੋਈ ਗੱਲ ਨਹੀਂ ਛੁਹ ਰਿਹਾ) ਦਾ ਆਦਮੀ ਸਾਡੀ ਕਿਸੇ ਕਾਮਰੇਡ-ਜਮਾਤ ਵਿੱਚ ਨਿੱਤਰਦਾ ਨਹੀਂ ਦੇਖਿਆ। ਇਸਦੀ ਜੜ੍ਹ ਕਬੀਰ ਵਰਗਾ ਬੰਦਾ ਨਾ ਰੋਕ ਸਕਿਆ, ਕਾਮਰੇਡਾਂ ਨੂੰ ਕਾਹਦਾ ਮਿਹਣਾ ! ਪਰ ਮੈਂ ਤੈਨੂੰ ਮਿਹਣਾ ਜ਼ਰੂਰ ਦਿਆਂਗਾ ਕਿ ਜੋ ਰਾਹ ਤੂੰ ਦੱਸਿਆ ਹੈ ਉਹ ਗਾਂਦੀਵਾਦ ਦੀ ਦਲਦਲ ਦਾ ਰਾਹ ਹੈ। ਅਛੂਤ ਕੁੜੀ ਕਿਉਂ ਕਿਸੇ ਕੁਲੀਨ ਘਰ ਤੋਂ ਬਹੂ ਬਨਣ ਦੀ ਭਿਖਿਆ ਮੰਗੇ ਅਤੇ ਸ: ਗੁਰਸ਼ਰਨ ਸਿੰਘ ਦੇ ਕਹਿਣ ਵਾਂਗ (ਸ਼ਬਦ ਵੱਧ ਘੱਟ ਹੋ ਸਕਦੇ ਹਨ) ਅਛੂਤ ਕੁੜੀਆਂ ਕੁਲੀਨ ਘਰਾਂ 'ਚ ਜਾ ਕੇ ਅਛੂਤ ਨਹੀਂ ਰਹਿੰਦੀਆਂ। ਨਾ ਤਾਂ ਮੁਗਲਾਂ ਦੀਆਂ ਵਿਆਹੀਆਂ ਵਰੀਆਂ ਕੁੜੀਆਂ ਨੇ ਹਿੰਦੂ ਜੰਮੇ, ਭਾਵੇਂ ਆਪ ਉਹ ਸਾਰੀ ਉਮਰ ਹਿੰਦੂ ਭਗਵਾਨਾਂ ਦੀ ਪੂਜਾ ਕਰਦੀਆਂ ਰਹੀਆਂ (ਜਹਾਂਗੀਰ ਵਰਗਾ ਕੱਟੜ ਹਿੰਦੂ ਮਾਂ ਦਾ ਪੁਤ ਸੀ) ਅਤੇ ਨਾ ਹੀ ਗਾਧੀ ਖ਼ਾਨਦਾਨ ਇਹ ਚਮਤਕਾਰ ਦਿਖਾ ਸਕਿਆ। ਲੂਣਾ ਸਲਵਾਨ ਦੇ ਘਰ ਦੀ ਰਾਣੀ ਹੋਵੇਗੀ ਪਰ ਕੋਈ ਅਛੂਤ ਮੁੰਡੇ ਨਾਲ ਵਿਆਹ ਕਰਵਾ ਕੇ ਆਪਣੀ ਵਿਦਿਆ ਦੇ ਬਲਬੋਤੇ ਵੀ ਕਿਸੇ ਇਨਕਲਾਬੀ ਤਬਦੀਲੀ ਨੂੰ ਜਨਮ ਨਹੀਂ ਦੇ ਸਕਦੀ। ਦੂਜੇ ਪਾਸੇ ਹਰਾਮਜ਼ੁਦਗੀ ਦੀ ਇਨਤਾਹ ਹੈ ਕਿ ਇਕ ਵਾਰ ਹਰੀਜਨ ਬਰੈਂਡ ਕੀਤੇ ਜਾਣ ਵਾਲੇ ਲੋਕ ਹਾਲੇ ਤਕ ਹਰੀਜਨ ਚਲੇ ਆ ਰਹੇ ਹਨ। ਚਾਹੀਦਾ ਤਾਂ ਸੀ (ਜੇਕਰ ਇਹ ਸਾਜ਼ਿਸ ਨਾ ਹੁੰਦੀ ਤਾਂ) ਕਿ ਏਨੇ ਵਰ੍ਹਿਆਂ ਬਾਅਦ ਉਹਨਾਂ ਦੇ ਨਾਲੋਂ ਇਕ ਵਿਸ਼ੇਸ਼ਨ ਟੁਟਦਾ ਤੇ ਉਹ ਮਨੁਖਤਾ ਦੀ ਪਾਲ 'ਚ ਖੜੇ ਹੁੰਦੇ। ਚੂਹੜਾ ਜਾਂ ਚਮਾਰ ਕਹਿਣ ਦੀ ਸਜ਼ਾ ਹੈ ਪਰ ਹਰੀਜਨ ਕਹਿਣ ਦੀ ਨਹੀਂ ਕੀ ਤੁਸੀਂ ਦੱਸ ਸਕੋਗੇ ਕਿ ਇਹਨਾਂ ਵਿਚ ਕੀ ਅੰਤਰ ਹੈ ਸ਼ਬਦਾਂ ਦੀ ਮਿੱਠੀ ਫੀਮ ਜਿਹੜੀ ਗਾਂਧੀਵਾਦ ਨੇ ਖੁਆਈ ਤੁਸੀਂ ਕਾਮਰੇਡਾਂ ਹੱਥੋਂ ਵੀ ਖਾਣਾ ਚਾਹੁੰਦੇ ਹੋ ? ਲੋਹੜੇ ਦੀ ਗੱਲ ਹੈ ਕਿ ਚੂਹੜਾ ਜਾਂ ਚਮਾਰ ਕਿਹਾ ਸਾਡਾ ਅੰਦਰ ਉਬਲਣ ਲੱਗ ਪੈਂਦਾ ਹੈ ਪਰ ਹਰੀਜਨ ਅਸੀਂ ਬੜੇ ਅਸੀਲ ਹੋ ਕੇ ਬਣ ਜਾਂਦੇ ਹਾਂ ਕੀ ਅਜੇਹੀ ਗੱਲ ਨਹੀਂ ਸੀ ਚਾਹੀਦੀ ਕਿ ਸਾਡਾ ਅੰਦਰ ਉਬਲਦਾ ਉਬਲਦਾ ਇਕ ਦਿਨ ਅਜੇਹਾ ਲਾਵਾ ਉਗਲੇ ਕਿ ਬ੍ਰਾਹਮਣਵਾਦ ਇਸ ਵਿਚ ਭਸਮ ਹੋ ਜਾਂਦਾ ? ਅਜੇਹੀਆਂ ਮਿਸਾਲਾਂ ਸਾਨੂੰ ਦੱਖਣ ਦੀਆਂ ਅਤੇ ਕੁਝ ਹਬਸ਼ੀ ਜਥੇਬੰਦੀਆਂ ਦੀਆਂ ਖਾੜਕੂ ਕਾਰਵਾਈਆਂ ਤੋਂ ਮਿਲ ਜਾਂਦੀਆਂ ਹਨ।

ਜਾਤੀ ਅਭਿਮਾਨ ਦੀਆਂ ਜੜ੍ਹਾਂ ਤਾਂ ਏਨੀਆਂ ਗਹਿਰੀਆਂ ਹਨ ਕਿ ਕੋਈ ਜੁਲਾਹਾ ਵੀ ਆਪਣੀ ਕੁੜੀ ਬਾਹਮਣਾਂ ਦੇ ਮੁੰਡੇ ਦੇ ਲੜ ਲਾ ਕੇ ਰਾਜੀ ਨਹੀਂ ਹੁੰਦਾ (ਚਾਹੇ ਤਾਂ ਮਿਸਾਲਾਂ ਤਾਂ ਬਹੁਤ ਮਿਲ ਜਾਂਦੀਆਂ ਹਨ)

ਸਾਡੇ ਪਿੰਡ ਸ਼ਹਿਰਾਂ ਵੱਲ ਜਾ ਰਹੇ ਹਨ। ਕਾਰਖਾਨੇ ਦਾ ਕਿਰਦਾਰ ਹੈ ਕਿ ਉਥੇ ਜ਼ਾਤ ਬਰਾਦਰੀ ਸਿਰਫ ਬਾਣੀਏ ਤੇ ਮਜ਼ਦੂਰ ਦੀ ਹੈ, ਬਾਕੀ ਗੱਲਾਂ ਬਹੁਤ ਵਾਰੀ ਫਜ਼ੂਲ ਲੱਗਣ ਲੱਗ ਪੈਂਦੀਆਂ ਹਨ ਤੁਸੀਂ ਜੇ ਪੰਜੇ ਭਰਾ ਨੌਕਰੀ ਤੇ ਲੱਗ ਗਏ ਹੋ ਤਾਂ ਕਿਉਂ ਉਮੀਦ ਕਰਦੇ ਹੋਕਿ ਤੁਹਾਨੂੰ ਬਾਕੀ ਜਮਾਤ ਤੋਂ ਵਖਰਾ ਸਮਝ ਲਿਆ ਜਾਵੇ ਜੇ ਤੁਹਾਡੀ ਇਛਾ ਅਜੇਹੀ ਹੈ ਤਾਂ ਤੁਸੀਂ ਬ੍ਰਾਹਮਣਵਾਦ ਦੀਆਂ ਜੜ੍ਹਾਂ ਪੱਕੀਆਂ ਕਰ ਰਹੇ ਹੋ। ਸਦੀਆਂ ਤੋਂ ਲਗਿਆ ਹੋਇਆ ਬਿਲਾ ਤੁਹਾਡੀ ਪੜ੍ਹਾਈ ਨਾਲ ਨਹੀਂ ਉਤਰਣ ਲਗਿਆ, ਇਸ ਲਈ ਸੰਘਰਸ਼ ਕਰਨਾ ਹੋਏਗਾ। ਤੁਹਾਡੀ ਸਲਾਹ ਤਾਂ ਡਿਗਦੇ ਕਾਮਰੇਡਾਂ ਨੂੰ ਇਕ ਹੋਰ ਠੁੰਮਣਾ ਦੇਣ ਤੇ ਉਤਰੀ ਹੋਈ ਹੈ ਤੁਸੀਂ ਕਾਮਰੇਡਾਂ ਨੂੰ ਵੀ ਕਾਂਗਰਸੀਆਂ ਦੀਆਂ ਪੈੜਾਂ ਤੇ ਚੱਲਣ ਦਾ ਆਦੇਸ਼ ਦੇ ਰਹੇ ਹੋ ਇਸ ਤਰ੍ਹਾਂ ਕਰਨ ਨਾਲ ਗੱਲ ਓਨੀ ਹੀ ਗੰਦਲੀ ਹੋ ਜਾਏਗੀ ਜਿੰਨਾ ਸਾਡਾ ਸਮਾਜਵਾਦ — ਸਮਾਜਵਾਦ ਕਾਂਗਰਸ (ਆਈ) — ਸਮਾਜਵਾਦ ਸੀ. ਪੀ. ਆਈ. — ਸਮਾਜਵਾਦ ਸੀ. ਪੀ. ਐਮ. — ਸਮਾਜਵਾਦ ਅਕਾਲੀ ਦਲ — ਸਮਾਜਵਾਦ ਜਨਸੰਘ — ਸਮਾਜਵਾਦ ... ... ।

— ਸ਼ਹਰਯਾਰ

---

ਨੋਟ—23 ਮਾਰਚ ਦੇ ਸ਼ਹੀਦਾਂ ਦੇ ਵਾਰਸ ਅਤੇ ਨੌਜਵਾਨ ਭਾਰਤ ਸਭਾ ਸਬੰਧਤ ਸੁਖਵੰਤ ਸਿੰਘ ਸੰਧੂ ਦਾ ਇਕ ਲੇਖ ਸਾਨੂੰ 'ਪਾਠਕ ਲੇਖਕ ਫੋਰਮ' ਲਈ ਮਿਲਿਆ ਹੈ, ਜੋ ਅਸੀਂ ਜੂਨ ਦੇ ਅੰਕ ਵਿਚ ਦੇ ਰਹੇ ਹਾਂ। ਇਹ ਇਕ ਵਿਸ਼ੇਸ਼ ਦਸਤਾਵੇਜ਼ ਹੈ—ਸੰਪਾਦਕ

---

ਪਾਠਕਾਂ ਅਗੇ ਬੇਨਤੀ ਕੀਤੀ ਜਾਂਦੀ ਹੈ ਕਿ 'ਪਾਠਕ ਲੇਖਕ ਫੋਰਮ' ਵਾਸਤੇ ਭੱਖਦਿਆਂ ਮਸਲਿਆਂ ਬਾਰੇ ਆਪਣੇ ਵਿਚਾਰ ਭੇਜਣ। ਸਾਨੂੰ ਛਾਪਕੇ ਖੁਸ਼ੀ ਹੋਏਗੀ/ਸੰਪਾਦਕ

---


ਭਗਤ ਸਿੰਘ ਤੇ ਸਾਥੀਆਂ ਦਾ
ਵਿਚਾਰਧਾਰਕ ਵਿਕਾਸ
ਪ੍ਰੋ: ਬਿਪਨ ਚੰਦਰ
ਮੁਲ 1 ਰੁਪਿਆ
ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ

## ਇਕ ਗੀਤ/ਬੱਲੀ ਸਿੰਘ ਚੀਮਾਂ

ਲੋਕ ਬੋਲੀ ਦੇ ਯਾਰੋ ਬੋਲੋ, ਹੁਣ ਤਾਂ ਕੋਈ ਉੱਚੇ ਬੋਲ।
ਮਾਨ ਮਰਾੜਾਂ ਵਾਲਿਆ, ਹੁਣ ਨਾ ਬੋਲੀਂ ਲੁੱਚੇ ਬੋਲ।
ਤੇਰੇ ਗੀਤਾਂ ਗੁਮਰ੍ਹਾ ਕੀਤਾ, ਪਿੰਡ ਦੀਆਂ ਮੁਟਿਆਰਾਂ ਨੂੰ।
ਪੁੱਟ ਸੁੱਟਿਆ ਗੰਦੇ ਸ਼ਬਦਾਂ, ਮੇਰੇ ਗਭਰੂ ਯਾਰਾਂ ਨੂੰ।
ਜਵਾਨੀ ਬੋਲੇਗੀ ਹੁਣ ਕੋਈ, ਪਾਕ ਪਵਿੱਤਰ ਸੁੱਚੇ ਬੋਲ।
ਮਾਨ ਮਰਾੜਾਂ ਵਾਲਿਆ......

ਤੇਰੇ ਗੀਤਾਂ ਨੂੰ ਤਾਂ ਸੁਣਕੇ, ਵੇਸਵਾ ਵੀ ਸ਼ਰਮਾਉਂਦੀ ਹੈ।
ਬਾਂਝ ਕਲਮ ਨਾ ਲਿਖਦਿਆਂ ਤੈਨੂੰ, ਰਤਾ ਸ਼ਰਮ ਨਾ ਆਉਂਦੀ ਹੈ।
ਲਿਖਣ ਖੁਣੋਂ ਕੀ ਥੁੜਿਆ, ਨਾ ਲਿਖ ਤੂੰ ਨਿਪੁੰਸਕ ਬੁਚੇ ਬੋਲ।
ਮਾਨ ਮਰਾੜਾਂ ਵਾਲਿਆ......

ਗੰਦਿਆਂ ਕੀਤਾ ਤੇਰੇ ਬੋਲਾਂ, ਪੇਂਡੂ ਪਾਕ ਹਵਾਂਵਾਂ ਨੂੰ।
ਠੰਡਿਆਂ ਕਿਵੇਂ ਕਰੀਏ ਤੇਰੇ, ਲੁੱਚੇ-ਲੰਡੇ ਚਾਂਵਾਂ ਨੂੰ।
ਗੋਰੀਆਂ ਬਾਹਵਾਂ ਨੀਂਵੀਂਆਂ ਕਰਦੇ, ਮੁੱਕੇ ਉੱਠਣ ਉੱਚੇ ਬੋਲ।
ਮਾਨ ਮਰਾੜਾਂ ਵਾਲਿਆ, ਹੁਣ ਨਾ ਬੋਲੀਂ ਲੁੱਚੇ ਬੋਲ।
ਲੋਕ ਬੋਲੀ ਦੇ ਯਾਰੋ ਬੋਲੋ, ਹੁਣ ਤਾਂ ਕੋਈ ਉੱਚੇ ਬੋਲ।
ਮਾਨ ਮਰਾੜਾਂ ਵਾਲਿਆ......

---

## ਇਕ ਗ਼ਜ਼ਲ

—ਨਿਰਮਲ ਸਿੰਘ—

ਹੱਲ ਨਹੀਂ ਹੋਇਆ ਹਾਲੇ ਮਸਲਾ ਰੋਟੀ ਦਾ।
ਭੇਤ ਖੁਲ੍ਹਿਆ ਏਸ ਜਮਹੂਰੀਅਤ ਥੋਥੀ ਦਾ।

ਜਿਹੜਾ ਝੂਠੇ ਲਾਰੇ ਲਾ ਕੇ ਵੋਟ ਵਟੋਰਦਾ,
ਪਤਾ ਚੱਲ ਗਿਆ ਉਸਦੀ ਨੀਅਤ ਖੋਟੀ ਦਾ।

ਦੇਸ਼ ਮੇਰੇ ਦਾ ਉਹ ਹੀ ਹਾਕਮ ਬਣ ਸਕਦੈ,
ਮਾਲਕ ਜਿਹੜਾ ਅਕਲ ਤੇ ਗੋਗੜ ਮੋਟੀ ਦਾ।

ਜਿਸਦੀ ਆੜ 'ਚ ਦੰਭੀ ਚਾਲਾਂ ਚਲਦਾ ਹੈ,
ਵਰਕਾ ਵਰਕਾ ਹੋਣਾ ਓਸ ਪਾਖੰਡ ਦੀ ਪੋਥੀ ਦਾ।

Post office No. P/AR—

egistred with Registrar of News Paper Vide No. MA/1/2397-D dated 14.8.80

# ਕਰਨੈਲ ਬਾਗ਼ੀ—ਇਕ ਲੋਕ-ਕਵੀ

—ਦਰਸ਼ਨ ਸਿੰਘ ਗਿੱਲ



ਜਾਬੀ ਸਾਹਿਤ ਦੀ ਤਾਰੀਖ ਵਿਚ 11 ਅਪ੍ਰੈਲ 1981 ਦੀ ਸ਼ਾਮ ਇਕ ਮਨਹੂਸ ਸ਼ਾਮ ਅੰਕਿਤ ਹੋਏਗੀ ਜਦੋਂ ਲੋਕਾਂ ਦਾ ਅਗਰਗਾਮੀ ਕਵੀ ਕਰਨੈਲ ਬਾਗ਼ੀ ਸੰਸਾਰ ਦੇ ਮੰਚ ਤੋਂ ਅਲੋਪ ਹੋ ਗਿਆ । ਉਸ ਦੀ ਮੌਤ ਵੀ ਹੈਮਿੰਗਵੇ ਤੇ ਮਾਇਕੋ-ਸ਼ੀ ਵਰਗੀ ਹੈ; ਸ਼ਾਇਰ ਤਾਂ ਹੁੰਦੇ ਹੀ ਉਪਭਾਵੁਕ ਹਨ !

ਕਰਨੈਲ ਬਾਗ਼ੀ ਨੇ ਪੰਜਾਬੀ ਸਾਹਿਤ ਜਗਤ ਨੂੰ ਹੁਣ ਤਕ ਦੋ ਕਾਵਿ-ਸੰਗ੍ਰਹਿ "ਲੋਹੇ ਦੇ ਦ" ਤੇ "ਧਰਤੀ ਲਹੂ-ਲੁਹਾਣ" ਦਿੱਤੇ ਹਨ; ਤੀਸਰਾ ਕਾਵਿ-ਸੰਗ੍ਰਹਿ "ਮੈਂ ਕਦੇ ਨੀ ਚਾਹਿਆ" ਤਿਆਰੀ ਅਧੀਨ ਸੀ, ਪਰ ਜ਼ਿੰਦਗੀ ਦਾ ਉਹ ਸਾਥ ਨਾ ਦੇ ਸਕਿਆ । ਸ਼ੀ' ਉਹਦੀ ਆਖਰੀ ਕਵਿਤਾ ਹੈ, ਜੋ 'ਸਮਤਾ' ਲਈ ਉਹਨੇ ਮੌਤ ਤੋਂ ਕੁਝ ਾਂ ਭੇਜੀ—ਸੰਪਾਦਕ)

## —ਤਾਜ਼ਪੋਸ਼ੀ—

[ਕਰਨੈਲ ਬਾਗੀ]

!! ਸੁਣੋ !!!
ਜਾ ਕੇ ਸੁਣੋ
ਵਜਾ ਕੇ ਸੁਣੋ
ੜਿਆਂ ਦਾ
ਰਿਆਂ ਦਾ
ਰਆਂ ਦੀ
ਅੰਨਿਆਂ ਨੂੰ
ਬਹਿਰਿਆਂ ਨੂੰ
ਗਿਆਂ ਨੂੰ
ਜਾਂਦਾ ਹੈ ।
ਲਾਵਤਨ ਹੋਈ
ਤਾਜ਼ਪੋਸ਼ੀ ਹੈ ।
ਰਾਜਧਾਨੀ 'ਚ
ਕੇ
ਹੈ,
ਸ਼ੀ ਵਾਸੀ
ਗਾਂ ਨੂੰ
ਨ ਕਰੇ,
ਹਿਕਣਾ
ਗੁਟਕਣਾ
ਗੀਤ
ਤੇ ਗਏ ਨੇ ।
ਬਰ' 'ਚ ਮੱਛੀ ਦੀ ਅੱਖ ਤਾਂ
ਸ਼ੀ ਐਰਾ-ਗੈਰਾ ਵਿੰਨ੍ਹ ਸਕਦਾ ਹੈ

ਇਸ ਸ਼ਾਹੀ ਜਸ਼ਨ ਦੇ ਮੌਕੇ
ਮਹਾਰਾਣੀ ਦੇ ਜ਼ਾਲਮ-ਸੈਨਾਪਤੀ
ਕੈਦੀਆਂ ਦੀਆਂ ਅੱਖਾਂ ਵਿੰਨ੍ਹ ਕੇ
ਚੋਰ-ਬਾਜ਼ਾਰੀ ਦੀ ਤਸਤਰੀ 'ਚ
ਨਜ਼ਰਾਨਾ ਭੇਟ ਕਰਨਗੇ ।
ਮਹਾਰਾਣੀ ਦੇ ਜਟਾ-ਜੂਟ ਮੰਤਰੀ ਜੀ
ਮਾਰੇ ਗਿਆਂ ਦੀ ਆਤਮਿਕ ਸ਼ਾਂਤੀ ਲਈ
ਪੰਜਾਂ ਪੌੜੀਆਂ ਦਾ ਪਾਠ ਪੜ੍ਹਣਗੇ ।
ਗਰੀਬ-ਗੁਰਬੇ ਲਈ ਸ਼ਾਹੀ ਮਹਿਲ ਦਾ
ਦਰਵਾਜ਼ਾ ਖੋਲਿਆ ਜਾਵੇਗਾ
ਮਹਾਰਾਣੀ ਜੀ ਆਪਣੇ ਕਰਕਮਲਾਂ ਨਾਲ
ਫੱਗੂ ਚੂਹੜੇ ਦੀ ਹਿੱਕ ਤੇ
ਮਜ਼ਬੀ ਸਿੰਘ ਦਾ ਤਗਮਾ ਲਾਉਣਗੇ
ਸੰਤਰਾ ਭੰਗਣ ਨੂੰ ਹਰੀਜਨ ਦੀ
ਡਿਗਰੀ ਪਰਦਾਨ ਕੀਤੀ ਜਾਵੇਗੀ ।
ਅਮਰੂ ਘੁਮਿਆਰ ਖੋਤੇ ਦੀ ਥਾਂ
ਪਰਜਾਪਤ ਦੇ ਟੱਟੂ ਤੇ
ਭਰੇ ਦਰਬਾਰ 'ਚ ਸਵਾਰੀ ਕਰੇਗਾ
ਇਹ ਨਾ ਸਮਝਣਾ ਪਰਜਾਤੰਤਰ 'ਚ
ਸਾਡੇ ਸ਼ਾਹੀ ਫੁਰਮਾਨ ਲਾਗੂ ਨਹੀਂ ਹੁੰਦੇ
ਮਹਾਰਾਣੀ ਬਾਗੀਆਂ ਦੇ
ਸਿਰਾਂ ਦੀ ਮਾਲਾ ਪਹਿਨਦੀ ਹੈ ।
ਸੁਣੋ ! ਸੁਣੋ !! ਸੁਣੋ !!!
ਨੰਗੇ ਢਿੱਡ ਵਜਾ ਕੇ ਸੁਣੋ...
ਖਾਲੀ ਪੇਟ ਵਜਾਕੇ ਸੁਣੋ...

ਹ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ ।
ਾਈ ... ਪ੍ਰਿੰਟਿੰਗ ਪ੍ਰੈਸ, ਬਹਾਦਰ ਨਗਰ, ਅੰਮ੍ਰਿਤਸਰ ਵਿਚ ਹੋਈ । ਪ੍ਰਬੰਧਕੀ ਸਰਨਾਮਾ :
... ਅੰਮ੍ਰਿਤਸਰ—143002